Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (144) July 2026, Sydney, Phone - 0437641033 , Email - thepunjabherald1@gmail.com

www.thepunjabherald.com


ਅਖਬਾਰ ਦੇ ਸੰਪਾਦਕ ਡਾ: ਅਵਤਾਰ ਐਸ. ਸੰਘਾ ਦੇ ਛਪ ਰਹੇ ਦੋ ਕਹਾਣੀ ਸੰਗ੍ਰਹਿ: 'ਮੈਹਲਾ ਮਾਜਰਾ ਤੇ ਹੋਰ ਕਹਾਣੀਆਂ' ਤੇ 'Free Train Ride and other stories'



*The FIFA World Cup is an international association football competition among the members of this federation. The tournament has been held every four years since the inaugural tournament in 1930, with the exception of 1942 and 1946 due to World War II.*
*The 2026 FIFA World Cup runs from June 11 to July 19.*

(ਅੰਦਰ ਸੰਪਾਦਕੀ ਪੜ੍ਹੋ)



*Born in New Zealand to Punjabi parents, Sarpreet Singh played for Onehunga Sports in his youth before joining the Wellington Phoenix Academy in 2015, then making his competitive senior debut for the Wellington Phoenix in 2015. Singh was named in New Zealand's squad for the 2026 FIFA World Cup. The Punjab Herald wishes him high sounding successes in his future pursuits and congratulates him on his distinct achievements in international football events.*




SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

ਆਪਣੇ ਕਾਰੋਬਾਰ ਵਿਚ ਵਾਧਾ ਕਰਨ ਲਈ ਅੱਜ ਹੀ ਆਪਣਾ ਇਸ਼ਤਿਹਾਰ
'ਦਾ ਪੰਜਾਬ ਹੈਰਲਡ' ਵਿਚ ਛਪਵਾਉ।

ਈਮੇਲ - thepunjabherald1@gmail.com, Phone - 0437641033

ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ ੨੦ ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।




# ਮਰ ਕੇ ਵੀ ਜਿਉਂਦੇ ਨੇ ਦਾਨਿਸਮੰਦ ਲੋਕ



ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਹਰ ਬਸਰ ਇਸ ਸਚਾਈ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਹਰ ਇਕ ਬੰਦੇ ਨੂੰ ਇਕ ਨਾ ਇਕ ਦਿਨ ਮੌਤ ਜਰੂਰ ਆਉਣੀ ਹੈ। ਇਸ ਧਰਤੀ 'ਤੇ ਕਿਸੇ ਨੇ ਵੀ ਜਿਉਂਦਾ ਨਹੀਂ ਰਹਿਣਾ। ਹਰ ਧਰਮ ਦੇ ਪੀਰ ਪੈਗੰਬਰ ਤੇ ਗ੍ਰੰਥ ਮਨੁੱਖ ਨੂੰ ਨੇਕੀ ਅਤੇ ਭਲੇ ਦੇ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ ਪਰ ਉਸ ਪ੍ਰੇਰਨਾ ਉੱਤੇ ਵਿਰਲੇ ਦਾਨਿਸਮੰਦ ਲੋਕ ਹੀ ਅਮਲ ਕਰਦੇ ਹਨ। ਉਹ ਲੋਕ ਮੌਤ ਤੋਂ ਬਾਅਦ ਭਾਵੇਂ ਸਰੀਰਕ ਤੌਰ 'ਤੇ ਇਸ ਦੁਨੀਆ 'ਚ ਨਹੀਂ ਰਹਿੰਦੇ ਪਰ ਉਹ ਫਰਿਸਤਿਆਂ ਵਰਗੇ ਲੋਕ ਆਪਣੇ ਨੇਕ ਅਤੇ ਭਲੇ ਦੇ ਕੀਤੇ ਗਏ ਕੰਮਾਂ ਕਾਰਨ ਲੋਕਾਂ 'ਚ ਜਿਉਂਦੇ ਰਹਿੰਦੇ ਹਨ।

ਉਹ ਦੁਨੀਆ ਦੇ ਲੋਕਾਂ ਲਈ ਪ੍ਰੇਰਨਾ ਦੇ ਸ੍ਰੋਤ ਬਣੇ ਰਹਿੰਦੇ ਹਨ। ਉਨ੍ਹਾਂ ਦੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ। ਉਹ ਅਮਰ ਹੋ ਜਾਂਦੇ ਹਨ। ਉਨ੍ਹਾਂ ਦੀਆਂ ਬਰਸੀਆਂ ਮਨਾਈਆਂ ਜਾਂਦੀਆਂ ਹਨ। ਦੇਵਤਿਆਂ ਵਰਗੇ ਉਨ੍ਹਾਂ ਲੋਕਾਂ 'ਚੋਂ 'ਅਰਥ ਸੇਵੀਅਰ' ਨਾਂ ਦੀ ਇੱਕ ਸੰਸਥਾ ਚਲਾਉਣ ਵਾਲੇ ਰਵੀ ਕਾਲੜਾ ਦੀ ਜਿੰਦਗੀ ਦੀ ਕਹਾਣੀ ਬਹੁਤ ਹੀ ਪ੍ਰੇਰਨਾਦਾਇਕ ਹੈ। ਉਹ ਆਪਣੀ ਜਿੰਦਗੀ ਦੀ ਦਾਸਤਾਨ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮੈਂ ਆਪਣੇ ਵਿਦਿਆਥੀ ਜੀਵਨ 'ਚ ਆਪਣੇ ਸਕੂਲ ਦੇ ਗਰੀਬ ਬੱਚਿਆਂ ਨੂੰ ਜਦੋਂ ਆਪਣੇ ਘਰ ਤੋਂ ਬਿਨਾ ਨਾਸਤਾ ਕੀਤੇ ਸਕੂਲ ਆਇਆ ਹੋਇਆ ਵੇਖਦਾ ਸਾਂ ਤਾਂ ਮੈਂ ਉਨ੍ਹਾਂ ਨੂੰ ਆਪਣਾ ਖਾਣੇ ਦਾ ਡਿੱਬਾ ਦੇ ਦਿੰਦਾ ਸਾਂ। ਮਾਂ ਦੇ ਨਾਲ ਹਰ ਐਤਵਾਰ ਨੂੰ ਗਰੀਬ ਲੋਕਾਂ ਲਈ ਖਾਣਾ ਲੈਕੇ ਜਾਣ ਦੇ ਸੰਸਕਾਰਾਂ ਨੇ ਮੇਰੇ ਮਨ ਅੰਦਰ ਦੂਜਿਆਂ ਲਈ ਜਿਊਣ ਦੀ ਭਾਵਨਾ ਪੈਦਾ ਕਰ ਦਿੱਤੀ ਸੀ। ਪਿਤਾ ਜੀ ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਕਮਾਂਡੋ ਸਨ।

ਪੜ੍ਹ ਲਿਖ ਕੇ ਇਕ ਸਰਕਾਰੀ ਵਿਭਗ 'ਚ ਚੰਗੀ ਨੌਕਰੀ ਲੱਗ ਗਈ ਸੀ। ਵਿਆਹ ਤੋਂ ਬਾਅਦ ਦੋ ਬੱਚੇ ਵੀ ਹੋ ਗਏ ਸਨ ਪਰ ਇਕ ਦਿਨ ਆਪਣੀ ਕਾਰ 'ਚ ਜਾਂਦਿਆਂ ਮੇਰੀ ਨਜਰ ਸੜਕ 'ਤੇ ਭੁੱਖ ਕਾਰਨ ਕਚਰਾ ਖਾਂਦੇ ਹੋਏ ਇਕ ਛੋਟੇ ਜਿਹੇ ਬੱਚੇ 'ਤੇ ਪਈ। ਬਹੁਤ ਦੁਖੀ ਮਨ ਨਾਲ ਮੈਂ ਉਸ ਬੱਚੇ ਨੂੰ ਆਪਣੇ ਘਰ ਲੈ ਆਇਆਂ। ਉਸ ਦਿਨ ਤੋਂ ਹੀ ਆਪਣਾ ਸਾਰਾ ਕੁਝ ਦੀਨ ਦੁਖੀਆਂ ਦੀ ਸੇਵਾ ਕਰਨ ਦੇ ਲੇਖੇ ਲਾਉਣਾ ਦਾ ਮਨ ਬਣਾ ਲਿਆ। ਸੜਕਾਂ ਤੋਂ ਲਵਾਰਿਸ ਬੱਚਿਆਂ, ਬਜੁਰਗਾਂ, ਬਿਮਾਰਾਂ ਅਤੇ ਔਲਾਦ ਵੱਲੋਂ ਘਰਾਂ ਤੋਂ ਕੱਢੇ ਗਏ ਆਪਣੇ ਮਾਂ-ਬਾਪ ਨੂੰ ਆਪਣੇ ਕੋਲ ਲਿਆ ਕੇ ਉਨ੍ਹਾਂ ਦੀ ਸੇਵਾ ਕਰਨ ਨੂੰ ਜਿੰਦਗੀ ਦਾ ਮਿਸਨ ਬਣਾ ਲਿਆ।

ਕਹਿੰਦੇ ਨੇ ਕਿ ਸਵਾਰਥ ਰਹਿਤ ਨੇਕ ਕੰਮ ਕਰਨ ਦੇ ਰਾਹ 'ਚ ਔਕੜਾਂ ਵੀ ਬਹੁਤ ਆਉਂਦੀਆਂ ਹਨ ਪਰ ਸਵਾਮੀ ਵਿਵੇਕਾਨੰਦ ਦਾ ਕਥਨ ਹੈ ਕਿ ਚੰਗੇ ਕੰਮ ਕਰਨ ਸਮੇਂ ਲੋਕ ਪਹਿਲਾਂ ਤੁਹਾਡੀ ਆਲੋਚਨਾ ਕਰਦੇ ਹਨ ਫੇਰ ਵਿਰੋਧ ਕਰਦੇ ਹਨ ਪਰ ਬਾਅਦ 'ਚ ਤੁਹਾਡੇ ਨਾਲ ਤੁਰ ਪੈਂਦੇ ਹਨ। ਮੇਰੇ ਨਾਲ ਵੀ ਕੁਝ ਇਹੋ ਜਿਹਾ ਹੀ ਵਾਪਰਿਆ। ਪਤਨੀ ਨੇ ਸਰਕਾਰੀ ਨੌਕਰੀ ਛੱਡ ਕੇ ਸਮਾਜ ਦੇ ਲੋੜਵੰਦ ਲੋਕਾਂ ਦੇ ਲਈ ਆਪਣੀ ਜਿੰਦਗੀ ਲਗਾਉਣ ਦਾ ਵਿਰੋਧ ਕੀਤਾ। ਇਕ ਦਿਨ ਉਹ ਬੱਚੇ ਲੈਕੇ ਮੈਨੂੰ ਛੱਡ ਕੇ ਚਲੀ ਗਈ। ਮਾਤਾ ਪਿਤਾ ਨੇ ਵੀ ਕੁਝ ਸਮਾਂ ਮੈਨੂੰ ਰੋਕਣ ਦਾ ਯਤਨ ਕੀਤਾ ਪਰ ਮੈਂ ਆਪਣੇ ਮਿਸਨ 'ਚ ਲੱਗਾ ਰਿਹਾ। ਉਸ ਤੋਂ ਬਾਅਦ ਮੇਰੇ ਵਾਸਤੇ ਇਨ੍ਹਾਂ ਲੋਕਾਂ ਲਈ ਕੰਮ ਕਰਨਾ ਹੋਰ ਵੀ ਸੌਖਾ ਹੋ ਗਿਆ। ਮੈਂ ਦਿਨ ਰਾਤ ਸੇਵਾ 'ਚ ਲੱਗਾ ਰਹਿੰਦਾ। ਮੈਂ ਸੜਕਾਂ 'ਤੇ ਪਈਆਂ ਅਤੇ ਪੁਲਿਸ ਵੱਲੋਂ ਦਿੱਤੀਆਂ ਜਾਣ ਵਾਲੀਆਂ ਲਵਾਰਿਸ ਲਾਸਾਂ ਦਾ ਦਾਹ ਸਸਕਾਰ ਵੀ ਕਰਨ ਲੱਗ ਪਿਆ।

ਉਹ ਭਾਵੁਕ ਹੋਕੇ ਆਪਣਾ ਅਨੁਭਵ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਮੈਂ ਜਿੰਦਗੀ 'ਚ ਕਦੇ ਸੋਚਿਆ ਵੀ ਨਹੀਂ ਸੀ ਕਿ ਔਲਾਦ ਆਪਣੇ ਮਾਪਿਆਂ ਨਾਲ ਇਹੋ ਜਿਹਾ ਭੈੜਾ ਵਰਤਾਓ ਵੀ ਕਰ ਸਕਦੀ ਹੈ। ਬੱਚੇ ਆਪਣੇ ਬੇਬਸ ਮਾਪਿਆਂ ਨੂੰ ਉਨ੍ਹਾਂ ਦੀ ਸੰਸਥਾ ਦੇ ਦਰਵਾਜੇ ਅੱਗੇ ਛੱਡ ਜਾਂਦੇ ਹਨ। ਫੁੱਟਪਾਥਾਂ, ਮੰਦਰਾਂ, ਗਿਰਜਾਘਰਾਂ, ਸੜਕਾਂ, ਬੱਸ ਅੱਡਿਆਂ, ਰੇਲਵੇ ਸਟੇਸਨਾਂ 'ਤੇ ਜਨਤਕ ਸਥਾਨਾਂ 'ਤੇ ਮਰਨ ਲਈ ਛੱਡ ਜਾਂਦੇ ਹਨ। ਮੈਂ ਉਨ੍ਹਾਂ ਨੂੰ ਆਪਣੇ ਕੋਲ ਲੈ ਆਉਂਦਾ। ਆਪਣੀ ਆਰਥਿਕ ਸਮਰਥਾ ਅਨੁਸਾਰ ਉਨ੍ਹਾਂ ਦੀ ਹਰ ਪੱਖੋਂ ਦੇਖ ਭਾਲ ਕਰਦਾ। ਮੈਨੂੰ ਇਸ ਗੱਲ ਦੀ ਖੁਸੀ ਹੈ ਕਿ ਇਸ ਦੁਨੀਆ 'ਚ ਨੇਕ ਅਤੇ ਰਹਿਮਦਿਲ ਇਨਸਾਨ ਵੀ ਬਹੁਤ ਹਨ। ਹੋਲੀ-ਹੋਲੀ ਅਨੇਕਾਂ ਦਾਨਿਸਮੰਦ ਲੋਕ ਮੇਰੇ ਨਾਲ ਜੁੜਕੇ ਇਸ ਭਲੇ ਦੇ ਕੰਮ 'ਚ ਆਪਣਾ ਯੋਗਦਾਨ ਪਾਉਣ ਲੱਗ ਪਏ। ਇੱਕ ਆਈਏਐੱਸ ਅਧਿਕਾਰੀ ਸੁਨੀਲ ਗੁਲਾਟੀ ਮੇਰੇ ਨਾਲ ਸੇਵਾ ਦੇ ਇਸ ਮਿਸਨ ਦੇ ਪ੍ਰਮੁੱਖ ਵਿਅਕਤੀ ਬਣ ਗਏ। ਜਿਵੇਂ-ਜਿਵੇਂ ਇਸ ਸੰਸਥਾ 'ਚ ਬਿਮਾਰਾਂ, ਲਵਾਰਿਸ ਲੋਕਾਂ, ਅਨਾਥ ਬੱਚਿਆਂ ਅਤੇ ਬੱਚਿਆਂ ਵੱਲੋਂ ਘਰਾਂ ਤੋਂ ਕੱਢੇ ਗਏ ਬਜੁਰਗਾਂ ਦੀ ਗਿਣਤੀ ਵੱਧਣ ਲੱਗੀ ਉਵੇਂ-ਉਵੇਂ ਇਨ੍ਹਾਂ ਲੋਕਾਂ ਦੀ ਸੇਵਾ ਕਰਨ ਵਾਲੇ ਦਾਨੀ 'ਤੇ ਦਾਨਿਸਮੰਦ ਇਨਸਾਨਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ।

ਇਸ ਸੰਸਥਾ ਨੂੰ ਅਰਥ ਸੇਵਿਅਰ ਫਾਊਂਡੇਸਨ ਦਾ ਨਾਂ ਦੇ ਦਿੱਤਾ ਗਿਆ। ਅੱਜ ਇਸ ਸੰਸਥਾ 'ਚ ਇਨ੍ਹਾਂ ਲੋਕਾਂ ਦੀ ਦੇਖਭਾਲ ਕਰਨ ਲਈ ਡਾਕਟਰ, ਨਰਸਾਂ, ਐਂਬੂਲੈਂਸਾਂ, ਗੱਡੀਆਂ ਅਤੇ ਹੋਰ ਕਰਮਚਾਰੀ ਹਨ। ਲੋੜਵੰਦ ਲੋਕਾਂ ਦੀ ਗਿਣਤੀ ਜਿਆਦਾ ਹੈ, ਉਨ੍ਹਾਂ ਨੂੰ ਰੱਖਣ ਲਈ ਜਗ੍ਹਾ ਘੱਟ ਹੈ, ਖਰਚ ਬਹੁਤ ਜਿਆਦਾ ਹੈ। ਖਰਚ ਅਨੁਸਾਰ ਪੈਸੇ ਦਾ ਪ੍ਰਬੰਧ ਨਹੀਂ ਹੋ ਰਿਹਾ ਪਰ ਫੇਰ ਵੀ ਸਾਡਾ ਇਹ ਮਿਸਨ ਰੁਕਣ ਵਾਲਾ ਨਹੀਂ ਹੈ। ਹੁਣ ਹਸਪਤਾਲਾਂ ਤੋਂ ਹਰ ਰੋਜ 40 ਤੋਂ 50 ਤੱਕ ਲਵਾਰਿਸ ਲਾਸਾਂ ਦਾਹ ਸਸਕਾਰ ਕਰਨ ਲਈ ਆ ਰਹੀਆਂ ਹਨ। ਬਹੁਤ ਸਾਰੇ ਬੱਚੇ ਸੰਸਥਾ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਇਸ ਨਾਲ ਜੁੜਦੇ ਜਾ ਰਹੇ ਹਨ ਅਤੇ ਆਪਣੇ ਬਜੁਰਗਾਂ ਨੂੰ ਘਰ ਲੈ ਗਏ ਹਨ।

ਮੇਰੇ ਮਾਂ ਬਾਪ ਮੇਰੇ ਕੋਲ ਆਕੇ ਮੇਰੇ ਇਸ ਮਿਸਨ ਦਾ ਹਿੱਸਾ ਬਣ ਗਏ ਹਨ। ਪਤਨੀ ਅਤੇ ਬੱਚੇ ਵੀ ਮੁੜ ਆਏ ਹਨ। ਉਹ ਹਰ ਰੋਜ ਰਾਤ ਨੂੰ ਲਵਾਰਿਸ ਲੋਕਾਂ ਨੂੰ ਲੱਭਣ ਲਈ ਘਰ ਤੋਂ ਨਿਕਲਦੇ ਹਨ। ਜਿਵੇਂ-ਜਿਵੇਂ ਮੇਰੀ ਉਮਰ ਵੱਧ ਰਹੀ ਹੈ, ਉਵੇਂ-ਉਵੇਂ ਲੋੜਵੰਦ ਲੋਕਾਂ ਦੀ ਸੇਵਾ ਕਰਨ ਦਾ ਜਜਬਾ ਵੱਧ ਰਿਹਾ ਹੈ। ਆਪਣੇ ਲਈ ਜਿਊਣ ਨਾਲੋਂ ਦੂਜਿਆਂ ਲਈ ਜਿਊਣ ਨਾਲ ਮਨ ਨੂੰ ਇਕ ਸਕੂਨ ਮਿਲਦਾ ਹੈ। ਆਪਣੇ ਲਈ ਹਰ ਕੋਈ ਜੀਅ ਲੈਂਦਾ ਹੈ ਪਰ ਦੂਜਿਆਂ ਲਈ ਜਿਊਣ ਵਾਲੇ ਲੋਕ ਵਿਰਲੇ ਹੀ ਹੁੰਦੇ ਹਨ ਪਰ ਉਹ ਲੋਕ ਮੌਤ ਤੋਂ ਬਾਅਦ ਵੀ ਜਿਉਂਦੇ ਰਹਿੰਦੇ ਹਨ। ਰਵੀ ਕਾਲੜਾ ਅਤੇ ਸੁਨੀਲ ਗੁਲਾਟੀ ਵਰਗੇ ਦਾਨਿਸਵੰਦ ਲੋਕਾਂ ਦੀ ਸੋਚ ਦੇਸ ਅਤੇ ਸਮਾਜ ਦੇ ਹਰ ਕੋਨੇ ਤੱਕ ਪਹੁੰਚਣੀ ਚਾਹੀਦੀ ਹੈ।

ਪ੍ਰਿੰਸੀਪਲ ਵਿਜੈ ਕੁਮਾਰ

# ਕੀ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਵਜੋਂ ਮੁੜ ਉਭਰੇਗਾ?

ਦੇਸ਼ ਵਿੱਚ ਐਮਰਜੈਂਸੀ ਦੀ 51ਵੀਂ ਵਰ੍ਹੇ ਗੰਢ ਦੇ ਮੌਕੇ 'ਤੇ ਸਭ ਤੋਂ ਵੱਡੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਾਸੀਆਂ ਨਾਲ ਐਮਰਜੈਂਸੀ ਸਮੇਂ ਦੌਰਾਨ ਹੋਈਆਂ ਜ਼ਿਆਦਤੀਆਂ ਨੂੰ ਸਾਂਝਾ ਨਹੀਂ ਕੀਤਾ। ਯਾਦ ਰਹੇ ਪੰਜਾਬੀਆਂ ਨੇ ਐਮਰਜੈਂਸੀ ਦੇ ਦੌਰ 'ਚ ਸਭ ਤੋਂ ਵੱਧ ਕਸ਼ਟ ਭੋਗਿਆ ਸੀ। ਦੇਸ਼ ਭਰ 'ਚ ਵਿਰੋਧੀ ਧਿਰਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਨੂੰ ਖ਼ੂਬ ਪ੍ਰਚਾਰਿਆ ਅਤੇ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ। ਪਰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੇਤਾ ਸਿਰਫ਼ ਇੱਕ ਬਿਆਨ ਦੇ ਕੇ ਚੁੱਪੀ ਸਾਧੀ ਬੈਠੇ ਰਹੇ। ਆਖ਼ਿਰ ਕਿਉਂ?

ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਲਗਭਗ ਇੱਕ ਸਦੀ ਪੁਰਾਣਾ ਹੈ। ਇਹ ਸਿਰਫ਼ ਇੱਕ ਸਿਆਸੀ ਪਾਰਟੀ ਨਹੀਂ, ਬਲਕਿ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਦੇ ਹੱਕਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਇੱਕ ਅਜਿਹੀ ਲਹਿਰ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਸਮਾਜਿਕ ਅਤੇ ਸੂਬਾਈ ਹੱਕਾਂ ਦੀ ਲੜਾਈ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ। ਕਦੇ ਇਹ ਪੰਜਾਬ ਖੇਤਰ ਦੀ ਤਰਜ਼ਮਾਨੀ ਕਰਨ ਵਾਲੀ ਪੰਜਾਬ ਦੀ ਵੱਡੀ ਸਿਆਸੀ ਧਿਰ ਸੀ। ਪਰ ਅੱਜ ਇਹ ਪਾਰਟੀ ਵਿੱਖਰੀ ਹੋਈ ਹੈ। ਫੁਟ ਦਾ ਸ਼ਿਕਾਰ ਹੈ। ਕੀ ਇਹ ਸਵਾਰਥ ਸਿੱਧੀ ਦਾ ਨਤੀਜਾ ਨਹੀਂ ਹੈ?

ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਕੀ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਜਥੇਬੰਦੀ ਪੰਜਾਬ ਵਿੱਚ ਇੱਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਮੁੜ ਉਭਰ ਸਕੇਗੀ? ਪੰਜਾਬ ਦੇ ਮੌਜੂਦਾ ਹਾਲਾਤ, ਕੇਂਦਰੀ ਪਾਰਟੀਆਂ ਦੀਆਂ ਚਾਲਾਂ ਅਤੇ ਅਕਾਲੀ ਦਲ ਦੀ ਅੰਦਰੂਨੀ ਫੁੱਟ ਨੂੰ ਵੇਖਦਿਆਂ ਇਹ ਸਵਾਲ ਬਹੁਤ ਗੰਭੀਰ ਹੋ ਗਿਆ ਹੈ।

ਅਕਾਲੀ ਦਲ ਦੀ ਪਛਾਣ ਹਮੇਸ਼ਾ ਜ਼ੁਲਮ ਅਤੇ ਬੇਇਨਸਾਫ਼ੀ ਖ਼ਿਲਾਫ਼ ਡਟਣ ਵਾਲੀ ਪਾਰਟੀ ਵਜੋਂ ਰਹੀ ਹੈ। ਜਦੋਂ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ, ਵਿਰੋਧੀ ਧਿਰ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਪ੍ਰੈੱਸ 'ਤੇ ਪਾਬੰਦੀਆਂ ਲਗਾ ਦਿੱਤੀਆਂ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ ਜਿਸ ਨੇ ਸਭ ਤੋਂ ਵੱਡੇ ਪੱਧਰ 'ਤੇ ਇਸ ਤਾਨਾਸ਼ਾਹੀ ਦਾ ਵਿਰੋਧ ਕੀਤਾ। ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਵੱਡੇ ਅਕਾਲੀ ਆਗੂਆਂ,ਵਰਕਰਾਂ ਨੇ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਜਾਪਦਾ ਹੈ ਇਹਨਾਂ ਕੁਰਬਾਨੀਆਂ ਨੂੰ ਨੇਤਾਵਾਂ ਪੈਰਾਂ 'ਚ ਰੋਲ ਕੇ ਰੱਖ ਦਿੱਤਾ ਹੈ!

ਅਕਾਲੀ ਦਲ ਦੇ ਮੌਜੂਦਾ ਕਿਰਦਾਰ ਵੱਲ ਝਾਤ ਮਾਰਦਿਆਂ ਤਾਂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਾਰਟੀ ਆਪਣੇ ਹੀ ਸ਼ਾਨਦਾਰ ਇਤਿਹਾਸ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੀ ਹੈ। ਇੱਥੇ ਤਿੰਨ ਅਜਿਹੀਆਂ ਵੱਡੀਆਂ ਗੱਲਾਂ ਹਨ ਜਿਨ੍ਹਾਂ 'ਤੇ ਅਕਾਲੀ ਦਲ ਦੀ ਚੁੱਪੀ ਪੰਜਾਬੀਆਂ ਦੇ ਹਿਰਦੇ ਵਲੂੰਧਰਦੀ ਹੈ:

ਪਹਿਲੀ ਇਹ ਕਿ ਐਮਰਜੈਂਸੀ ਦੀਆਂ ਜ਼ਿਆਦਤੀਆਂ ਨੂੰ ਇਹ ਪਾਰਟੀ ਭੁੱਲ ਚੁੱਕੀ ਹੈ। ਜਿਸ ਤਾਨਾਸ਼ਾਹੀ ਖ਼ਿਲਾਫ਼ ਅਕਾਲੀ ਦਲ ਨੇ ਸਭ ਤੋਂ ਵੱਡਾ ਮੋਰਚਾ ਲਾਇਆ ਸੀ, ਅੱਜ ਦੀ ਲੀਡਰਸ਼ਿਪ ਐਮਰਜੈਂਸੀ ਦੌਰਾਨ ਹੋਈਆਂ ਉਨ੍ਹਾਂ ਭਿਆਨਕ ਜ਼ਿਆਦਤੀਆਂ ਅਤੇ ਆਪਣੇ ਆਗੂਆਂ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਵਿਸਾਰ ਬੈਠੀ ਹੈ।

ਦੂਜਾ ਇਹ ਪਾਰਟੀ ਸੂਬਿਆਂ ਦੇ ਵੱਧ ਅਧਿਕਾਰਾਂ ਅਤੇ ਅਨੰਦਪੁਰ ਮਤੇ ਤੋਂ ਕਿਨਾਰਾ ਕਰੀ ਬੈਠੀ ਹੈ। ਭਾਰਤ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਰਾਜਾਂ ਨੂੰ ਵੱਧ ਸਵੈ-ਖ਼ੁਦਮੁਖਤਿਆਰੀ



(ਅਧਿਕਾਰ) ਦਿਵਾਉਣ ਲਈ ਅਕਾਲੀ ਦਲ ਨੇ ਇਤਿਹਾਸਕ 'ਅਨੰਦਪੁਰ ਸਾਹਿਬ ਦਾ ਮਤਾ' ਪਾਸ ਕੀਤਾ ਸੀ। ਪਰ ਅੱਜ ਅਕਾਲੀ ਦਲ ਇਸ ਮਤੇ ਨੂੰ ਅੱਗੇ ਲਿਆਉਣ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਗਿਆ ਹੈ ਅਤੇ ਕੇਂਦਰੀਕਰਨ ਦੀ ਸਿਆਸਤ ਅੱਗੇ ਗੋਡੇ ਟੇਕ ਚੁੱਕਾ ਹੈ।

ਤੀਜਾ ਇਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਅਤੇ ਹੋਰ ਮੰਗਾਂ ਪ੍ਰਤੀ ਇਹ ਮੋਰਚਾ ਲਾਉਣ ਦੇ ਆਪਣੇ ਸੁਭਾਅ ਨੂੰ ਭੁੱਲ ਚੁੱਕੀ ਹੈ। ਪੰਜਾਬ ਦੇ ਪਾਣੀਆਂ ਦੀ ਲੁੱਟ, ਚੰਡੀਗੜ੍ਹ ਦੀ ਵਾਪਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਪੰਜਾਬ ਦੇ ਹੋਂਦ ਦੀ ਲੜਾਈ ਹਨ। ਅਤੀਤ ਵਿੱਚ ਇਨ੍ਹਾਂ ਮੁਦਿਆਂ 'ਤੇ ਜੇਲ੍ਹਾਂ ਭਰਨ ਵਾਲਾ ਅਕਾਲੀ ਦਲ ਅੱਜ ਇਨ੍ਹਾਂ ਗੰਭੀਰ ਮਸਲਿਆਂ 'ਤੇ ਮੁੜ ਕੋਈ ਮੋਰਚਾ ਲਾਉਣ ਜਾਂ ਸੰਘਰਸ਼ ਵਿੱਢਣ ਦੀ ਹਿੰਮਤ ਨਹੀਂ ਦਿਖਾ ਰਿਹਾ। ਯਾਦ ਰਹੇ ਇਹ ਅਕਾਲੀ ਦਲ ਹੀ ਸੀ, ਜਿਸਨੇ ਪੰਜਾਬੀ ਸੂਬੇ ਦਾ ਇਤਿਹਾਸਿਕ ਮੋਰਚਾ ਲਗਾਇਆ। ਵੱਡੀਆਂ ਕੁਰਬਾਨੀਆਂ ਕੀਤੀਆਂ। ਪੰਜਾਬ ਦੇ ਲੋਕਾਂ ਦਾ ਦਿਲ ਜਿੱਤਿਆ। ਪਰ ਅੱਜ ਅਕਾਲੀ ਦਲ ਕੀ ਪੰਜਾਬ ਦੀ ਵੱਡੀ ਸਿਆਸੀ ਧਿਰ ਵਜੋਂ ਆਪਣੀ ਹੋਂਦ ਗੁਆ ਰਹੀ ਹੈ?

ਅਕਾਲੀ ਦਲ ਦੇ ਪਤਨ ਅਤੇ ਮੌਜੂਦਾ ਸੰਕਟ ਦਾ ਇੱਕ ਵੱਡਾ ਕਾਰਨ ਧਾਰਮਿਕ ਸੰਸਥਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਨਾ ਮੰਨਿਆ ਜਾ ਰਿਹਾ ਹੈ। ਅੱਜ ਜਦੋਂ ਪਾਰਟੀ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ, ਤਾਂ ਇਸ 'ਤੇ ਲਗਾਤਾਰ ਇਹ ਦੋਸ਼ ਲੱਗ ਰਹੇ ਹਨ ਕਿ ਇਹ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਮੁੜ ਸਿੱਖ ਜਜ਼ਬਾਤ ਅਤੇ ਧਾਰਮਿਕ ਮੰਚਾਂ ਦਾ ਸਹਾਰਾ ਲੈ ਰਹੀ ਹੈ। ਹੁਣੇ ਜਿਹੇ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ' ਕਰਾਰ ਦਿੱਤੇ ਜਾਣ ਦਾ ਜੋ ਹੁਕਮਨਾਮਾ ਸਾਹਮਣੇ ਆਇਆ ਹੈ, ਉਸ ਪਿੱਛੇ ਵੀ ਅਕਾਲੀ ਦਲ ਦੀ ਬੈਕ ਸਟੇਜ ਸਿਆਸਤ ਹੋਣ ਦੇ ਗੰਭੀਰ ਦੋਸ਼ ਲੱਗ ਰਹੇ ਹਨ।

ਪੰਜਾਬ ਦੀ ਸਿਆਸੀ ਕਚਹਿਰੀ ਵਿੱਚ ਇਹ ਚਰਚਾ ਆਮ ਹੈ ਕਿ ਅਕਾਲੀ ਦਲ ਇਸ ਹੁਕਮਨਾਮੇ ਦੀ ਖੁੱਲ੍ਹ ਕੇ ਪਿੱਠ ਪੂਰ ਰਿਹਾ ਹੈ ਤਾਂ ਜੋ ਮੌਜੂਦਾ 'ਆਪ' ਸਰਕਾਰ ਦੇ ਖ਼ਿਲਾਫ਼ ਪੰਥਕ ਸਫ਼ਾਂ ਵਿੱਚ ਗੁੱਸਾ ਪੈਦਾ ਕੀਤਾ ਜਾ ਸਕੇ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਅਜਿਹੀ ਧਾਰਮਿਕ ਪੈਂਤਰੇਬਾਜ਼ੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕੇਗੀ? ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿਆਸੀ ਪਾਰਟੀਆਂ ਨੇ ਸਰਵਉੱਚ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਜਾਂ ਜੱਥੇਬੰਦਕ ਲਾਹੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਸੰਸਥਾਵਾਂ ਦੀ ਮਰਿਆਦਾ ਨੂੰ ਵੀ ਢਾਹ ਲੱਗੀ ਹੈ ਅਤੇ ਲੋਕਾਂ ਵਿੱਚ ਉਸ ਪਾਰਟੀ ਦਾ ਅਕਸ ਹੋਰ ਖ਼ਰਾਬ ਹੋਇਆ ਹੈ।

ਅੱਜ ਦੀ ਰਾਜਨੀਤੀ ਦਾ ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਨੇਤਾ ਲੋਕ ਆਪਣੀ ਨੈਤਿਕਤਾ ਪੂਰੀ ਤਰ੍ਹਾਂ ਗੁਆ ਚੁੱਕੇ ਹਨ। ਅਸਲ ਮਾਇਨਿਆਂ ਵਿੱਚ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਹੋਣਾ ਉਸ ਪਾਰਟੀ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਕ ਹੁੰਦਾ ਹੈ। ਇੱਕ ਸੁਚੱਜੇ ਲੋਕਤੰਤਰ ਵਿੱਚ ਪਾਰਟੀਆਂ ਦੀਆਂ ਨੀਤੀਆਂ ਬੜੀਆਂ ਸਪਸ਼ਟ ਹੁੰਦੀਆਂ ਨੇ ਅਤੇ ਜਿਹੜੇ ਵਰਕਰ ਜਾਂ ਆਗੂ ਇਸ ਦੇ ਮੈਂਬਰ ਬਣਦੇ ਨੇ, ਉਹ ਉਨ੍ਹਾਂ ਨੀਤੀਆਂ ਦੀ ਪਹਿਰੇਦਾਰੀ ਲਈ ਆਪਣਾ ਜੀਵਨ ਲਗਾ ਦਿੰਦੇ ਹਨ। ਪਰ ਹੁਣ ਸਮਾਂ ਬਿਲਕੁਲ ਬਦਲ ਚੁੱਕਾ ਹੈ। ਅੱਜ ਸਿਧਾਂਤ ਅਤੇ ਵਫ਼ਾਦਾਰੀ ਮਹਿਜ਼ ਕਿਤਾਬੀ ਗੱਲਾਂ ਰਹਿ ਗਈਆਂ ਹਨ। ਅਕਾਲੀ ਦਲ ਵੀ ਇਸ ਦੁਖਾਂਤ ਦਾ ਸ਼ਿਕਾਰ ਹੈ!

ਜਿੱਥੇ ਵੀ ਕਿਸੇ ਨੇਤਾ ਨੂੰ ਸੱਤਾ ਜਾਂ ਕੁਰਸੀ ਦੀ ਚਮਕ ਦਿਸਦੀ ਹੈ, ਉਹ ਉਸੇ ਹਿਸਾਬ ਦੇ ਨਾਲ ਬਿਨਾਂ ਕਿਸੇ ਸ਼ਰਮ ਦੇ ਆਪਣੀ ਪਾਰਟੀ ਬਦਲ ਲੈਂਦਾ ਹੈ। ਪੰਜਾਬ ਵਿੱਚ ਅੱਜ 'ਆਇਆ ਰਾਮ, ਗਿਆ ਰਾਮ' ਦੀ ਇਹ ਸਿਆਸਤ ਸਿਖਰਾਂ 'ਤੇ ਹੈ। ਨੇਤਾ ਇੱਕ ਪਾਰਟੀ ਛੱਡ ਕੇ ਦੂਜੀ ਵਿੱਚ ਛਾਲਾਂ ਮਾਰ ਰਹੇ ਹਨ। ਇਸ ਮੌਕਾਪ੍ਰਸਤੀ ਨੇ ਆਮ ਜਨਤਾ ਦਾ ਸਿਆਸੀ ਜਮਾਤ ਤੋਂ ਭਰੋਸਾ ਹੀ ਉਠਾ ਦਿੱਤਾ ਹੈ, ਅਤੇ ਅਕਾਲੀ ਦਲ ਵੀ ਇਸ ਅੰਦਰੂਨੀ ਟੁੱਟ-ਭੱਜ ਅਤੇ ਮੌਕਾਪ੍ਰਸਤੀ ਤੋਂ ਅਛੂਤਾ ਨਹੀਂ ਰਿਹਾ। ਇਸ ਸਿਆਸੀ ਖਿੱਚੋਤਾਣ ਦੇ ਦਰਮਿਆਨ ਪੰਜਾਬ ਦੇ ਅਸਲ ਬੁਨਿਆਦੀ ਮਸਲੇ ਹਾਸ਼ੀਏ 'ਤੇ ਚਲੇ ਗਏ ਹਨ। ਅੱਜ ਪੰਜਾਬ ਵਿੱਚ ਬੇਰੋਜ਼ਗਾਰੀ ਬਹੁਤ ਜ਼ਿਆਦਾ ਵੱਧ ਚੁੱਕੀ ਹੈ, ਜਿਸ ਕਾਰਨ ਸਾਡੀ ਸਭ ਤੋਂ ਵੱਡੀ ਤਾਕਤ-ਸਾਡੀ ਨੌਜਵਾਨੀ-ਭਵਿੱਖ ਦੇ ਧੁੰਦਲੇਪਣ ਤੋਂ ਡਰਦੀ ਹੋਈ ਧੜਾਧੜ ਵਿਦੇਸ਼ਾਂ ਨੂੰ ਭੱਜ ਰਹੀ ਹੈ। ਪੰਜਾਬ ਦੇ ਘਰ ਖਾਲੀ ਹੋ ਰਹੇ ਹਨ ਅਤੇ ਬਜ਼ੁਰਗ ਇਕੱਲੇ ਰਹਿ ਗਏ ਹਨ। ਦੂਜੇ ਪਾਸੇ, ਜਿਹੜੀ ਨੌਜਵਾਨੀ ਇੱਥੇ ਰਹਿ ਗਈ ਹੈ, ਉਸ ਨੂੰ ਨਸ਼ਿਆਂ ਦਾ ਪ੍ਰਕੋਪ ਲਗਾਤਾਰ ਆਪਣੀ ਗ੍ਰਿਫ਼ਤ ਵਿੱਚ ਲੈ ਰਿਹਾ ਹੈ। ਨਸ਼ਿਆਂ ਦਾ ਇਹ ਕੋਹੜ ਪੰਜਾਬ ਦੀਆਂ ਜੜ੍ਹਾਂ ਨੂੰ ਰੋਜ਼ਾਨਾ ਖੋਖਲਾ ਕਰ ਰਿਹਾ ਹੈ। ਆਮ ਪੰਜਾਬੀ ਅੱਜ ਇਹ ਸਵਾਲ ਪੁੱਛ ਰਿਹਾ ਹੈ ਕਿ ਕੀ ਅਕਾਲੀ ਦਲ ਕੋਲ ਇਨ੍ਹਾਂ ਭਖਦੇ ਮਸਲਿਆਂ ਲਈ ਕੋਈ ਠੋਸ ਅਤੇ ਸਪਸਟ ਏਜੰਡਾ ਹੈ, ਜਾਂ ਫਿਰ ਉਹ ਸਿਰਫ਼ ਧਾਰਮਿਕ ਫ਼ਤਵਿਆਂ ਦੇ ਓਹਲੇ ਆਪਣੀ ਸਿਆਸੀ ਹੋਂਦ ਬਚਾਉਣ ਦੀ ਤਾਕ ਵਿੱਚ ਹੈ?

ਅਕਾਲੀ ਦਲ ਨੂੰ ਸਭ ਤੋਂ ਵੱਡਾ ਨੁਕਸਾਨ ਭਾਰਤੀ ਜਨਤਾ ਪਾਰਟੀ ਨਾਲ ਲੰਮੀ ਸਿਆਸੀ ਭਾਈਵਾਲੀ ਕਾਰਨ ਹੋਇਆ ਹੈ। ਭਾਜਪਾ ਵੱਲੋਂ ਦੇਸ਼ ਭਰ ਵਿੱਚ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਤਹਿਤ ਖੇਤਰੀ ਪਾਰਟੀਆਂ ਨੂੰ ਹੌਲੀ-ਹੌਲੀ ਖ਼ਤਮ ਜਾਂ ਕਮਜ਼ੋਰ ਕਰਨ ਦੀ ਖੇਡ ਖੇਡੀ ਜਾ ਰਹੀ ਹੈ ਅਤੇ ਅਕਾਲੀ ਦਲ ਵੀ ਇਸੇ ਦਾ ਸ਼ਿਕਾਰ ਹੋਇਆ ਹੈ। ਕੀ ਅਕਾਲੀ ਦਲ ਦੀ ਲੀਡਰਸ਼ਿਪ ਇਹ ਸਮਝ ਨਹੀਂ ਰਹੀ?

ਕੇਂਦਰ ਵੱਲੋਂ ਸੂਬਾਈ ਤਾਕਤਾਂ ਨੂੰ ਦਬਾਉਣ ਦੀ ਇਹ ਖੇਡ ਨਵੀਂ ਨਹੀਂ ਹੈ। ਕਾਂਗਰਸ ਵੀ ਪਹਿਲਾਂ ਇਸ ਖੇਡ ਵਿੱਚ ਉਸਤਾਦ ਰਹੀ ਹੈ, ਜਿਸ ਨੇ ਸੰਵਿਧਾਨ ਦੀ ਧਾਰਾ 356 ਦਾ ਮਨਮਾਨਾ ਇਸਤੇਮਾਲ ਕਰਕੇ ਕਈ ਵਾਰ ਪੰਜਾਬ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਡੇਗਿਆ ਸੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਦਲ ਨੇ ਭਾਜਪਾ ਨਾਲ ਸੱਤਾ ਵਿੱਚ ਹੁੰਦਿਆਂ ਵੀ ਪੰਜਾਬ ਦੇ ਪੱਕੇ ਮਸਲੇ ਹੱਲ ਕਰਵਾਉਣ ਦੀ ਬਜਾਏ ਆਪਣੀ ਕੁਰਸੀ ਨੂੰ ਹੀ ਤਰਜੀਹ ਦਿੱਤੀ। ਭਾਵੇਂ ਕਿ ਮਜ਼ਬੂਰਨ ਕਿਸਾਨ ਅੰਦੋਲਨ ਵੇਲੇ ਉਸ ਵੱਲੋਂ ਇਹ ਭਾਈਵਾਲੀ ਛੱਡ ਦਿੱਤੀ ਗਈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਪੰਜਾਬ ਦੇ ਨਾਲ ਕੇਂਦਰ ਸਰਕਾਰਾਂ ਵੱਲੋਂ ਲਗਾਤਾਰ ਬੜੇ ਲੰਮੇ ਸਮੇਂ ਤੋਂ ਵਿਤਕਰੇ ਹੁੰਦੇ ਆ ਰਹੇ ਹਨ। ਚਾਹੇ ਉਹ ਪੰਜਾਬ ਦੇ ਪਾਣੀਆਂ ਦੀ ਬੇਇਨਸਾਫ਼ੀ ਹੋਵੇ, ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਫਿਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਸੂਬੇ ਤੋਂ ਬਾਹਰ ਰੱਖਣ ਦੀ ਸਾਜ਼ਿਸ਼-ਪੰਜਾਬ ਨੇ ਹਮੇਸਾ ਕੇਂਦਰੀਕਰਨ ਦੀ ਮਾਰ ਝੱਲੀ ਹੈ। ਇਨ੍ਹਾਂ ਇਤਿਹਾਸਕ ਵਿਤਕਰਿਆਂ ਨੂੰ ਦੂਰ ਕਰਨ ਲਈ ਪੰਜਾਬ ਨੂੰ ਅੱਜ ਕਿਸੇ ਦਿੱਲੀ-ਪ੍ਰੇਰਿਤ ਪਾਰਟੀ ਦੀ ਨਹੀਂ, ਬਲਕਿ ਇੱਕ ਅਜਿਹੀ ਮਜ਼ਬੂਤ ਅਤੇ ਸੱਚੀ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ ਜੋ ਬਿਨਾਂ ਕਿਸੇ ਡਰ ਦੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੀ ਅਸਲ ਰਾਖੀ ਕਰ ਸਕੇ। ਪੰਜਾਬ ਦੇ ਲੋਕ ਇੱਕ ਅਜਿਹੀ ਲੀਡਰਸ਼ਿਪ ਚਾਹੁੰਦੇ ਹਨ ਜੋ ਪੰਜਾਬ ਖੇਤਰ ਦੇ ਸਥਾਨਕ ਮਸਲਿਆਂ ਨੂੰ ਹੱਲ ਕਰਨ ਲਈ ਹਿੱਕ ਤਾਣ ਕੇ ਖੜ੍ਹੇ ਅਤੇ ਕੇਂਦਰ ਅੱਗੇ ਗੋਡੇ ਟੇਕਣ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਯਤਨ ਕਰੇ।

ਅੱਜ ਜਦੋਂ ਕਿ ਚੋਣਾਂ ਦੇ ਦਿਨ ਆ ਚੁੱਕੇ ਨੇ, ਪੰਜਾਬ ਦੇ ਲੋਕਾਂ ਵਿੱਚ ਇਸ ਨਿਰਾਸ਼ਾ ਦੇ ਦੌਰ ਦਰਮਿਆਨ ਅਕਾਲੀ ਦਲ ਦਾ ਆਪਣਾ ਸਟੈਂਡ ਬਿਲਕੁਲ ਸਾਫ਼ ਨਹੀਂ ਹੈ। ਪਾਰਟੀ ਨੂੰ ਪੰਜਾਬ ਦੀ ਕਚਹਿਰੀ ਵਿੱਚ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਦਾ ਪੰਜਾਬ ਦੇ ਖੇਤਰ ਅਤੇ ਇੱਥੋਂ ਦੇ ਲੋਕਾਂ ਪ੍ਰਤੀ ਅਸਲ ਸਟੈਂਡ ਕੀ ਹੈ? ਕੀ ਉਹ ਸਿਰਫ਼ ਵੋਟਾਂ ਦੀ ਸਿਆਸਤ ਤੱਕ ਸੀਮਤ ਰਹੇਗੀ ਜਾਂ ਫਿਰ ਪੰਜਾਬ ਦੇ ਲਤਾੜੇ ਜਾ ਚੁੱਕੇ ਹੱਕਾਂ ਲਈ ਸੱਚਮੁੱਚ ਲੜਨ ਵਾਸਤੇ ਤਿਆਰ ਹੈ? ਪੰਜਾਬ ਪਿਛਲੇ ਲੰਮੇ ਸਮੇਂ ਤੋਂ ਸਿਆਸੀ ਅਤੇ ਆਰਥਿਕ ਤੌਰ 'ਤੇ ਬਹੁਤ ਬੁਰੀ ਤਰ੍ਹਾਂ ਲਤਾੜਿਆ ਜਾ ਚੁੱਕਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ (ਜਾਂ ਇਸ ਦੇ ਵੱਖ-ਵੱਖ ਧੜੇ) ਚੋਣਾਂ ਦੇ ਇਸ ਨਾਜ਼ੁਕ ਮੋੜ 'ਤੇ ਪੰਜਾਬ ਨੂੰ ਮਜ਼ਬੂਤ ਅਗਵਾਈ ਦੇ ਸਕਣਗੇ? ਕੀ ਉਹ ਆਪਣੀਆਂ ਇਤਿਹਾਸਕ ਭੁੱਲਾਂ ਨੂੰ ਸੁਧਾਰ ਕੇ ਲੋਕਾਂ ਵਿੱਚ ਆਪਣਾ ਗੁਆਚਿਆ ਹੋਇਆ ਵਿਸ਼ਵਾਸ ਮੁੜ ਬਣਾ ਸਕਣਗੇ?

ਸ਼੍ਰੋਮਣੀ ਅਕਾਲੀ ਦਲ ਦਾ ਮੁੜ ਉਭਾਰ ਤਾਂ ਹੀ ਸੰਭਵ ਹੈ ਜੇਕਰ ਇਹ ਨਿੱਜੀ ਹਿੱਤਾਂ, ਧੜੇਬੰਦੀਆਂ, ਮੌਕਾਪ੍ਰਸਤ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਦੀ ਸਿਆਸੀ ਵਰਤੋਂ ਦੇ ਦੋਸਾਂ ਤੋਂ ਉੱਪਰ ਉੱਠ ਕੇ, ਚੋਣਾਂ ਦੇ ਮੌਜੂਦਾ ਦੌਰ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਆਪਣੀ ਨੀਤੀ ਸਪੱਸ਼ਟ ਕਰੇ। ਇਸ ਨੂੰ ਮੁੜ ਤੋਂ "ਪੰਜਾਬ, ਪੰਜਾਬੀਅਤ, ਪਾਣੀਆਂ ਦੇ ਹੱਕ, ਨੌਜਵਾਨੀ ਦੇ ਰੁਜਗਾਰ ਅਤੇ ਅਨੰਦਪੁਰ ਸਾਹਿਬ ਦੇ ਮਤੇ" ਦੀ ਅਸਲ ਪਹਿਰੇਦਾਰ ਬਣ ਕੇ ਮੈਦਾਨ ਵਿੱਚ ਨਿੱਤਰਨਾ ਪਵੇਗਾ। ਜੇਕਰ ਲੀਡਰਸ਼ਿਪ ਹੁਣ ਵੀ ਨਾ ਸੰਭਲੀ, ਨੈਤਿਕਤਾ ਨੂੰ ਵਿਸਾਰ ਕੇ ਸਿਰਫ ਕੁਰਸੀ ਪਿੱਛੇ ਭੱਜਦੀ ਰਹੀ ਅਤੇ ਧਾਰਮਿਕ ਆੜ ਹੇਠ ਨਕਾਰਾਤਮਕ ਸਿਆਸਤ ਕਰਦੀ ਰਹੀ, ਤਾਂ ਪੰਜਾਬੀ ਲੋਕ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੂੰ ਕਦੇ ਮੁਆਫ਼ ਨਹੀਂ ਕਰਨਗੇ।

ਗੁਰਮੀਤ ਸਿੰਘ ਪਲਾਹੀ

# ਪੰਜਾਬੀ ਸਾਹਿਤਕ/ਕਵੀ ਦਰਬਾਰ ਸਿਡਨੀ ਆਸਟ੍ਰੇਲੀਆ

## "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"



ਦੁਨੀਆਂ ਦੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਮਹਾਨ ਕਥਨ ਅਨੁਸਾਰ ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸੀਨੀਅਰ ਸਿਟੀਜਨ ਵਿੰਗ ਵੱਲੋਂ ਪੰਜਾਬੀ ਸਾਹਿਤਕ/ਕਵੀ ਦਰਬਾਰ ਮਿਤੀ 3 ਜੂਨ 2026 ਦਿਨ ਬੁਧਵਾਰ ਨੂੰ ਬਾਬਾ ਬੁਢਾ ਜੀ ਹਾਲ ਵਿਚ ਡਾਇਰੈਕਟਰ ਸੀਨੀਅਰ ਸਿਟੀਜਨਜ ਸ੍ ਅਮੋਲਕ ਸਿੰਘ ਜਸਵਾਲ ਸਿੰਘ ਦੇ ਦਿਸਾ ਨਿਰਦੇਸਾਂ ਅਨੁਸਾਰ ਵੱਖ ਵੱਖ ਸਾਹਿਤਕ ਰੰਗ ਬਿਖੇਰਦਾ ਗੁਲਦਸਤਾ ਪੇਸ ਕੀਤਾ ਗਿਆ।

ਇਸ ਸਾਹਿਤਕ ਦਰਬਾਰ ਵਿਚ ਭਾਰੀ ਗਿਣਤੀ ਵਿਚ ਪ੍ਰਸਿੱਧ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ।

ਕਹਿੰਦੇ ਹਨ ਕਿ ਜਰੂਰੀ ਨਹੀਂ ਅਸੀਂ ਕਿਸੇ ਮੁਦੇ ਤੇ ਇਕ ਦੂਜੇ ਨਾਲ ਸਹਿਮਤ ਹੋਈਏ ਪਰ ਹਰ ਇਕ ਦੀ ਵਖਰੀ ਸਖਸੀਅਤ, ਵਖਰੀ ਸੋਚ ਤੇ ਵੱਖਰੇ ਜਿੰਦਗੀ ਦੇ ਤਜਰਬੇ ਹੁੰਦੇ ਹਨ। ਸੋ ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਆਪਣੇ ਵਿਚਾਰ ਵੀ ਉਹਨਾਂ ਸਾਹਮਣੇ ਰਖਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤਕ ਦਰਬਾਰ ਨਵਿਆਂ ਸਾਹਿਤਕਾਰਾਂ ਨੂੰ ਬੋਲਣ ਲਈ ਇਕ ਸਾਨਦਾਰ ਮੰਚ ਮੁਹੱਈਆ ਕਰਵਾ ਰਿਹਾ ਹੈ।

ਸਟੇਜ ਸਕੱਤਰ ਦੀ ਭੂਮਿਕਾ ਜੁਗਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਈ। ਜੀਵਨ ਸਿੰਘ ਦੁਸਾਂਝ ਕੋਆਰਡੀਨੇਟਰ ਨੇ ਸਭਾ ਦੀ ਪ੍ਰਤੀਨਿਧਤਾ ਕਰਦਿਆਂ ਸਭ ਹਾਜਰੀਨਾ ਨੂੰ ਜੀ ਆਇਆਂ ਆਖਿਆ। ਇਸ ਸਾਹਿਤਕ ਦਰਬਾਰ ਵਿਚ ਇਸ ਵਾਰ ਰਿਕਾਰਡ ਤੋੜ 29 ਬੁਲਾਰਿਆਂ ਨੇ ਆਪਣੀਆਂ ਰਚਨਾਵਾਂ ਪੇਸ ਕਰਕੇ ਚੰਗੀ ਵਾਹਵਾ ਖੱਟੀ।

ਸਭਾ ਦੀ ਸੁਰੂਆਤ ਜਸਵਿੰਦਰ ਕੌਰ ਚਾਵਲਾ ਨੇ ਗੁਰਬਾਣੀ ਦੇ ਸਬਦ ਨਾਲ ਕੀਤੀ :

ਰਾਮ ਜਪਉ ਜੀ ਐਸੇ ਐਸੇ, ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ, ਇਸ ਬੇੜੇ ਕਉ ਪਾਰ ਲਘਾਵੈ।

ਇਸਤੋਂ ਬਾਅਦ ਬੀਬੀ ਭਗਵੰਤ ਕੌਰ ਨੇ ਗੁਰਬਾਣੀ ਵਿਚੋਂ ਇਕ ਮਿਠਾ ਜਿਹਾ ਸਬਦ ਬੋਲਿਆ :

ਤਾਤੀ ਵਾਉ ਨ ਲਗਈ,
ਪਾਰਬ੍ਰਹਮ ਸਰਣਾਈ।
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨਾ ਭਾਈ।

ਜੀਵਨ ਸਿੰਘ ਦੁਸਾਂਝ ਕੋਆਰਡੀਨੇਟਰ ਨੇ ਤਰੁੰਨਮ ਵਿਚ ਗੀਤ ਸੁਣਾਇਆ :

ਸੱਜਣ ਰੇ ਝੂਠ ਮੱਤ ਬੋਲੋ ਖੁਦਾ ਕੇ ਪਾਸ ਜਾਨਾਂ ਹੈ।
ਨਾ ਹਾਥੀ ਹੈ ਨਾ ਘੋੜਾ ਹੈ ਪੈਦਲ ਹੀ ਜਾਨਾ ਹੈ।
ਤੁਮਾਰੇ ਮਹਿਲ ਚੁਬਾਰੇ ਯਹੀਂ ਰਹਿ ਜਾਏਂਗੇ।

ਸੀਨੀਅਰ ਐਡਵੋਕੇਟ ਅਵਤਾਰ ਸਿੰਘ ਖਹਿਰਾ ਨੇ ਬਲਵਿੰਦਰ ਬਾਲਮ ਦੀ ਜਿੰਦਗੀ ਦੀਆਂ ਕੌੜੀਆਂ ਸਚਾਈਆਂ ਬੋਲਦੀ ਗਜਲ ਸੁਣਾਈ:

ਤਰਕ ਤੇ ਤਲਵਾਰ ਆਹਮੋ ਸਾਹਮਣੇ,
ਫੁੱਲਾਂ ਦੇ ਨਾਲ ਖਾਰ ਆਹਮੋ ਸਾਹਮਣੇ,
ਦੁਸਮਣਾਂ ਕੁਝ ਐਸੀ ਗੱਲ ਚਲਾਈ ਹੈ,
ਬਾਪ ਦੇ ਮਰਨੇ ਦੀ ਜਿਵੇਂ ਦੇਰ ਹੀ ਸੀ ਸਾਰਾ ਪਰਿਵਾਰ ਆਹਮੋ ਸਾਹਮਣੇ।

ਦਰਸਨ ਸਿੰਘ ਪੰਧੇਰ ਨੇ ਤਰੁੰਨਮ ਵਿਚ ਲੋਕ ਗੀਤ ਸੁਣਾਇਆ:

ਹੱਥੀਂ ਤੋਰੇ ਸੱਜਣਾ ਨੂੰ ਨਾਲੇ ਯਾਦ ਕਰਾਂ ਨਾਲੇ ਰੋਵਾਂ ।
ਗਲ ਵਿਚ ਪੈਣ ਮੀਢੀਆਂ ਜਿਵੇਂ ਟੰਗਿਆ ਏ ਲਾਲ ਪਰਾਂਦਾ। ਦੇਖਕੇ ਚੁਬਾਰਾ ਸੱਖਣਾ ਰੁਗ ਭਰਿਆ ਜਿਗਰ ਤੋਂ ਜਾਂਦਾ।

ਦੀ ਪੰਜਾਬ ਹੈਰਾਲਡ ਦੇ ਸੰਪਾਦਕ ਡਾ ਅਵਤਾਰ ਸਿੰਘ ਸੰਘਾ ਨੇ ਸਾਹਿਤਕ ਦਰਬਾਰ ਵਿੱਚ ਆਪਣੀ ਕਹਾਣੀ "ਮੁਫਤ ਰੇਲ ਸਫਰ" ਦਾ ਯੂਟਿਊਬ ਤੇ ਆਪਣੀ ਪਤਨੀ ਅਮਰਜੀਤ ਕੌਰ ਦੁਆਰਾ ਬੋਲਿਆ ਆਡੀਓ ਪੇਸ ਕੀਤਾ ਜੋ ਰੂਪਕ ਅਤੇ ਵਿਸਾ ਵਸਤੂ ਦੋਹਾਂ ਪੱਖਾਂ ਤੋਂ ਸਲਾਹੀ ਗਈ ਸੀ। ਪੰਜਾਬ ਦੀ ਮਸਹੂਰ ਪੰਜਾਬੀ ਕਹਾਣੀ ਨੈਰੇਟਰ ਦੇਵਿੰਦਰ ਕੌਰ ਸੈਣੀ ਨੇ ਆਪਣੀਆਂ ਯੂਟਿਊਬ ਤੇ ਬੋਲੀਆਂ ਗਈਆਂ ਮਸਹੂਰ ਕਹਾਣੀਆਂ ਵਿਚ ਇਸਨੂੰ ਸਾਮਲ ਕੀਤਾ ਹੈ। ਡਾ ਸੰਘਾ ਨੇ ਕਹਾਣੀ ਵਿਚ ਅੰਗਰੇਜੀ ਨਾਵਲਕਾਰ ਥਾਮਸ ਹਾਰਡੀ ਦੀਆਂ ਕਿਰਤਾਂ ਦੇ ਵਿਸਾ ਵਸਤੂ ਮੌਕਾ ਮੇਲ ਅਤੇ ਅਚਨਚੇਤ ਵਰਤਾਰੇ ਨੂੰ ਪ੍ਰਭਾਵਸਾਲੀ ਤਰੀਕੇ ਨਾਲ ਟੁੰਬਿਆ ਅਤੇ ਗੁੰਦਿਆ ਹੈ। ਸ੍ਰੀਮਤੀ ਸੈਣੀ ਨੇ ਡਾ ਸੰਘਾ ਦੀ ਇਕ ਹੋਰ ਕਹਾਣੀ "ਬੱਦਲਾਂ ਹੇਠ ਛੁਪਿਆ ਸੂਰਜ" ਨੂੰ ਵੀ ਆਪਣੀ ਯੂਟਿਊਬ ਵਾਲੀ ਸੂਚੀ ਵਿਚ ਸਾਮਿਲ ਕੀਤਾ ਹੈ।ਸ੍ਰੀਮਤੀ ਬਿਮਲਾ ਵਰਮਾਂ ਨੇ ਧਾਰਮਿਕ ਧਾਰਨਾ ਵਾਲਾ ਸਬਦ ਪੜਿਆ:

ਸਿਧਾ ਚਲ ਪ੍ਰੇਮ ਪ੍ਰਭੂ ਵਾਲੇ ਰਾਹ ਅੜੀਆਂ ਨਾ ਕਰ ਮਨ ਵੇ।
ਇਸ ਜਿੰਦੜੀ ਦਾ ਕੋਈ ਨੀ ਵਿਸਾਹ ਨੀਵਾਂ ਹੋਕੇ ਚਲ ਮਨ ਵੇ।

ਕੁਲਦੀਪ ਸਿੰਘ ਜੌਹਲ ਨੇ ਗੀਤ :

ਜੇ ਭਵਜਲ ਲੰਘਣਾ ਨੀ ਜਿੰਦੜੀਏ ਪੜ ਸਤਿਗੁਰ ਦੀ ਬਾਣੀ। ਜੱਗ ਚਾਰ ਦਿਨਾਂ ਦਾ ਮੇਲਾ ਨੀ ਮੁੜ ਹੱਥ ਨਹੀਂ ਆਉਣਾ ਵੇਲਾ ਨੀ।

ਅਤੇ ਇਕ ਕਵਿਤਾ "ਘਰ ਵਾਲੀ ਦੇ ਮੂੰਹ ਦਾ ਸੋਜਾ ਮੈਂ ਸਾਰੀ ਜਿੰਦਗੀ ਲਾਹ ਨੀ ਸਕਿਆ" ਸੁਣਾਕੇ ਸਭ ਦੇ ਢਿੱਡੀਂ ਪੀੜਾਂ



ਪਾ ਦਿਤੀਆਂ।

ਭਵਨਜੀਤ ਸਿੰਘ ਜਗਰਾਓਂ ਨੇ ਵੋਟਰਾਂ ਦੇ ਲਾਰਿਆਂ ਵਾਰੇ ਇਕ ਕਵਿਤਾ ਬੋਲੀ:

ਰਹੇ ਰਾਹ ਪੁਛਦੇ ਜਿੰਨਾ ਰਾਹੀਆਂ ਤੋਂ ਉਹ ਤਾਂ ਭੁਲ ਗਏ ਬੜੇ ਚਿਰਾਂ ਤੋਂ, ਜਿਨਾਂ ਤੋਂ ਮੰਗਦੇ ਸੀ ਵਫਾ ਉਧਾਰੀ, ਉਹ ਗੈਰਾਂ ਹੱਥੀਂ ਵਿਕ ਗਏ।

ਬੀਬੀ ਦੇਵਿੰਦਰ ਕੌਰ ਸਰਕਾਰੀਆ ਨੇ ਕਵਿਤਾ "ਮਨ ਦੇ ਬੋਲ" ਸੁਣਾਈ:

ਕੋਈ ਤੇ ਗੱਲ ਜਰੂਰ ਹੋਈ ਹੈ, ਅੱਖਾਂ ਥਾਣੀਂ ਰਾਤ ਭਰ ਰੋਈ ਐ। ਮੈਂ ਤਾਂ ਪਹਿਲਾਂ ਹੀ ਕਹਿ ਦਿਤਾ ਸੀ, ਨਾਂ ਤੈਥੋਂ ਕੋਈ ਗੱਲ ਲੁਕੋਈ ਹੈ।



ਕੁਲਦੀਪ ਸਿੰਘ ਜੌਹਲ

ਸਤਨਾਮ ਸਿੰਘ ਗਿੱਲ ਨੇ ਸਿਖ ਰਾਜ ਵੇਲੇ ਰਣਜੀਤ ਸਿੰਘ ਦੀ ਪਤਨੀ ਅਤੇ ਪੁਤਰ ਦੀ ਦਾਸਤਾਂ 'ਦੁਖੀਏ ਮਾਂ ਪੁਤ' ਦੀ ਗੱਲ ਛੇੜਦਿਆਂ ਆਖਿਆ:

ਰੋਇਆ ਪੰਜਾਬ ਧਾਹੀਂ, ਕਈਆ ਦੀਆਂ ਰਹਿ ਗਈਆ ਮਨ ਅੰਦਰ ਰੀਝਾਂ ਕਵਾਰੀਆਂ। ਸਿੰਘਾਂ ਦਾ ਝੰਡਾ ਝੁਕਿਆ ਗੈਰਤ ਦਾ ਮਾਰਿਆ, ਢਹਿ ਗਿਆ ਰਣਜੀਤ ਦਾ ਜੋ ਮਹਿਲ ਉਸਾਰਿਆ।

ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਜਿੰਦਗੀ ਦੀ ਸਚਾਈ ਇੰਝ ਬਿਆਨ ਕੀਤੀ:

ਸਮਾਂ ਵੀ ਕਿੰਨਾ ਚਲਾਕ ਨਿਕਲਿਆ, ਜਵਾਨੀ ਦਾ ਲਾਲਚ ਦੇਕੇ ਬਚਪਨ ਖਾ ਗਿਆ, ਸਾਂਭ ਸੰਭਾਲ ਦੇ ਬਹਾਨੇ ਜਵਾਨੀ ਲੈ ਲਈ ।

ਇਸਤੋਂ ਬਿਨਾਂ ਗੁਰਦੇਵ ਸਿੰਘ ਨੇ ਰਾਗ ਆਸਾ ਮਹਲਾ ਪਹਿਲਾ ਦੇ ਸਬਦ ਛਿਅ ਘਰ ਛਿਅ ਗੁਰ ਛਿਅ ਉਪਦੇਸ ਦੀ ਵਿਆਖਿਆ ਵੀ ਕੀਤੀ।

ਸੁਖਰਾਜ ਸਿੰਘ ਵੇਰਕਾ ਨੇ ਸਿਖ ਸੰਘਰਸ ਵੇਲੇ ਹੋਏ ਜੁਲਮਾਂ ਦੀਆ ਕੁਝ ਅਖੀਂ ਡਿੱਠੀਆਂ ਘਟਨਾਵਾਂ ਦੀ ਚਰਚਾ ਕੀਤੀ।

ਜਸਵੰਤ ਸਿੰਘ ਪੰਨੂ ਨੇ ਟਰੰਪ ਦੇ ਇਲੈਕਸਨ ਪਰਿਕਿਰਿਆ ਤੇ ਕਵਿਤਾ ਬੋਲੀ:

ਇੰਡੀਆਂ ਨੇ ਬਹੁਤ ਅਰਦਾਸਾਂ ਕੀਤੀਆਂ ਅਤੇ ਬਹੁਤ ਪੂਜਾ ਵੀ ਕੀਤੀ, ਜਦੋਂ ਅਮਰੀਕਾ ਵਿਚ ਜਿਤਿਆ ਟਰੰਪ ਭਲਵਾਨ ਸੀ ਕਿਉਂਕਿ ਟਰੰਪ ਮੋਦੀ ਦਾ ਯਾਰ ਸੀ।

ਜੁਗਿੰਦਰ ਸਿੰਘ ਸੋਹੀ ਨੇ ਕਵਿਤਾ ਭੈਣ ਭਰਾ ਦਾ ਪਿਆਰ ਸੁਣਾਈ :

ਭੈਣ ਘਰ ਭਾਈ ਆਉਂਦੇ ਚੰਗੇ ਲਗਦੇ ਸੰਧਾਰਿਆਂ ਦੇ ਨਾਲ। ਸਭ ਨਾਲ ਬਣਾਕੇ ਰਖੀਏ ਸਮਾਂ ਲੰਘਦਾ ਏ ਨਜਾਰਿਆਂ ਦੇ ਨਾਲ। ਜਦੋਂ ਮੁਟਿਆਰਾਂ ਪਾਉਣ ਬੋਲੀਆਂ ਗਿਧਾ ਚੰਗਾ ਲਗਦਾ ਕਕਾਰਿਆਂ ਦੇ ਨਾਲ।

ਸੰਤੋਖ ਸਿੰਘ ਅੱਟਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਕਿਲਾ ਛੱਡਣ ਵੇਲੇ

ਦਾ ਅਤਿ ਭਾਵੁਕ ਮੌਕਾ ਬਿਆਨ ਕੀਤਾ: ਤੁਸੀਂ ਕਿਸ ਵਲ ਜਾ ਰਹੇ ਹੋ ਨੂਰੀ ਜਿਹੇ ਮੁਖੜੇ ਦੀ ਕੀਹਨੂੰ ਝਲਕ ਦਿਖਾ ਰਹੇ ਹੋ। ਅਸੀਂ ਮੁੜ ਫੇਰ ਆਉਣਾ ਨਈਂ, ਸੁਖੀ ਵਸੀਂ ਆਨੰਦਪੁਰੀਏ ਸਾਨੂੰ ਦਿਲ ਤੋਂ ਭੁਲਾਉਣਾ ਨਈਂ।

ਹਰਬੰਸ ਸਿੰਘ ਮਾਲਵਾ ਨੇ ਰੱਬ ਦੇ ਨਾਮ ਤੇ ਠੱਗਣ ਵਾਲਿਆਂ ਤੇ ਕਰਾਰੀ ਚੋਟ ਕੀਤੀ:

ਸਾਨੂੰ ਕਿੰਨੇ ਨਰਕ ਦਿਖਾਤੇ ਸਵਰਗ ਦੇ ਇਕੋ ਲਾਰੇ ਨੇ। ਧਰਮ ਕਰਮ ਦਾ ਛਤਰ ਚੜਾਕੇ, 'ਉਪਰ' ਦਾ ਉਪਦੇਸ ਸੁਣਾਕੇ, ਇਹ ਡਰ ਮਾਨਵ ਨੂੰ ਪਾਕੇ ਆਪਣੇ ਮਹਿਲ ਉਸਾਰੇ ਨੇਂ।

ਗੁਰਦਿਆਲ ਸਿੰਘ ਨੇ ਭਾਈ ਮੰਝ ਜੀ ਜੋ ਅਮੀਰ ਆਦਮੀ ਸਨ,ਦਾ ਪ੍ਰਸੰਗ ਸੁਣਾਉਂਦਿਆਂ ਦਸਿਆ ਕਿ ਛੇਵੇਂ ਪਾਤਸਾਹ ਕੋਲ ਜਾਕੇ ਕਿਵੇਂ ਉਹਨਾਂ ਸਿਖ ਬਣਨ ਦੀ ਇੱਛਿਆ ਪ੍ਰਗਟ ਕੀਤੀ ਸੀ।

ਪ੍ਰਿੰਸੀਪਲ ਗੁਰਜੰਟ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਸੁਰੂਆਤ ਕੀਤੀ ਸੀ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਰਮ ਸੀਮਾਂ ਤੱਕ ਪਹੁੰਚਾਇਆ, ਰਣਜੀਤ ਸਿੰਘ ਨੇ ਸਭੇ ਸਾਂਝੀਵਾਲ ਸਦਾਇਨ ਦੇ ਸਿਧਾਂਤ ਤੇ ਚਲਦਿਆਂ ਸਿਖ ਰਾਜ ਦੀ ਨੀਂਹ ਰੱਖੀ ਸੀ। ਉਹਨਾਂ ਅਗੇ ਕਿਹਾ ਕਿ ਜਿਸ ਸਿਖ ਧਰਮ ਨੂੰ ਅਸੀਂ ਅਪਣਾਇਆ ਹੈ ਇਸਦੀ ਫਿਲਾਸਫੀ ਅਤੇ ਚੜਦੀ ਕਲਾ ਲਈ ਅਰਦਾਸ ਕਰਨਾ ਸਾਡਾ ਸਭ ਦਾ ਫਰਜ ਹੈ।

ਬਹਾਦਰ ਸਿੰਘ ਨੇ ਲੱਲੂ ਦੀ ਪੁਰਾਤਨ ਕਥਾ ਬਿਆਨ ਕਰਦਿਆਂ ਦੱਸਿਆ ਕਿ ਕਿਵੇਂ ਉਹ ਸਹੁਰੀਂ ਜਾਂਦਿਆਂ ਆਪਣੀ ਬੇਅਕਲੀ ਕਰਕੇ ਲੋਕਾਂ ਤੋਂ ਕੁਟ ਖਾਂਦਾ ਗਿਆ ਪਰ ਸਹੁਰੀਂ ਪਹੁੰਚ ਕੇ ਆਪਣੀ ਸੱਸ ਦੀਆਂ ਪਕਾਈਆਂ ਛਾਬੇ ਵਿਚ ਢਕੀਆਂ ਪਈਆਂ ਰੋਟੀਆਂ ਦੀ ਗਿਣਤੀ ਦੱਸਕੇ ਉਸਨੂੰ ਆਪਣੀ ਸਿਆਣਪ ਦੱਸਣ ਦੀ ਨਿਗੁਣੀ ਕੋਸਿਸ ਕੀਤੀ।।

ਨੌਰੰਗ ਸਿੰਘ ਖਾਲਸਾ ਨੇ ਤੂੰਬੀ ਦੀ ਤਾਨ ਤੇ ਇਕ ਧਾਰਮਿਕ ਸਬਦ ਸੁਣਾਇਆ:

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ। ਤੂ ਵਿਸਰਹਿ ਤਾ ਸਭੁ ਕੋ ਲਾਗੂ ਚੀਤਿ ਆਵਹਿ ਤਾ ਸੇਵਾ। ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ।

ਤਰਸੇਮ ਸਿੰਘ ਗਰਚਾ ਨੇ ਕਵਿਤਾ ਜੂਨ 84 ਤੇ ਬੋਲਦਿਆਂ ਕਿਹਾ:

ਲੋਕਾਂ ਦੇ ਦਿਲਾਂ ਵਿਚ ਅਧੂਰੀਆਂ ਅਰਦਾਸਾਂ ਸਨ, ਕਈ ਘਰਾਂ ਦੇ ਦੀਵੇ ਉਸ ਰਾਤ ਬੁਝ ਗਏ, ਕਈ ਮਾਵਾਂ ਦੀਆਂ ਅੱਖਾਂ ਸਵੇਰ ਤੱਕ ਸੁਕ ਗਈਆਂ, ਜੂਨ 84 ਸਿਰਫ ਇਕ ਤਰੀਕ ਨਹੀਂ ਇਕ ਯਾਦ ਹੈ।

ਮਨਜੀਤ ਸਿੰਘ ਖਹਿਰਾ ਦੀ ਕਵਿਤਾ:

ਉਹਦੇ ਸਾਹਮਣੇ ਰੋਣ ਦਾ ਕੀ ਫਾਇਦਾ ਜਿਹੜਾ ਨਿਰਾ ਹੀ ਪੱਥਰ ਦਾ ਬੁੱਤ ਹੋਵੇ, ਕਾਲੀ ਕੋਇਲ ਨੂੰ ਉਦੋਂ ਕਲੋਲ ਫੁਰਦੇ ਜਦੋਂ ਅੰਬਾਂ ਤੇ ਬੂਰ ਦੀ ਰੁਤ ਹੋਵੇ। ਖਹਿਰੇ ਗਹਿਣਿਆਂ ਦੀ ਕੀ ਲੋੜ ਉਸਨੂੰ ਜੀਹਦੀ ਗੋਦ ਚ ਖੇਡਦਾ ਪੁਤ ਹੋਵੇ।

ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਜਿਹਨਾਂ ਨੇ ਕਰੋਨਾ ਕਾਲ ਤੋਂ ਬਾਅਦ ਬੰਦ ਹੋਇ ਸਾਹਿਤਕ ਦਰਬਾਰ ਨੂੰ ਦੁਬਾਰਾ ਚਾਲੂ ਕਰਨ ਦਾ ਸਲਾਘਾਯੋਗ ਉਪਰਾਲਾ ਕੀਤਾ ਸੀ ਨੇ ਗੁਰਦੁਆਰਾ ਸਾਹਿਬ ਦੇ ਯੋਗ ਪ੍ਰਬੰਧਕਾਂ ਦੀ ਪ੍ਰਸੰਸਾ ਕਰਦਿਆਂ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਜਿਨਾਂ ਦੀ ਯੋਗ ਅਗਵਾਈ ਹੇਠ ਪੰਜਾਬੀ ਬੋਲੀ ਦੀ ਚੜਦੀ ਕਲਾ ਲਈ ਇਹ ਸਾਹਿਤਕ ਦਰਬਾਰ ਕਰਵਾਇਆ ਜਾਂਦਾ ਹੈ। ਉਹਨਾਂ ਸਾਹਿਤਕ ਦਰਬਾਰ ਨੂੰ ਸੰਚਾਲਤ ਕਰਨ ਵਾਲਿਆਂ ਦੀ ਵੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਹਿਤਕ ਦਰਬਾਰ ਵਿਚ ਭਾਰੀ ਗਿਣਤੀ ਵਿੱਚ ਹਾਜਰੀ ਇਸ ਗੱਲ ਦੀ ਗਵਾਹੀ ਹੈ ਕਿ ਸਭ ਦੇ ਸਹਿਯੋਗ ਨਾਲ ਇਹ ਮਹੀਨਾਵਾਰ ਸਾਹਿਤਕ ਦਰਬਾਰ ਸਫਲਤਾ ਪੂਰਨ ਚੱਲ ਰਿਹਾ ਹੈ।

ਪ੍ਰਿੰਸੀਪਲ ਕੁਲਵੰਤ ਕੌਰ ਬਟਾਲਾ ਨੇ ਵੀ ਸਾਹਿਤਕ ਦਰਬਾਰ ਦੀ ਭਰਪੂਰ ਹਾਜਰੀ ਵੇਖਕੇ ਸਭ ਹਾਜਰੀਨਾ ਨੂੰ ਸੁਭ ਕਾਮਨਾਵਾਂ ਭੇਟ ਕੀਤੀਆਂ।

ਸਮਾਜ ਸੇਵੀ ਬੀਬੀ ਸਲਿੰਦਰ ਕੌਰ ਬੈਂਸ ਨੇ ਵੀ ਇਸ ਸਾਹਿਤਕ ਦਰਬਾਰ ਵਿਚ ਸਾਮਲ ਹੋਣ ਵਾਲੇ ਹਾਜਰੀਨਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਮਾਸਟਰ ਤਾਰਾ ਸਿੰਘ ਬਮਰਾ ਨੇ ਬੁਲੰਦ ਅਵਾਜ ਵਿਚ ਬੰਦੇ ਨੂੰ ਵਿਆਹ ਦੇ ਚਾਅ ਅਤੇ ਬਾਅਦ ਵਿਚ ਹੁੰਦੀ ਦੁਰਦਸਾ ਨੂੰ ਕਵਿਤਾ ਰਾਹੀਂ ਬਿਆਨ ਕੀਤਾ:

ਹੋਣਾ ਸੀ ਜਦ ਮੇਰਾ ਵਿਆਹ ਮੈਨੂੰ ਵੀ ਚੜਿਆ ਸੀ ਚਾਅ। ਸੋਚਦਾ ਸੀ ਜਦੋਂ ਕੰਮ ਤੋਂ ਆਵਾਂ ਵਹੁਟੀ ਤੇ ਹੁਕਮ ਚਲਾਵਾਂ ਉਹਦੀਆਂ ਪੱਕੀਆਂ ਖਾਵਾਂ। "ਪਰ" ਚਾਰ ਕੁ ਦਿਨ ਸੋਹਣੇ ਲੰਘੇ ਇਕ ਦਿਨ ਕਹਿੰਦੀ ਐਧਰ ਆਉ ਜੀ ਰੋਟੀ ਲਾਉ ਜੀ ਭਾਂਡੇ ਵੀ ਮਾਂਜ ਲਿਆਉ ਜੀ।

ਜਗਜੀਤ ਸਿੰਘ ਅਰਸੀ ਨੇ ਆਪਣੇ ਫੌਜ ਵਿਚ ਨੌਕਰੀ ਕਰਦਿਆਂ ਵੇਲੇ ਹੋਈਆਂ ਲੜਾਈਆਂ ਅਤੇ 84 ਵੇਲੇ ਦੇ ਅੱਖੀਂ ਡਿੱਠੇ ਹਾਲ ਉਤੇ ਚਾਨਣਾ ਪਾਇਆ। ਅਰਸੀ ਜੀ ਚੰਗੇ ਲਿਖਾਰੀ ਹਨ ਜਿਹਨਾਂ ਕੋਲ ਕਾਫੀ ਦੇਸਾਂ ਵਿਚ ਘੁੰਮਣ ਕਰਕੇ ਜਿੰਦਗੀ ਦਾ ਡੂੰਘਾ ਤਜਰਬਾ ਹੈ।

ਬੈਂਕ ਮੈਨੇਜਰ ਨਰਿੰਦਰਪਾਲ ਸਿੰਘ ਨੇ ਕਿਹਾ ਕਿ ਜਦੋਂ ਇਨਸਾਨ ਕਿਸੇ ਮੁਸਕਲ ਵਿਚ ਫਸ ਜਾਂਦਾ ਹੈ ਤਾਂ ਉਸਦੇ ਅੰਦਰ ਦੀ ਤਾਕਤ ਉਸਨੂੰ ਹਿੰਮਤ ਬਖਸਦੀ ਹੈ। ਇਸ ਕਹਾਵਤ ਨੂੰ ਸਿਧ ਕਰਨ ਲਈ ਉਹਨਾ ਰਾਜੇ ਜੂਲੀਅਸ ਸੀਜਰ ਦੀ ਉਦਾਹਰਨ ਦਿਤੀ ਜਿਸਨੇ ਆਪਣੀ ਫੌਜ ਨੂੰ ਲੜਾਈ ਦੇ ਮੈਦਾਨ ਵਿਚ ਕਰੋ ਜਾਂ ਮਰੋ ਦਾ ਨਾਹਰਾ ਦੇਕੇ ਆਪਣੇ ਸਾਰੇ ਸਮੁੰਦਰੀ ਜਹਾਜਾਂ ਨੂੰ ਅੱਗ ਲਗਾ ਦਿਤੀ ਸੀ ਅਤੇ ਅਖੀਰ ਫਤਹਿ ਪਾਈ। ਉਹਨਾਂ ਇਕ ਕਵਿਤਾ ਵੀ ਸੁਣਾਈ:

ਮਾਏ ਨੀ ਮਾਏ ਮੈਨੂੰ ਅਮ੍ਰਿਤਸਰ ਲਗਦਾ ਏ ਪਿਆਰਾ, ਜਿਥੇ ਸੋਨੇ ਦੀਆਂ ਇੱਟਾਂ ਲਗੀਆਂ ਅਤੇ ਚਾਂਦੀ ਦਾ ਲੱਗਿਆ ਗਾਰਾ।

ਇਸ ਸਾਹਿਤਕ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ, ਮਹਿੰਦਰ ਸਿੰਘ, ਸਤਨਾਮ ਸਿੰਘ ਗਿੱਲ, ਬੀਬੀ ਗਿਆਨ ਕੌਰ, ਮਹਿੰਦਰ ਸਿੰਘ ਨਿਝਰ, ਗੁਰਜੰਟ ਸਿੰਘ ਖਹਿਰਾ,ਚਾਰਲੀ, ਸੁਰਿੰਦਰ ਸਿੰਘ ਮਣਕੂ ਅਤੇ ਛਿੰਦਰਪਾਲ ਕੌਰ ਆਦਿ ਨੇ ਵੀ ਆਪਣੀ ਵਡਮੁਲੀ ਹਾਜਰੀ ਲਗਵਾਈ।

ਸਭਾ ਦੇ ਅਖੀਰ ਵਿਚ ਇਕ ਫੋਟੋ ਸੈਸਨ ਵੀ ਆਯੋਜਤ ਕੀਤਾ ਗਿਆ। ਸਭ ਹਾਜਰੀਨਾ ਨੇ ਅਗਲੀ ਵਾਰ ਫਿਰ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਅਤੇ ਫਤਹਿ ਦੀ ਸਾਂਝ ਪਾਉਂਦਿਆਂ ਆਪਣੇ ਆਪਣੇ ਘਰਾਂ ਨੂੰ ਵਿਦਾਇਗੀ ਲਈ। ਕੁਲ ਮਿਲਾਕੇ ਇਹ ਸਾਹਿਤਕ ਦਰਬਾਰ ਨਿਵੇਕਲੀਆਂ ਪੈੜਾਂ ਛੱਡਦਾ ਹੋਇਆ ਕਾਮਯਾਬ ਹੋ ਨਿਬੜਿਆ।

# ਨੀਮ ਹਕੀਮ ਖਤਰਾ-ਏ-ਜਾਨ

ਇਕ ਕਹਾਵਤ ਹੈ, 'ਜਿੰਨੇ ਮੂੰਹ ਓਨੀਆਂ ਗੱਲਾਂ' ਤੇ ਇਸ ਨੂੰ ਬਾਖੂਬੀ ਸਿੱਧ ਕਰ ਦਿਖਾਇਆ ਹੈ ਸੋਸਲ ਮੀਡੀਆ ਨੇ, ਜਿੱਥੇ ਹਰ ਕੋਈ ਡਾਕਟਰ, ਹਕੀਮ, ਖਾਣ-ਖੁਰਾਕ ਮਾਹਿਰ, ਸਿਹਤ ਚਿਕਿਤਸਕ ਤੇ ਇਲਾਜ ਵਿਗਿਆਨੀ ਬਣਿਆ ਬੈਠਾ ਹੈ। ਅਖਬਾਰਾਂ 'ਚ ਕਦੀ-ਕਦਾਈਂ ਛਪਦੇ ਸਿਹਤ ਪੰਨੇ 'ਤੇ ਸਿਹਤ ਨਾਲ ਜੁੜੀ ਜਾਣਕਾਰੀ ਛਪਦੀ ਹੈ ਜੋ ਕਿਸੇ ਮਸਹੂਰ ਮੈਡੀਕਲ ਜਾਂ ਡਾਕਟਰ ਵੱਲੋਂ ਸਾਂਝੀ ਕੀਤੀ ਹੁੰਦੀ ਹੈ ਜਾਂ ਫਿਰ ਚਿਹਰੇ ਦੀ ਸੁੰਦਰਤਾ ਨਾਲ ਸੰਬੰਧਤ ਹਲਕੇ-ਫੁਲਕੇ ਟੋਟਕੇ ਛਪੇ ਹੁੰਦੇ ਹਨ ਪਰ ਹੁਣ ਤੁਸੀਂ ਫੇਸਬੁੱਕ, ਇੰਸਟਾਗ੍ਰਾਮ ਜਾਂ ਇਹੋ ਜਿਹੀ ਕੋਈ ਹੋਰ ਸੋਸਲ ਸਾਈਟ ਖੋਲ੍ਹੋ ਤਾਂ ਸਹੀ; ਧੜਾਧੜ ਸਿਹਤ ਨਾਲ ਸੰਬੰਧਤ ਪੋਸਟਾਂ ਤੇ ਰੀਲਾਂ ਦਿਖਾਈ ਦੇਣ ਲਗਦੀਆਂ ਹਨ। ਜਿਹਨੂੰ ਦੇਖੋ ਉਹੀ ਆਪੋ ਆਪਣਾ ਪੇਜ/ਚੈਨਲ ਬਣਾ ਕੇ ਸਲਾਹਾਂ ਦੇਣ ਲੱਗਿਆ ਹੈ। ਸੋਹਣੀ ਜਿਹੀ ਕੁੜੀ ਮੂਹਰੇ ਬਿਠਾ ਕੇ ਵਿੰਗੇ-ਟੇਢੇ ਸਵਾਲ-ਜਵਾਬ ਕਰਦੇ ਨੇ ਜਿਸਨੂੰ ਪੌਡਕਾਸਟ ਦਾ ਨਾਮ ਦਿੱਤਾ ਜਾਂਦਾ ਹੈ। ਉੱਤੋਂ ਗੱਲਬਾਤ ਦਾ ਢੰਗ ਵੀ ਬੇਸਰਮੀ ਭਰਿਆ। ਕਈਆਂ ਦੀ ਤਾਂ ਸਬਦਾਵਲੀ ਵੀ ਇਹੋ ਜਿਹੀ ਹੁੰਦੀ ਹੈ ਕਿ ਤੁਹਾਨੂੰ ਕੱਲੇ ਸੁਣਦਿਆਂ/ਵੇਖਦਿਆਂ ਨੂੰ ਸੰਗ ਮਹਿਸੂਸ ਹੁੰਦੀ ਹੈ ਪਰ ਉਨ੍ਹਾਂ ਨੂੰ ਬੋਲਦਿਆਂ ਸਰਮ ਨਹੀਂ ਆਉਂਦੀ। ਬਿਮਾਰੀਆਂ ਦੇ ਅਜਿਹੇ ਲੱਛਣ ਦੱਸਣਗੇ ਕਿ ਚੰਗਾ-ਭਲਾ ਬੰਦਾ ਵੀ ਖੁਦ ਨੂੰ ਬਿਮਾਰ ਜਾਂ ਰੋਗੀ ਸਮਝਣ ਲਗ ਜਾਂਦਾ ਹੈ। ਉਸ ਤੋਂ ਬਾਅਦ ਆਪਣੀਆਂ ਦਵਾਈਆਂ, ਨੁਸਖਿਆਂ ਤੇ ਟੋਟਕਿਆਂ ਦੀਆਂ ਸਿਫਤਾਂ ਦੇ ਏਦਾਂ ਪੁਲ ਬੰਨ੍ਹਦੇ ਹਨ ਕਿ ਪਲਾਂ 'ਚ ਹੀ ਤੁਹਾਨੂੰ ਘੋੜਾ ਜਿਹਾ ਤਾਕਤਵਰ ਅਤੇ ਚੀਤੇ ਜਿਹਾ ਫੁਰਤੀਲਾ ਬਣਾ ਕੇ ਰੱਖ ਦਿੰਦੇ ਹਨ। ਜਦ ਕਿ ਅਸਲ 'ਚ ਇਨ੍ਹਾਂ ਲੋਕਾਂ ਕੋਲ ਕੋਈ ਪੁਖਤਾ ਵਿਗਿਆਨਕ ਜਾਣਕਾਰੀ ਹੁੰਦੀ ਹੀ ਨਹੀਂ।

ਇਨ੍ਹਾਂ ਲੋਕਾਂ ਦਾ ਮਗਰ ਲਾਉਣ ਦਾ ਸੌਖਾ ਢੰਗ ਦੇਖੋ, ਬਹੁਤਿਆਂ ਦਾ ਤਾਂ ਵਿਸਾ ਹੀ ਇਹ ਹੁੰਦਾ ਹੈ ਕਿ ਖਾਲੀ ਪੇਟ ਕੀ ਖਾਣਾ ਚਾਹੀਦਾ ਹੈ ਜਾਂ ਕਿ ਬਿਲਕੁਲ ਵੀ ਨਹੀਂ ਖਾਣਾ? ਕੋਈ ਕਹਿੰਦਾ ਆਹ ਖਾਓ ਕੋਈ ਕਹਿੰਦਾ ਓਹ ਖਾਓ। 'ਕਿਸੇ ਨੂੰ ਮਾਂਹ ਬਾਦੀ ਤੇ ਕਿਸੇ ਨੂੰ ਸੁਆਦੀ' ਕਹਾਵਤ ਹੀ ਫੇਲ੍ਹ ਕਰ ਰੱਖੀ ਹੈ, ਇਨ੍ਹਾਂ ਆਪੂੰ ਬਣੇ ਵਿਦਵਾਨਾਂ ਨੇ। ਕੋਈ ਪੁੱਛੇ, ਉਹ ਭਲਿਓਮਾਣਸੋ ਸਾਡੇ ਸਰੀਰ 'ਚ ਅੱਠ ਤਰਾਂ ਦੇ ਮੁੱਢਲੇ ਬਲੱਡ ਗਰੁੱਪ ਨੇ ਜੋ ਅੱਗੋਂ ਤਬਦੀਲ (ਕੰਪਲੈਕਸ) ਹੋ ਕੇ 330 ਤਰਾਂ ਦੇ ਬਣ ਜਾਂਦੇ ਨੇ। ਕਿਸੇ ਦਾ ਕੋਈ ਖੂਨ ਦਾ ਗਰੁੱਪ ਹੈ ਅਤੇ ਕਿਸੇ ਦਾ ਕੋਈ, ਕਿਸੇ 'ਚ ਜਿਆਦਾ ਮਾਤਰਾ ਅਤੇ ਕਿਸੇ 'ਚ ਘੱਟ, ਕਿਸੇ ਦੀ ਉਮਰ ਘੱਟ ਅਤੇ ਕਿਸੇ ਦੀ ਵੱਧ, ਕਿਸੇ ਦਾ ਸਰੀਰ ਮਾੜਾ ਅਤੇ ਕਿਸੇ ਦਾ ਤਕੜਾ, ਕੋਈ ਜਿਆਦਾ ਮਿਹਨਤੀ ਅਤੇ ਕੋਈ ਜਮਾਂ ਨਿਕੰਮਾ ਜਾਂ ਵਿਹਲਾ, ਕਿਸੇ ਦੀ ਪਾਚਨ ਕਿਰਿਆ ਤੇਜ ਅਤੇ ਕਿਸੇ ਦੀ ਹੌਲੀ। ਕੋਈ ਗਰਮ ਦੇਸ ਦਾ ਵਾਸੀ, ਕੋਈ ਠੰਡ 'ਚ ਰਹਿਣ ਵਾਲਾ। ਕੋਈ ਪਹਾੜਾਂ ਦਾ ਵਸਨੀਕ ਅਤੇ ਕੋਈ ਸਮੁੰਦਰ ਕੰਡੇ। ਔਰਤਾਂ ਦੇ ਰੋਗ ਹੋਰ ਅਤੇ ਮਰਦਾਂ ਦੇ ਹੋਰ। ਗੱਲ ਕੀ ਕਿਸੇ ਨੂੰ ਕੋਈ ਬਿਮਾਰੀ ਅਤੇ ਕਿਸੇ ਨੂੰ ਕੋਈ। ਉਸੇ ਹਿਸਾਬ ਨਾਲ ਖਾਧੀ ਚੀਜ ਮਾਫਿਕ ਬੈਠਦੀ ਹੈ ਜਾਂ ਫਿਰ ਵਿਗਾੜ ਕਰਦੀ ਹੈ ਪਰ ਤੁਹਾਡੇ ਲਈ ਸਭ ਮੱਝ, ਭੇਡ ਸਭ ਇੱਕੋ ਜਿਹੀ। ਉੱਪਰੋਂ ਉਹੋ ਜਿਹੇ ਅਸੀਂ। ਕੋਈ ਕਹਿ ਦੇਵੇ ਕਿ ਫਲਾਣੀ ਚੀਜ ਨੂੰ ਕੱਚਾ ਖਾਓ ਜਾਂ ਜਾਲ ਕੇ, ਸੁਆਹ ਬਣਾ ਕੇ ਖਾਓ, ਝੱਟ ਤਿਆਰ ਹੋ ਜਾਂਦੇ ਹਾਂ। ਹਜਾਰਾਂ ਰੁਪੱਈਏ ਖਰਚ ਕੇ ਭਸਮਾਂ ਇਕੱਠੀਆਂ ਕਰੀ ਫਿਰਦੇ ਹਾਂ। ਉਹ ਮਗਰ ਲੱਗੋ! ਤੁਹਾਡੀ ਵਰਜਿਸ ਤਕੜੀ ਜਾਂ ਕੰਮ ਜੋਰ ਦਾ ਹੈ ਤਾਂ ਭਾਵੇਂ, ਪੱਥਰ ਚੱਬ ਜਾਓ, ਲੋਹਾ ਖਾ ਲਓ, ਸਭ ਹਜਮ ਹੋ ਜਾਊ।




ਇਸ ਤੋਂ ਇਲਾਵਾ ਸਾਡੇ ਸਰੀਰ ਦੇ ਤਿੰਨ ਪ੍ਰਮੁੱਖ ਦੋਸ ਹਨ ਕਫ, ਪਿੱਤ ਤੇ ਵਾਤ ਦੋਸ। ਇਨ੍ਹਾਂ ਦੇ ਹਿਸਾਬ ਨਾਲ ਹੀ ਸਾਡੀ ਤਸੀਰ ਬਣਦੀ ਹੈ ਤੇ ਸਾਡਾ ਸਰੀਰ ਭੋਜਨ ਗ੍ਰਹਿਣ ਕਰਦਾ ਹੈ, ਹਜਮ ਕਰਦਾ ਹੈ ਤੇ ਨਤੀਜੇ ਦਿੰਦਾ ਹੈ। ਮੋਟੇ ਤੌਰ ਤੇ ਜਾਣੀਏ ਤਾਂ ਕਫ ਰੋਗ 28 ਬਿਮਾਰੀਆਂ ਦੀ ਜੜ੍ਹ, ਪਿੱਤ ਰੋਗ 50 ਰੋਗਾਂ ਲਈ ਜਿੰਮੇਵਾਰ ਅਤੇ ਵਾਤ ਦੋਸ 80 ਬਿਮਾਰੀਆਂ ਦਾ ਜਨਮਦਾਤਾ। ਪੁਰਾਣਾ ਸਮਾਂ ਯਾਦ ਕਰੋ ਜਦੋਂ ਬਲੱਡ ਗਰੁੱਪਾਂ ਬਾਰੇ ਪੁਖਤਾ ਜਾਣਕਾਰੀ ਨਹੀਂ ਸੀ ਤਾਂ ਹਕੀਮ ਕਰੂਲੇ (ਪਿਸਾਬ, ਮੂਤਰ) ਦਾ ਰੰਗ ਦੇਖ ਕੇ ਜਾਂ ਥੁੱਕ, ਮਲ ਦੇਖ ਕੇ ਉਪਚਾਰ ਕਰਦੇ ਸਨ ਤੇ ਹੁਣ ਮਾਹਿਰ ਡਾਕਟਰ ਘੱਟੋ-ਘੱਟ ਛੱਤੀ ਤਰਾਂ ਦੀਆਂ ਲੈਬ ਰਿਪੋਰਟਾਂ ਦੇਖ ਕੇ ਦਵਾਈ ਦਿੰਦੇ ਨੇ; ਤੁਸੀਂ ਕੀ ਉਨ੍ਹਾਂ ਤੋਂ ਵੀ ਉੱਪਰ ਹੋ ਗਏ? ਸਿਆਣਿਆਂ ਐਵੇਂ ਤਾਂ ਨੀ ਕਿਹਾ, 'ਨੀਮ ਹਕੀਮ ਖਤਰਾ ਹੈ ਜਾਨ।' ਇਨ੍ਹਾਂ ਅਣਜਾਣ ਵੈਦਾਂ ਦੀ ਗਲਤ ਸਲਾਹ ਕਈ ਵਾਰ ਲੋਕਾਂ ਲਈ ਖਤਰਨਾਕ ਸਾਬਤ ਹੋ ਸਕਦੀ ਹੈ, ਬਿਮਾਰੀ ਵਧ ਸਕਦੀ ਹੈ ਜਾਂ ਗਲਤ ਇਲਾਜ ਨਾਲ ਨੁਕਸਾਨ ਹੋ ਸਕਦਾ ਹੈ। ਮੇਰੇ ਖੁਦ ਦੇ ਦੇਖਣ ਦੀ ਗੱਲ ਹੈ ਕਿ ਸਭ ਤੋਂ ਜਿਆਦਾ ਗੁਰਦੇ ਉਨ੍ਹਾਂ ਲੋਕਾਂ ਦੇ ਖਰਾਬ ਹੋਏ ਨੇ, ਜਿਨ੍ਹਾਂ ਨੇ 'ਨੀਮ ਹਕੀਮਾਂ' ਕੋਲੋਂ ਬਿਨਾਂ ਕਿਸੇ ਮਾਰ ਕੇ ਜਾਂ ਪਛਾਣ ਦੀਆਂ ਪਾਊਡਰ ਦੇ ਰੂਪ ਵਿੱਚ ਉਪਲਬਧ ਦੇਸੀ ਦਵਾਈਆਂ ਖਾਧੀਆਂ ਨੇ। ਨਾ ਇਹਨਾਂ ਕੋਲ ਕੋਈ ਗਿਆਨ ਹੈ ਤੇ ਨਾ ਹੀ ਕੋਈ ਤਜਰਬਾ। ਇਨ੍ਹਾਂ ਲੋਕਾਂ ਦਾ ਅਸਲ ਮਕਸਦ ਸਿਰਫ ਇੱਕ ਹੀ ਹੈ, ਪੈਸਾ ਕਮਾਉਣਾ ਤੇ ਆਪਣਾ ਘਰ ਭਰਨਾ।

ਅੱਗੇ ਸੁਣੋ ਇਹ ਆਪੂੰ ਬਣੇ 'ਵੈਦ' ਇੱਕ ਦੂਜੇ ਦੇ ਮਗਰ ਲੱਗ ਕੇ ਕਹੀ ਜਾਂਦੇ ਨੇ ਕਿ ਸਾਨੂੰ ਖੜ੍ਹੇ ਹੋ ਕੇ ਪਾਣੀ ਨਹੀਂ ਪੀਣਾ ਚਾਹੀਦਾ ਤੇ ਇਸ ਪਿੱਛੇ ਤਰਕ ਇਹ ਦਿੱਤਾ ਜਾਂਦਾ ਹੈ ਕਿ ਇਸ ਤਰਾਂ ਕਰਨ ਨਾਲ ਪਾਣੀ ਗੋਡਿਆਂ 'ਚ ਪਹੁੰਚ ਜਾਂਦਾ ਹੈ। ਕੋਈ ਪੁੱਛੇ ਕਿ ਦੱਸੋ ਸਾਡੇ ਸਰੀਰ 'ਚ ਅਜਿਹਾ ਕਿਹੜਾ ਪਾਈਪ ਜਾਂ ਨਾਲੀ ਲੱਗੀ ਹੈ ਜੋ ਨਾਨ ਸਟਾਪ ਬੱਸ ਦੀ ਤਰਾਂ ਬਿਨਾਂ ਰਸਤੇ 'ਚ ਰੁਕੇ ਪਾਣੀ ਨੂੰ ਸਿੱਧਾ ਮੂੰਹ ਤੋਂ ਗੋਡਿਆਂ ਤੱਕ ਲੈ ਜਾਂਦੀ ਹੈ। ਇਸ ਹਿਸਾਬ ਤਾਂ ਹੁਣ ਤੱਕ ਹੀ ਸਾਰੇ ਖਿਡਾਰੀਆਂ ਤੇ ਐਥਲੀਟਾਂ ਦੇ ਗੋਡੇ ਖਰਾਬ ਹੋ ਚੁੱਕੇ ਹੁੰਦੇ। ਇੱਕ ਕਹਿੰਦਾ ਸੱਤ-ਅੱਠ ਲੀਟਰ ਪਾਣੀ ਪੀਓ। ਕੋਈ ਪੁੱਛੇ ਅੰਦਰ ਝੋਨਾ ਲਾ ਰੱਖਿਆ ਹੈ? ਮੌਸਮ ਦੇ ਅਨੁਕੂਲ, ਜਿੰਨੀ ਲੋੜ ਹੈ, ਸਰੀਰ ਨੇ ਆਪ ਹੀ ਮੰਗ ਲੈਣਾ। ਨਿਰਭਰ ਤੁਹਾਡੇ 'ਤੇ ਹੈ, ਪਿਆਸ ਲੱਗੀ ਤੋਂ ਪੀਣਾ ਹੈ ਜਾਂ ਟਾਲਣਾ।

ਨਿੱਜੀ ਤਜਰਬੇ ਦੀ ਗੱਲ ਕਰਾਂ ਤਾਂ ਵੀਹ-ਪੱਚੀ ਸਾਲ ਪਹਿਲਾਂ ਇਹੋ ਜਿਹਾ ਲਿਖਿਆ ਕਿਤੇ ਪੜ੍ਹ ਲਿਆ ਅਤੇ ਨਿਰਣੇ ਕਾਲਜੇ ਜਾਣੀ ਕਿ ਖਾਲੀ ਪੇਟ ਟਮਾਟਰ ਨੂੰ ਸੇਂਧਾ ਲੂਣ ਪਾ ਕੇ ਖਾਣਾ ਸੁਰੂ ਕਰ ਦਿੱਤਾ। ਨਤੀਜਾ ਯੂਰਿਕ ਐਸਿਡ ਵਧਣ ਲੱਗ ਗਿਆ। ਪਹਿਲਾਂ ਤਾਂ ਕਾਰਨ ਹੀ ਸਮਝ 'ਚ ਨਾ ਆਇਆ ਤੇ ਫਿਰ ਬੜੀ ਮੁਸਕਲ ਨਾਲ ਬਿਮਾਰੀ 'ਤੇ ਕਾਬੂ ਪਾ ਹੋਇਆ।

ਇਵੇਂ ਹੀ ਦੋ-ਤਿੰਨ ਕੁ ਸਾਲ ਪਹਿਲਾਂ ਕਿਸੇ ਨੀਮ ਹਕੀਮ ਦਾ ਟੋਟਕਾ ਪੜ੍ਹ ਲਿਆ ਕਿ ਸਰੀਰ ਨੂੰ ਡੀਟੋਕਸ ਕਰਨ ਲਈ ਰਾਤ ਨੂੰ ਖੀਰੇ ਦੇ ਕੁਝ ਟੁਕੜੇ, ਨਿੰਬੂ, ਅਦਰਕ ਤੇ ਪੁਦੀਨੇ ਸਮੇਤ ਪਾਣੀ ਵਿੱਚ ਭਿਉਂ ਦਿਓ ਅਤੇ ਸਵੇਰੇ ਉਹ ਪਾਣੀ ਪੀਓ। ਯਕੀਨ ਮੰਨਿਓ ਸਰੀਰ ਹੀ ਜੁੜ ਗਿਆ। ਕਿਸੇ ਹੋਰ ਸਿਆਣੇ ਨਾਲ ਮਸਵਰਾ ਸਾਂਝਾ ਕਰਿਆ ਤਾਂ ਉਹ ਕਹਿੰਦਾ ਬੇਵਕੂਫਾ! ਖੀਰਾ ਤਾਂ ਪਹਿਲਾਂ ਹੀ ਬਾਏ (ਬਾਅ) ਦਾ ਘਰ ਹੁੰਦਾ ਤੇ ਤੂੰ ਰਾਤ ਭਰ ਭਿਉਂ ਕੇ ਹੋਰ ਵਾ ਬਾਦਲਾ ਕਰ ਲਿਆ। ਮੁੜ ਕੇ ਖੀਰੇ ਖਾਣ ਦਾ ਖਹਿੜਾ ਹੀ ਛੱਡ ਦਿੱਤਾ ਤੇ ਬਿਲਕੁਲ ਸਹੀ ਹੋ ਗਿਆ।

ਨਾਲੇ ਹੁਣ ਵਾਲੇ ਖੀਰੇ ਤਾਂ ਹੈ ਈ ਬਾਅ। ਯਾਦ ਆਉਂਦਾ ਹੈ ਛੋਟੇ ਹੁੰਦਿਆਂ ਖੀਰਾ ਖਾਣ ਤੋਂ ਪਹਿਲਾਂ ਡੰਡੀ (ਸਿਰ) ਵਾਲੇ ਪਾਸਿਓਂ ਕੱਟ ਕੇ ਦੋ-ਚਾਰ ਮਿੰਟ ਧੜ ਉੱਤੇ ਮਲਣਾ। ਜਦੋਂ ਸਾਰੀ ਕੁੜੱਤਣ ਅਤੇ ਜਹਿਰ ਨਿਕਲ ਜਾਣੀ, ਫਿਰ ਟੁਕੜੇ ਕਰ ਕੇ ਖਾਣ ਲਈ ਪਲੇਟ ਵਿੱਚ ਸਜਾਉਣਾ। ਹੁਣ ਤਾਂ ਕੁੜੱਤਣ ਇੱਕ ਪਾਸੇ, ਬੀਜ ਵੀ ਨਹੀ ਰਹੇ ਖੀਰਿਆਂ ਵਿੱਚ। ਨਿਰੇ ਬਾਅ। ਵਾਤ ਦੋਸ ਵਾਲਿਆਂ ਲਈ ਤਾਂ ਸੁਧੀ ਜਹਿਰ।

ਹਾਂ ਕੁਝ ਗੱਲਾਂ ਤਰਕ ਸੰਗਤ ਜਰੂਰ ਹਨ। ਦਹੀਂ ਸਵੇਰੇ ਜਾਂ ਦੁਪਹਿਰੇ ਖਾਣਾ ਮਤਲਬ ਤਾਜਾ ਖਾਣਾ ਤੇ ਬੈਕਟੀਰੀਆ ਫੈਲਣ ਤੋਂ ਪਹਿਲਾਂ ਖਾਣਾ। ਕੇਲਾ ਦੁਪਹਿਰ ਵੇਲੇ ਖਾਣ ਦਾ ਮਤਲਬ ਹੈ ਓਦੋਂ ਮੌਸਮ ਵਿੱਚ ਗਰਮੀ ਹੁੰਦੀ ਹੈ ਤੇ ਕਫ ਦਾ ਕਾਰਨ ਨਹੀਂ ਬਣਦਾ ਜਦ ਕਿ ਰਾਤ ਨੂੰ ਕੇਲਾ ਖਾਧਾ ਰੇਸਾ ਕਰਦਾ ਹੈ ਤੇ ਰੇਸਾ ਜਾਂ ਜੁਕਾਮ ਦੌਰਾਨ ਦੁੱਧ ਪੀਣ ਦਾ ਮਤਲਬ ਹੈ ਮੁਸੀਬਤ ਨੂੰ ਹੋਰ ਵਧਾਉਣਾ। ਮੌਸਮੀ ਫਲ ਤੇ ਸਬਜੀਆਂ ਖਾਣਾ ਹਮੇਸਾ ਸਹੀ ਹੁੰਦਾ ਹੈ ਜਦ ਕਿ ਬੇਮੌਸਮੀ ਚੀਜ ਹਮੇਸਾ ਵਿਗਾੜ ਹੀ ਕਰਦੀ ਹੈ। ਇਸ ਤੋਂ ਇਲਾਵਾ ਜਿਵੇਂ ਕਿ ਸਿਆਣਿਆਂ ਦਾ ਨਚੋੜ ਹੈ, 'ਸਵੇਰ ਵੇਲੇ ਰਾਜੇ ਦੀ ਤਰਾਂ ਖਾਣਾ ਚਾਹੀਦਾ ਹੈ, ਦੁਪਹਿਰ ਵੇਲੇ ਰਾਜਕੁਮਾਰ ਦੀ ਤਰਾਂ ਅਤੇ ਰਾਤ ਨੂੰ ਭਿਖਾਰੀ ਦੀ ਤਰਾਂ।'

ਮਤਲਬ ਕਿ ਸਵੇਰ ਨੂੰ ਚੰਗੀ ਤਰਾਂ ਢਿੱਡ ਭਰ ਕੇ ਖਾਓ, ਦੁਪਹਿਰ ਨੂੰ ਅੱਧਾ ਢਿੱਡ ਭਰ ਕੇ ਅਤੇ ਰਾਤ ਨੂੰ ਬਹੁਤ ਘੱਟ ਸਿਰਫ ਗੁਜਾਰੇ ਜੋਗਾ। ਬਾਕੀ ਨਿਰਭਰ ਕਰਦਾ ਹੈ ਤੁਹਾਡੇ ਕੰਮ-ਕਾਰ ਅਤੇ ਸਿਹਤ 'ਤੇ।

ਵੈਸੇ ਸਾਡੇ ਗੁਆਂਢੀ ਮੁਲਕ ਚੀਨ ਨੇ ਇਸ ਮਾਮਲੇ ਵਿੱਚ ਪਹਿਲਕਦਮੀ ਕਰਦੇ ਹੋਏ, ਸਿਰਫ ਵਿਊਜ ਤੇ ਪੈਸੇ ਕਮਾਉਣ ਲਈ ਗਲਤ ਜਾਂ ਅਧੂਰੀ ਜਾਣਕਾਰੀ ਦੇ ਰਹੇ ਅਜਿਹੇ ਲੋਕਾਂ ਦੀ ਵਜ੍ਹਾ ਨਾਲ, ਹੋਰ ਆਮ ਲੋਕਾਂ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਨੂੰ ਦੇਖਦੇ ਹੋਏ ਇੱਕ ਸਖਤ ਕਾਨੂੰਨ ਲਾਗੂ ਕੀਤਾ ਹੈ ਜਿਸ ਦੇ ਤਹਿਤ ਹੁਣ ਕੋਈ ਵੀ ਵਿਅਕਤੀ ਬਿਨ੍ਹਾਂ ਮੈਡੀਕਲ ਡਿਗਰੀ ਜਾਂ ਪ੍ਰਮਾਣਿਤ ਯੋਗਤਾ ਦੇ ਸੋਸਲ ਮੀਡੀਆ 'ਤੇ ਸਿਹਤ ਸੰਬੰਧੀ ਸਲਾਹ ਨਹੀਂ ਦੇ ਸਕਦਾ। ਜਿਸ ਦਾ ਸਾਫ ਮਕਸਦ ਹੈ ਕਿ ਲੋਕਾਂ ਦੀ ਸਿਹਤ ਦੀ ਰੱਖਿਆ ਕਰਨੀ ਅਤੇ ਫੇਕ ਮੈਡੀਕਲ ਕਨਟੈਂਟ 'ਤੇ ਰੋਕ ਲਗਾਉਣੀ।

ਆਖਰ ਵਿੱਚ ਪਾਠਕਾਂ ਲਈ ਸੁਆਲ ਹੈ ਕਿ ਤੁਹਾਡੀ ਰਾਏ ਕੀ ਹੈ? ਕੀ ਭਾਰਤ ਵਿੱਚ ਵੀ ਐਸਾ ਕਾਨੂੰਨ ਬਣਨਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਗਲਤ ਸਿਹਤ ਸਲਾਹ ਤੋਂ ਬਚਾਇਆ ਜਾ ਸਕੇ?

ਗੁਰਜਿੰਦਰ ਸਿੰਘ ਸਾਹਦੜਾ

# ਆਧੁਨਿਕ ਯੁੱਗ ਦਾ ਘਾਤਕ ਹਥਿਆਰ 'ਡਰੋਨ'

ਤੇਰ੍ਹਵੀਂ ਸਦੀ ਵਿੱਚ ਇੰਗਲਿਸ ਲੌਂਗਬੋਅ (ਇੰਗਲੈਂਡ ਤੇ ਵੇਲਜ ’ਚ ਮੱਧਕਾਲ ਦੌਰਾਨ ਵਰਤੀ ਜਾਂਦੀ ਵੱਡੀ ਕਮਾਨ/ਧਨੁਸ) ਇੱਕ ਖੌਫਨਾਕ ਹਥਿਆਰ ਵਜੋਂ ਉੱਭਰੀ। ਇਸ ਕਮਾਨ ਨੂੰ 13ਵੀਂ ਤੋਂ 15ਵੀਂ ਸਦੀ ਦਰਮਿਆਨ ਇੰਗਲੈਂਡ ਦੇ ਫੌਜੀ ਦਬਦਬੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੇ ਮੱਧਕਾਲੀ ਜੰਗ ਦੇ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ, ਇੰਗਲੈਂਡ ਦੀ ਫੌਜੀ ਤਾਕਤ ਲੋਹੇ ਦੇ ਬਖਤਰਬੰਦ ਕੱਪੜੇ ਪਾਉਣ ਵਾਲੇ ਕੁਲੀਨ ਵਰਗ ਦੇ ਹੱਥਾਂ ਵਿੱਚੋਂ ਨਿਕਲ ਕੇ ਸਾਧਾਰਨ ਤੀਰਅੰਦਾਜਾਂ ਦੇ ਹੱਥਾਂ ਵਿੱਚ ਚਲੀ ਗਈ। ਇਹ ਬਦਲਾਅ ਐਨਾ ਵੱਡਾ ਸੀ ਕਿ ਐਡਵਰਡ (ਤੀਜੇ) ਨੇ ਇੱਕ ਸ਼ਾਹੀ ਫਰਮਾਨ ਜਾਰੀ ਕੀਤਾ ਕਿ “... ਹਰੇਕ ਤੰਦਰੁਸਤ ਵਿਅਕਤੀ ਐਤਵਾਰ ਅਤੇ ਛੁੱਟੀ ਵਾਲੇ ਦਿਨ ਤੀਰਅੰਦਾਜੀ ਦਾ ਅਭਿਆਸ ਕਰੇਗਾ ਅਤੇ ਬਾਕੀ ਸਾਰੀਆਂ ਖੇਡਾਂ ’ਤੇ ਪਾਬੰਦੀ ਹੋਵੇਗੀ।”

‘ਐਜਿਨਕੋਰਟ ਦੀ ਜੰਗ’ (1415) ਤਾਕਤ ਦੇ ਇਸ ਬਦਲਾਅ ਦੀ ਸਭ ਤੋਂ ਉੱਤਮ ਮਿਸਾਲ ਹੈ, ਜਿੱਥੇ ਲਗਪਗ 7,000 ਸਿਪਾਹੀਆਂ ਦੀ ਛੋਟੀ ਜਿਹੀ ਅੰਗਰੇਜ ਫੌਜ ਨੇ (ਜਿਸ ਵਿੱਚ 5,000 ਤੀਰਅੰਦਾਜ ਸਨ) ਬਖਤਰਬੰਦ ਘੋੜਸਵਾਰਾਂ ਵਾਲੀ ਬਹੁਤ ਵੱਡੀ ਫਰਾਂਸੀਸੀ ਫੌਜ (ਜਿਸ ਦੀ ਗਿਣਤੀ ਲਗਪਗ 20,000 ਸੀ) ਨੂੰ ਕਰਾਰੀ ਹਾਰ ਦਿੱਤੀ। ਇਸ ਵੱਡੀ ਕਮਾਨ (ਲੌਂਗਬੋਅ) ਨੇ ਆਮ ਲੋਕਾਂ ਨੂੰ ਫੌਜੀ ਤਾਕਤ ਦਾ ਅਹਿਮ ਹਿੱਸਾ ਬਣਾ ਦਿੱਤਾ ਅਤੇ ਇਸ ਨੇ ਵਪਾਰ ਤੇ ਦਸਤਕਾਰੀ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ। ਸ਼ੇਕਸਪੀਅਰ ਨੇ ਐਜਿਨਕੋਰਟ ਦੀ ਜੰਗ ਤੋਂ ਪਹਿਲਾਂ ਰਾਜਾ ਹੈਨਰੀ (ਪੰਜਵੇਂ) ਦੇ ਭਾਸਣ ਰਾਹੀਂ ਇਸ ਤਬਦੀਲੀ ਨੂੰ ਹਮੇਸਾ ਲਈ ਅਮਰ ਕਰ ਦਿੱਤਾ:

“ਅਸੀਂ ਕੁਝ ਲੋਕ, ਅਸੀਂ ਖੁਸਕਿਸਮਤ ਲੋਕ, ਅਸੀਂ ਭਰਾਵਾਂ ਦੀ ਇੱਕ ਟੋਲੀ ਹਾਂ; ਕਿਉਂਕਿ ਜੋ ਅੱਜ ਮੇਰੇ ਨਾਲ ਆਪਣਾ ਖੂਨ ਵਹਾਏਗਾ, ਉਹ ਮੇਰਾ ਭਰਾ ਬਣ ਜਾਵੇਗਾ; ਚਾਹੇ ਉਹ ਕਿੰਨਾ ਵੀ ਸਾਧਾਰਨ ਕਿਉਂ ਨਾ ਹੋਵੇ, ਇਹ ਦਿਨ ਉਸ ਦਾ ਰੁਤਬਾ ਉੱਚਾ ਕਰ ਦੇਵੇਗਾ।” ਅੱਜ ਦੇ ਦੌਰ ਵਿੱਚ ਡਰੋਨ ਇੱਕ ਖੌਫਨਾਕ ਹਥਿਆਰ ਬਣ ਕੇ ਉੱਭਰਿਆ ਹੈ। ਇਹ ਆਧੁਨਿਕ ਜੰਗ ਦੇ ਰੂਪ ਨੂੰ ਬਦਲ ਰਿਹਾ ਹੈ, ਜਿੱਥੇ ਬਹੁਤ ਛੋਟੇ ਦੇਸ ਵੀ ਮਹਾਸਕਤੀਆਂ ਦੀ ਫੌਜੀ ਤਾਕਤ ਨੂੰ ਵੰਗਾਰ ਅਤੇ ਉਨ੍ਹਾਂ ਦੇ ਹੰਕਾਰ ਨੂੰ ਮਿੱਟੀ ਵਿੱਚ ਮਿਲਾ ਰਹੇ ਹਨ। ਅਸੀਂ ਰੂਸ-ਯੂਕਰੇਨ ਜੰਗ ਅਤੇ ਅਮਰੀਕਾ-ਇਜਰਾਈਲ-ਇਰਾਨ ਟਕਰਾਅ ਵਿੱਚ ਇਹ ਪ੍ਰਤੱਖ ਦੇਖ ਚੁੱਕੇ ਹਾਂ। ਡੇਵਿਡ ਨੇ ਗੋਲਾਯਥ ਨੂੰ ਸਫਲਤਾਪੂਰਵਕ ਟੱਕਰ ਦਿੱਤੀ ਹੈ ਕਿਉਂਕਿ ਹੁਣ ਡੇਵਿਡ ਦੇ ਹੱਥ ਵਿੱਚ ਇੱਕ ਨਵੀਂ ਗੁਲੇਲ ਹੈ, ਜਿਸ ਨੂੰ ‘ਡਰੋਨ’ ਕਿਹਾ ਜਾਂਦਾ ਹੈ। ਸਸਤੇ ਅਤੇ ਵੱਡੇ ਪੱਧਰ ’ਤੇ ਤਿਆਰ ਕੀਤੇ ਗਏ ਡਰੋਨਾਂ ਨੇ ਵੱਡੀਆਂ-ਵੱਡੀਆਂ ਫੌਜਾਂ ਤੇ ਜੰਗੀ ਬੇੜਿਆਂ ਨੂੰ ਉਲਝਾ ਕੇ ਰੱਖ ਦਿੱਤਾ ਹੈ ਅਤੇ ਉਨ੍ਹਾਂ ਦੀ ਰਫਤਾਰ ਨੂੰ ਬਰੇਕਾਂ ਲਗਾ ਦਿੱਤੀਆਂ ਹਨ।

ਅਸੀਂ ਰੂਸ ਦੀ ਉਦਾਹਰਣ ਦੇਖੀਏ। ਰੂਸ ਲੰਮੇ ਸਮੇਂ ਤੋਂ ਯੂਕਰੇਨ ’ਤੇ ਹਮਲਾ ਕਰਨ ਅਤੇ ਉਸ ਨੂੰ ਆਪਣੇ ਨਾਲ ਰਲਾਉਣ ਦੀ ਯੋਜਨਾ ਬਣਾ ਰਿਹਾ ਸੀ। ਉਸ ਨੂੰ ਅਜਿਹਾ ਕਰਨ ਦਾ ਬਹਾਨਾ ਨਾਟੋ ਦੇ ਲਗਾਤਾਰ ਹੋ ਰਹੇ ਪਸਾਰ ਤੋਂ ਮਿਲਿਆ, ਜਿਸ ਨੇ ਯੂਕਰੇਨ ਨੂੰ ਆਪਣਾ ਮੈਂਬਰ ਦੇਸ ਬਣਾਉਣ ਦੀ ਧਮਕੀ ਦਿੱਤੀ ਸੀ ਤਾਂ ਜੋ ਰੂਸ ਦੀਆਂ ਸਰਹੱਦਾਂ ਤੱਕ ਪਹੁੰਚਿਆ ਜਾ ਸਕੇ। ਰੂਸੀਆਂ ਨੇ ਇਸ ਮੁਹਿੰਮ ਨੂੰ ‘ਵਿਸੇਸ ਫੌਜੀ ਕਾਰਵਾਈ’ ਦਾ ਨਾਂ ਦਿੱਤਾ ਜੋ ਕਿ ਪੈਦਲ ਫੌਜ, ਤੋਪਖਾਨੇ, ਹਵਾਈ ਫੌਜ ਅਤੇ ਜਲ ਸੈਨਾ ਦੁਆਰਾ ਕੀਤਾ ਗਿਆ ਇੱਕ ਪੂਰਨ ਹਮਲਾ ਸੀ।

ਰੂਸੀ ਰਾਸਟਰਪਤੀ ਵਲਾਦੀਮੀਰ ਪੂਤਿਨ ਨੇ ਦਾਅਵਾ ਕੀਤਾ ਸੀ ਕਿ ਇਹ ਕਾਰਵਾਈ ਕੁਝ ਹੀ ਦਿਨਾਂ ਵਿੱਚ ਮੁਕੰਮਲ ਹੋ ਜਾਵੇਗੀ। ਟੀਵੀ ਚੈਨਲਾਂ ’ਤੇ ਯੂਕਰੇਨ ਵੱਲ ਵਧਦੇ ਰੂਸੀ ਬਖਤਰਬੰਦ



ਵਾਹਨਾਂ ਦੇ ਅੰਤਹੀਣ ਕਾਫਲੇ ਸਾਫ ਦਿਖਾਈ ਦੇ ਰਹੇ ਸਨ, ਪਰ ਰੂਸ ਨੇ ਦੁਸਮਣ ਨੂੰ ਕਮਜੋਰ ਸਮਝਣ ਦੀ ਭੁੱਲ ਕਰ ਦਿੱਤੀ। ਇਸ ਜੰਗ ਵਿੱਚ ਯੂਕਰੇਨ ਨੂੰ ਅਮਰੀਕਾ ਅਤੇ ਨਾਟੋ ਵੱਲੋਂ ਹਥਿਆਰਾਂ, ਗੋਲਾ-ਬਾਰੂਦ ਅਤੇ ਖੁਫੀਆ ਜਾਣਕਾਰੀ ਦੀ ਭਰਪੂਰ ਮਦਦ ਮਿਲ ਰਹੀ ਸੀ।

ਹੌਲੀ-ਹੌਲੀ ਰੂਸੀ ਫੌਜ ਇਸ ਦਲਦਲ ਵਿੱਚ ਫਸ ਗਈ ਅਤੇ ਉਸ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਝੱਲਣਾ ਪਿਆ। ਯੂਕਰੇਨ ਨੇ ਸੁਰੂਆਤੀ ਪਛਾੜ ਤੋਂ ਉੱਭਰਦਿਆਂ ਵਿਸਾਲ ਰੂਸੀ ਫੌਜ ਦੇ ਕਦਮ ਰੋਕ ਦਿੱਤੇ। ਅਖਬਾਰ ‘ਦਿ ਹਿੰਦੂ’ ਦੇ ਇੱਕ ਹਾਲੀਆ ਲੇਖ ਮੁਤਾਬਿਕ ਯੂਕਰੇਨ ਨੇ ਆਮ ਨਾਗਰਿਕਾਂ ਦੀ ਵਰਤੋਂ ਵਾਲੇ ਵਪਾਰਕ ਡਰੋਨਾਂ ਨੂੰ ਬਹੁਤ ਤੇਜੀ ਨਾਲ ਜਾਸੂਸੀ ਅਤੇ ਹਮਲਾਵਰ ਹਥਿਆਰਾਂ ਵਿੱਚ ਬਦਲ ਦਿੱਤਾ। ਛੋਟੇ ਕੁਆਡਕਾਪਟਰ ਅਤੇ ਐੱਫ ਪੀ ਵੀ (ਫਰਸਟ ਪਰਸਨ ਵਿਊ) ਡਰੋਨਾਂ ਨੂੰ ਘੱਟ ਲਾਗਤ ਵਾਲੇ ਸਟੀਕ ਨਿਸਾਨਾ ਲਗਾਉਣ ਵਾਲੇ ਮਾਰੂ ਹਥਿਆਰਾਂ ਵਜੋਂ ਜੰਗ ਵਿੱਚ ਉਤਾਰਿਆ ਗਿਆ।

ਇਹ ਡਰੋਨ ਤਬਾਹੀ ਦਾ ਵੱਡਾ ਜਰੀਆ ਬਣੇ ਅਤੇ ਸਾਲ 2024 ਤੱਕ ਇਨ੍ਹਾਂ ਨੂੰ ਯੂਕਰੇਨੀ ਫੌਜ ਦੇ ਹਰ ਹਿੱਸੇ ਵਿੱਚ ਪੂਰੀ ਤਰ੍ਹਾਂ ਸਾਮਿਲ ਕਰ ਲਿਆ ਗਿਆ। ਸੰਖੇਪ ਵਿੱਚ ਕਹੀਏ ਤਾਂ ਡਰੋਨਾਂ ਨੇ ਜੰਗ ਦਾ ਪਾਸਾ ਹੀ ਪਲਟ ਦਿੱਤਾ। ਕਦੇ ਬਚਾਅ ਦੀ ਸਥਿਤੀ ਵਿੱਚ ਪਿੱਛੇ ਹਟ ਰਿਹਾ ਯੂਕਰੇਨ ਅੱਜ ਰੂਸ ਦੇ ਅੰਦਰ ਤੱਕ ਤੇਲ ਡਿੱਪੂਆਂ, ਹਵਾਈ ਅੱਡਿਆਂ, ਜੰਗੀ ਜਹਾਜਾਂ ਅਤੇ ਮਾਸਕੋ ਤੇ ਸੇਂਟ ਪੀਟਰਸਬਰਗ ਵਰਗੇ ਸਹਿਰਾਂ ’ਤੇ ਸਿੱਧੇ ਹਮਲੇ ਕਰ ਰਿਹਾ ਹੈ। ਰੂਸ ਦੀ ਤਿੰਨ ਦਿਨਾਂ ਦੀ ਇਹ ਕਾਰਵਾਈ ਹੁਣ ਇੱਕ ਅਜਿਹੀ ਲੰਮੀ ਜੰਗ ਵਿੱਚ ਬਦਲ ਚੁੱਕੀ ਹੈ, ਜੋ ਆਪਣੇ ਪੰਜਵੇਂ ਸਾਲ ਵਿੱਚ ਦਾਖਲ ਹੋ ਗਈ ਹੈ।

ਇਸੇ ਸੰਦਰਭ ਵਿੱਚ ਅਮਰੀਕਾ-ਇਜਰਾਈਲ ਦੀ ਇਰਾਨ ਨਾਲ ਜੰਗ ਦਾ ਜਿਕਰ ਕਰਨਾ ਵੀ ਵਾਜਬ ਹੋਵੇਗਾ। ਅਮਰੀਕਾ ਨੇ ਖਾੜੀ ਖੇਤਰ ਵਿੱਚ ਆਪਣੇ ਵੱਡੇ ਜੰਗੀ ਬੇੜੇ ਅਤੇ ਫੌਜਾਂ ਤਾਇਨਾਤ ਕਰਕੇ ਇਰਾਨ ਨੂੰ ਬਿਨਾਂ ਸਰਤ ਆਤਮ-ਸਮਰਪਣ ਕਰਨ ਲਈ ਕਿਹਾ। ਇਸ ਤੋਂ ਬਾਅਦ ਅਮਰੀਕਾ ਅਤੇ ਇਜਰਾਈਲ ਨੇ ਹਵਾਈ ਹਮਲਿਆਂ ਰਾਹੀਂ ਇਰਾਨ ਦੀ ਅਧਿਆਤਮਕ, ਫੌਜੀ ਅਤੇ ਖੁਫੀਆ ਲੀਡਰਸਿਪ ਦਾ ਖਾਤਮਾ ਕਰ ਦਿੱਤਾ ਅਤੇ ਇਰਾਨ ਨੂੰ ਨਕਸੇ ਤੋਂ ਮਿਟਾਉਣ ਦੀ ਧਮਕੀ ਦਿੱਤੀ। ਦਰਅਸਲ, ਅਮਰੀਕਾ ਇਰਾਨੀਆਂ ਦੇ ਸੱਭਿਆਚਾਰਕ ਜਜਬੇ, ਇਤਿਹਾਸ ਅਤੇ ਲੱਖਾਂ ਡਰੋਨਾਂ ਤੇ ਮਿਜਾਈਲਾਂ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਤਰੱਕੀ ਨੂੰ ਭੁੱਲ ਗਿਆ। ਇਰਾਨ ਕੋਲ ਲੀਡਰਸਿਪ ਦੀਆਂ ਅਗਲੀਆਂ ਸਫਾਂ ਅਤੇ ਰਣਨੀਤਕ ਸੂਝ-ਬੂਝ ਮੌਜੂਦ ਸੀ। ਨਤੀਜੇ ਵਜੋਂ, ਅਮਰੀਕਾ ਦੇ ਹੰਕਾਰ ਨੂੰ ਫਿਰ ਮਾਤ ਮਿਲੀ। ਇਰਾਨ ਨੇ ਡਰੋਨਾਂ ਅਤੇ ਮਿਜਾਈਲਾਂ ਨਾਲ ਖਾੜੀ ਦੇਸਾਂ ਵਿੱਚ ਅਮਰੀਕੀ ਟਿਕਾਣਿਆਂ ’ਤੇ ਜੋਰਦਾਰ ਹਮਲੇ ਕੀਤੇ। ਇਜਰਾਈਲ ਨੂੰ ਵੀ ਇਨ੍ਹਾਂ ਹਮਲਿਆਂ ਦਾ ਸੇਕ ਝੱਲਣਾ ਪਿਆ। ਡਰੋਨ ਅਤੇ ਮਿਜਾਈਲ ਹਮਲਿਆਂ ਦੇ ਡਰੋਂ ਵਪਾਰਕ ਜਹਾਜਾਂ ਲਈ ਹੋਰਮੁਜ ਜਲਡਮਰੂ ਨੂੰ ਬੰਦ ਕਰਨਾ ਇਰਾਨ ਦਾ ਇੱਕ ਵੱਡਾ ਰਣਨੀਤਕ ਦਾਅ ਸੀ, ਜਿਸ ਨੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਗੋਡਿਆਂ ਪਰਨੇ ਕਰ ਦਿੱਤਾ। ਇੱਕ ਵਾਰ ਫਿਰ ਇੱਕ ਦ੍ਰਿੜ੍ਹ ਫੌਜ ਦੇ ਹੱਥਾਂ ਵਿੱਚ ਮੌਜੂਦ ਸਸਤੇ ਅਤੇ ਆਮ ਡਰੋਨਾਂ ਨੇ ਆਪਣੀ ਤਾਕਤ ਤੋਂ ਕਿਤੇ ਵੱਡਾ ਮਾਅਰਕਾ ਮਾਰਦਿਆਂ ਇੱਕ ਮਹਾਸਕਤੀ ਅਤੇ ਉਸ ਦੀ ਸਮੁੱਚੀ ਫੌਜੀ ਮਸੀਨਰੀ ਦੀ ਰਫਤਾਰ ਨੂੰ ਬਰੇਕਾਂ ਲਗਾ ਦਿੱਤੀਆਂ। ਡਰੋਨਾਂ ਦੁਆਰਾ ਸੰਚਾਲਿਤ ਇਸ ‘ਆਸਮਾਨੀ ਯੁੱਧ’ ਨੇ ਜੰਗ ਦੇ ਮੈਦਾਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਤਿਹਾਸ ਗਵਾਹ ਹੈ ਕਿ ਅਜਿਹੀਆਂ ਤਬਦੀਲੀਆਂ ਹਮੇਸਾ ਸਿਆਸੀ, ਸਮਾਜਿਕ ਅਤੇ ਆਰਥਿਕ ਉਲਟਫੇਰ ਲੈ ਕੇ ਆਉਂਦੀਆਂ ਹਨ। ‘ਇੰਗਲਿਸ ਲੌਂਗਬੋਅ’ ਇਸ ਦੀ ਵੱਡੀ ਮਿਸਾਲ ਸੀ। ਇਤਿਹਾਸ ਵਿੱਚ ਅਜਿਹੀਆਂ ਕਈ ਹੋਰ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਮੰਗੋਲਾਂ ਦੇ ਧਨੁਸ, ਬਾਰੂਦ ਦੀ ਖੋਜ ਅਤੇ ਲੀ-ਐਨਫੀਲਡ ਰਾਈਫਲ। ਜਦੋਂ ਵੀ ਤਾਕਤ ਦਾ ਸੰਤੁਲਨ ਵਿਗੜਦਾ ਹੈ, ਪੁਰਾਣੀ ਵਿਵਸਥਾ ਟੁੱਟਦੀ ਹੈ ਅਤੇ ਨਵੇਂ ਸਾਮਰਾਜ ਤੇ ਗੱਠਜੋੜ ਉੱਭਰਦੇ ਹਨ। ਇਹ ਕਹਿਣਾ ਮੁਸਕਿਲ ਹੈ ਕਿ ਇਸ ਪ੍ਰਕਿਰਿਆ ਵਿੱਚ ਕਿੰਨਾ ਸਮਾਂ ਲੱਗੇਗਾ, ਪਰ ਬਦਲਾਅ ਅਟੱਲ ਹੈ।

ਇਹ ਸਥਿਤੀ ਸਾਨੂੰ ਇਸ ਸਵਾਲ ਵੱਲ ਲੈ ਕੇ ਆਉਂਦੀ ਹੈ ਕਿ ਇਸ ਸਭ ਦਾ ਭਾਰਤ ’ਤੇ ਕੀ ਅਸਰ ਪਵੇਗਾ? ਮੈਂ ਆਪਣੇ ਪਿਛਲੇ ਲੇਖਾਂ ਵਿੱਚ ਚੀਨ-ਪਾਕਿਸਤਾਨ-ਬੰਗਲਾਦੇਸ ਦੇ ਉੱਭਰ ਰਹੇ ਗੱਠਜੋੜ ਦਾ ਜਿਕਰ ਕੀਤਾ ਹੈ। ਅਮਰੀਕਾ ਅਤੇ ਚੀਨ ਉੱਪਰ ਪਾਕਿਸਤਾਨ ਦਾ ਪ੍ਰਭਾਵ ਜਿਉਂ-ਜਿਉਂ ਵਧੇਗਾ, ਤਿਉਂ-ਤਿਉਂ ਉਸ ਦੀਆਂ ਲਾਲਸਾਵਾਂ ਵੀ ਵਧਣਗੀਆਂ (ਜਿਸ ਦਾ ਪ੍ਰਗਟਾਵਾ ਉਹ ਜੰਮੂ-ਕਸਮੀਰ ਦੇ ਸੰਦਰਭ ਵਿੱਚ ਕਈ ਵਾਰ ਕਰ ਚੁੱਕਾ ਹੈ)। ਦੂਜੇ ਪਾਸੇ, ਚੀਨ ਨੂੰ ਅਮਰੀਕਾ ਅਤੇ ਰੂਸ ਦੀਆਂ ਰਣਨੀਤਕ ਗਲਤੀਆਂ ਦਾ ਸਿੱਧਾ ਫਾਇਦਾ ਮਿਲ ਰਿਹਾ ਹੈ। ਚੀਨ ਦਾ ਰਵੱਈਆ ਲੱਦਾਖ, ਉੱਤਰ-ਪੂਰਬ ਦੇ ਨਾਲ-ਨਾਲ ਭਾਰਤ ਨਾਲ ਵਪਾਰ ਦੇ ਮਾਮਲੇ ਵਿੱਚ ਅਜੇ ਵੀ ਹਮਲਾਵਰ ਹੈ।

ਇੱਕੀਵੀਂ ਸਦੀ ਮਸਨੂਈ ਬੁੱਧੀ (ਆਰਟੀਫੀਸੀਅਲ ਇੰਟੈਲੀਜੈਂਸ), ਰੋਬੋਟਿਕਸ, ਡਰੋਨ ਅਤੇ ਊਰਜਾ ਤਬਦੀਲੀ ਦਾ ਦੌਰ ਹੈ, ਜਿੱਥੇ ਨਵੇਂ ਫੌਜੀ ਅਤੇ ਆਰਥਿਕ ਗੱਠਜੋੜ ਬਣ ਰਹੇ ਹਨ। ਅਮਰੀਕਾ ਨੇ ਮੁਕਤ ਵਪਾਰ ਦੀ ਪੁਰਾਣੀ ਆਲਮੀ ਵਿਵਸਥਾ ਨੂੰ ਖਤਮ ਕਰ ਕੇ ਇਸ ਨਵੇਂ ਬਦਲਾਅ ਦੀ ਕਮਾਨ ਸੰਭਾਲ ਲਈ ਹੈ। ਬੇਸ਼ੱਕ, ਚੀਨ ਦੀ ਉਦਯੋਗਿਕ ਅਤੇ ਵਪਾਰਕ ਤਾਕਤ ਨੇ ਹੀ ਅਮਰੀਕਾ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।

18ਵੀਂ ਅਤੇ 19ਵੀਂ ਸਦੀ ਵਿੱਚ ਦੁਨੀਆ ਦੇ ਸਰੋਤਾਂ ’ਤੇ ਕਬਜਾ ਕਰਨ ਲਈ ਬਸਤੀਵਾਦੀਆਂ ਦੀ ਦੌੜ ਲੱਗੀ ਹੋਈ ਸੀ। ਅੱਜ ਇੱਕ ਵਾਰ ਫਿਰ ਤਾਕਤ ਦਾ ਪਹੀਆ ਘੁੰਮ ਰਿਹਾ ਹੈ ਅਤੇ ਮਹਾਸਕਤੀਆਂ ਦੁਨੀਆ ’ਤੇ ਦਬਦਬਾ ਬਣਾਉਣ ਲਈ ਆਹਮੋ-ਸਾਹਮਣੇ ਹਨ। ਇਸ ਉਥਲ-ਪੁਥਲ ਦੇ ਦੌਰ ਵਿੱਚ ਭਾਰਤ ਨੂੰ ਬਹੁਤ ਤੇਜੀ ਨਾਲ ਆਪਣੀ ਦਿਸਾ ਤੈਅ ਕਰਨੀ ਪਵੇਗੀ। ਸਾਡੀ ਆਰਥਿਕਤਾ ਮੱਧ-ਆਮਦਨ ਦੇ ਜਾਲ ਵਿੱਚ ਫਸ ਰਹੀ ਹੈ, ਜਿੱਥੇ ਵਿਕਾਸ ਤਾਂ ਹੋ ਰਿਹਾ ਹੈ ਪਰ ਰੁਜਗਾਰ ’ਚ ਵਾਧਾ ਨਹੀਂ ਹੋ ਰਿਹਾ। ਸਾਡੇ ਬਹੁਤੇ ਡਿਗਰੀਧਾਰੀ ਨੌਜਵਾਨਾਂ ਦੀ ਆਮਦਨ, ਟੈਕਸ ਦੀ ਹੱਦ ਤੋਂ ਵੀ ਘੱਟ ਹੈ ਅਤੇ ਉਨ੍ਹਾਂ ਨੂੰ ਮਹਿੰਗਾਈ ਦੀ ਮਾਰ ਝੱਲਣੀ ਪੈ ਰਹੀ ਹੈ। ਬੇਰੁਜਗਾਰੀ ਅਤੇ ਮਹਿੰਗਾਈ ਦਾ ਇਹ ਸੁਮੇਲ ਬੇਹੱਦ ਘਾਤਕ ਹੈ, ਜਿਸ ਦਾ ਫਾਇਦਾ ਦੇਸ ਵਿਰੋਧੀ ਅਨਸਰ ਅੰਦਰੂਨੀ ਕਲੇਸ਼ ਪੈਦਾ ਕਰਨ ਲਈ ਉਠਾ ਸਕਦੇ ਹਨ। ਐੱਫ ਪੀ ਵੀ ਡਰੋਨਾਂ ਨੇ ਦਿਖਾ ਦਿੱਤਾ ਹੈ ਕਿ ਇੱਕ ਬੰਦਾ ਵੀ ਕਿੰਨੀ ਵੱਡੀ ਤਬਾਹੀ ਮਚਾ ਸਕਦਾ ਹੈ।

ਜੰਮੂ ਕਸਮੀਰ, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਉੱਤਰ-ਪੂਰਬ ਦੀਆਂ ਸਰਹੱਦਾਂ ਰਾਹੀਂ ਹਥਿਆਰਾਂ, ਗੋਲਾ-ਬਾਰੂਦ ਅਤੇ ਨਸਿਆਂ ਦੀ ਤਸਕਰੀ ਲਈ ਡਰੋਨਾਂ ਦੀ ਲਗਾਤਾਰ ਵਰਤੋਂ ਕੀਤੀ ਜਾ ਰਹੀ ਹੈ। ਉੱਤਰ-ਪੂਰਬ ਅਤੇ ਜੰਮੂ ਕਸਮੀਰ ਵਰਗੇ ਸੰਵੇਦਨਸੀਲ ਇਲਾਕਿਆਂ ਦੇ ਆਪਸੀ ਮੱਤਭੇਦਾਂ ਨੂੰ ਸਾਰਿਆਂ ਦੀ ਸਮੂਲੀਅਤ ਅਤੇ ਵਿਕਾਸ ਦੀ ਭਾਵਨਾ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਾਡੇ ਕੋਲ ਕੋਈ ਹੋਰ ਰਾਹ ਨਹੀਂ ਹੈ। ਦੇਸ ਨੂੰ ਅੰਦਰੂਨੀ ਤੌਰ ’ਤੇ ਇਕਜੁੱਟ ਹੋ ਕੇ ਰਣਨੀਤਕ ਭਾਈਵਾਲੀ ਅਤੇ ਕੂਟਨੀਤੀ ਰਾਹੀਂ ਆਪਣੇ ਕੌਮਾਂਤਰੀ ਗੱਠਜੋੜ ਮਜਬੂਤ ਕਰਨ ਦੀ ਲੋੜ ਹੈ।

ਰੂਸ ਅਤੇ ਅਮਰੀਕਾ ਦੇ ਮੌਜੂਦਾ ਤਜਰਬਿਆਂ ਤੋਂ ਸਬਕ ਲੈਂਦਿਆਂ ਭਾਰਤ ਨੂੰ ਆਪਣੀਆਂ ਮੌਜੂਦਾ ਅਤੇ ਭਵਿੱਖੀ ਫੌਜੀ ਰਣਨੀਤੀਆਂ ’ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਫੌਜ ਵਿੱਚ ਨਵੇਂ ਹਥਿਆਰਾਂ ਅਤੇ ਡਰੋਨ ਵਿਰੋਧੀ ਪ੍ਰਣਾਲੀਆਂ ਨੂੰ ਤੁਰੰਤ ਸਾਮਿਲ ਕਰਨਾ ਸਮੇਂ ਦੀ ਮੁੱਖ ਮੰਗ ਹੈ।

ਗੁਰਬਚਨ ਜਗਤ

ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।
If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

# ਕਲਮ ਦੇ ਫਕੀਰ ਅਤੇ ਸੁਰਾਂ ਦੇ ਸ਼ਹਿਨਸ਼ਾਹ ਦੀ ਅਮਰ ਜੋੜੀ

ਕੁਝ ਰਿਸਤੇ ਦੁਨਿਆਵੀ ਹੱਦਾਂ ਤੋਂ ਪਾਰ, ਸਿੱਧੇ ਰੂਹਾਂ ਦੇ ਤਲ 'ਤੇ ਜੁੜਦੇ ਹਨ। ਪੰਜਾਬੀ ਗ਼ਜ਼ਲ, ਸੂਫੀਆਨਾ ਅਤੇ ਲੋਕ-ਗਾਇਕੀ ਦੇ ਇਤਿਹਾਸ ਵਿੱਚ ਅਜਿਹਾ ਹੀ ਇੱਕ ਇਲਾਹੀ ਸੰਗਮ ਸੀ, ਸੁਰਾਂ ਦੇ ਸਹਿਨਸਾਹ ਉਸਤਾਦ ਨੁਸਰਤ ਫਤਹਿ ਅਲੀ ਖਾਨ ਅਤੇ ਦਰਵੇਸ ਸਾਇਰ ਬਰੀ ਨਿਜਾਮੀ ਦੀ ਅਮਰ ਜੋੜੀ। ਇਸ ਜੋੜੀ ਨੇ ਮਿਲ ਕੇ ਸਬਦਾਂ ਅਤੇ ਸੰਗੀਤ ਦਾ ਜੋ ਜਾਦੂ ਸਿਰਜਿਆ, ਉਹ ਅੱਜ ਵੀ ਸੁਣਨ ਵਾਲਿਆਂ ਨੂੰ ਕੀਲ ਲੈਂਦਾ ਹੈ। ਇੱਕ ਕੋਲ ਫੱਕੜ ਸੁਭਾਅ, ਬਾਗੀ ਸੋਚ ਅਤੇ ਲੋਕ-ਦਰਦ ਵਿੱਚ ਭਿੱਜੀ ਕਲਮ ਸੀ, ਤਾਂ ਦੂਜੇ ਕੋਲ ਉਹ ਰੂਹਾਨੀ ਆਵਾਜ, ਜਿਸਨੇ ਉਨ੍ਹਾਂ ਰੂਹਾਨੀ ਲਫਜਾਂ ਨੂੰ ਅੰਬਰਾਂ ਦੀਆਂ ਉਡਾਰੀਆਂ ਬਖਸੀਆਂ। ਜਦੋਂ ਬਰੀ ਦੀ ਤੜਫ ਨੁਸਰਤ ਦੇ ਕੰਠ 'ਚੋਂ ਸੁਰ ਬਣ ਕੇ ਨਿਕਲਦੀ, ਤਾਂ ਸੁਣਨ ਵਾਲਿਆਂ ਦੀਆਂ ਰੂਹਾਂ ਧੁਰ ਅੰਦਰ ਤੱਕ ਝੰਜੋੜੀਆਂ ਜਾਂਦੀਆਂ ।

ਬਰੀ ਨਿਜਾਮੀ ਦਾ ਅਸਲ ਨਾਮ ਸੇਖ ਮੁਹੰਮਦ ਸਫ਼ੀਰ ਸੀ। ਉਨ੍ਹਾਂ ਦਾ ਜਨਮ 26 ਦਸੰਬਰ 1946 ਨੂੰ ਟੋਭਾ ਟੇਕ ਸਿੰਘ ਵਿਖੇ ਇੱਕ ਸੇਖ ਪਰਿਵਾਰ ਵਿੱਚ ਹੋਇਆ। ਉਨ੍ਹਾਂ ਨੇ ਗੋਜਰਾ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਪਰ ਆਰਥਿਕ ਤੰਗੀਆਂ ਨੇ ਉਨ੍ਹਾਂ ਨੂੰ ਅੱਗੇ ਪੜ੍ਹਨ ਨਾ ਦਿੱਤਾ। ਮਜਬੂਰੀਆਂ ਕਾਰਨ ਉਹ ਪਹਿਲਾਂ ਚੀਚਾਵਤਨੀ ਦੀ ਇੱਕ ਕਪਾਹ ਫੈਕਟਰੀ ਵਿੱਚ 'ਮੁਨਸੀ' ਲੱਗੇ ਅਤੇ ਬਾਅਦ ਵਿੱਚ ਜਦੋਂ ਪਰਿਵਾਰ ਲਾਇਲਪੁਰ ਆ ਗਿਆ, ਤਾਂ ਉਹ ਬੱਸ ਕੰਡਕਟਰ ਬਣ ਗਏ।

ਉਨ੍ਹਾਂ ਦੇ ਨਾਮ ਬਦਲਣ ਦੀ ਕਹਾਣੀ ਵੀ ਬਹੁਤ ਰੂਹਾਨੀ ਹੈ। ਉਨ੍ਹਾਂ ਨੇ ਆਪਣੇ ਮਹਿਬੂਬ ਦੀ ਯਾਦ ਵਿੱਚ ਆਪਣਾ ਨਾਮ 'ਬਰੀ' ਰੱਖ ਲਿਆ ਅਤੇ ਹਜਰਤ ਨਿਜਾਮੁਦੀਨ ਔਲੀਆ ਦੇ ਪੈਰੋਕਾਰ ਹੋਣ ਕਾਰਨ ਆਪਣੇ ਨਾਮ ਪਿੱਛੇ 'ਨਿਜਾਮੀ' ਤਖੱਲਸ ਲਗਾ ਲਿਆ। ਉਹ ਮੁਗਲਪੁਰਾ (ਲਾਹੌਰ) ਦੇ ਸਈਅਦ ਅਮਾਨਤ ਅਲੀ ਸਾਹ ਨਿਜਾਮੀ ਦੇ ਮੁਰੀਦ ਵੀ ਸਨ।

ਬਰੀ ਨਿਜਾਮੀ ਸਿਰਫ ਇਸਕ ਦੇ ਸਾਇਰ ਨਹੀਂ ਸਨ, ਉਹ ਜਮੀਨੀ ਹਕੀਕਤਾਂ ਨਾਲ ਜੁੜੇ ਹੋਏ ਬਾਗੀ ਸਨ। ਉਹ ਹਕੂਮਤਾਂ ਸਾਹਮਣੇ ਕਦੇ ਨਹੀਂ ਝੁਕੇ। ਉਨ੍ਹਾਂ ਦੀ ਫੱਕੜੀ ਦਾ ਅੰਦਾਜਾ ਇਸ ਗੱਲ ਤੋਂ ਲੱਗਦਾ ਹੈ ਕਿ ਉਨ੍ਹਾਂ 'ਤੇ ਜੁਲਫਿਕਾਰ ਅਲੀ ਭੁੱਟੋ ਦੇ ਦੌਰ ਵਿੱਚ 7 ਕੇਸ, ਜਨਰਲ ਜ਼ਿਆ-ਉਲ-ਹੱਕ ਦੇ ਦੌਰ ਵਿੱਚ 11 ਕੇਸ ਅਤੇ ਬੇਨਜੀਰ ਭੁੱਟੋ ਦੇ ਸਮੇਂ 6 ਕੇਸ ਦਰਜ ਹੋਏ। ਉਹ ਮਜਦੂਰਾਂ ਦੇ ਹੱਕਾਂ ਲਈ ਲੜਦਿਆਂ 'ਰੇਹੜੀ-ਛਾਬੜੀ ਯੂਨੀਅਨ' ਦੇ ਪ੍ਰਧਾਨ ਵੀ ਰਹੇ।

ਫਿਰ ਇੱਕ ਦਿਨ ਕਿਸਮਤ ਨੇ ਉਸ ਦੀ ਕਲਮ ਨੂੰ ਉਹ ਆਵਾਜ ਦਿੱਤੀ ਜਿਸ ਦੀ ਤਲਾਸ ਸਾਇਦ ਉਸ ਦੇ ਲਫ਼ਜ਼ਾਂ ਨੂੰ ਚਿਰਾਂ ਤੋਂ ਸੀ। ਉਹ ਆਵਾਜ ਸੀ ਉਸਤਾਦ ਨੁਸਰਤ ਫਤਹਿ ਅਲੀ ਖਾਨ ਸਾਹਿਬ ਦੀ। ਇਹ ਦੋਵੇਂ ਫਨਕਾਰ ਲਾਇਲਪੁਰ ਦੀ ਸੱਭਿਆਚਾਰਕ ਮਿੱਟੀ ਵਿੱਚ ਪਲੇ ਸਨ। ਇੱਕ ਨੂੰ ਸਬਦਾਂ ਦੀ ਦੁਨੀਆ ਦਾ ਸਹਿਨਸਾਹ ਕਿਹਾ ਜਾ ਸਕਦਾ ਹੈ ਅਤੇ ਦੂਜੇ ਨੂੰ ਸੁਰਾਂ ਦਾ ਬਾਦਸਾਹ। ਸਾਇਦ ਇਸੇ ਕਰਕੇ ਉਨ੍ਹਾਂ ਦੀ ਸਾਂਝ ਵਿੱਚ ਬਣਾਵਟ ਨਹੀਂ, ਸਗੋਂ ਕੁਦਰਤੀ ਨੇੜਤਾ ਅਤੇ ਰੂਹਾਨੀ ਇਕਸੁਰਤਾ ਮਹਿਸੂਸ ਹੁੰਦੀ ਹੈ।



ਨੁਸਰਤ ਸਿਰਫ ਇੱਕ ਗਾਇਕ ਨਹੀਂ ਸੀ। ਉਹ ਸੁਰਾਂ ਦਾ ਜਾਦੂਗਰ ਸੀ। ਉਹ ਜਾਣਦਾ ਸੀ ਕਿ ਕਿਹੜਾ ਸਬਦ ਦਿਲਾਂ ਤੱਕ ਪਹੁੰਚ ਸਕਦਾ ਹੈ। ਜਦੋਂ ਉਸ ਦੀ ਪਾਰਖੂ ਨਜਰ ਬਰੀ ਨਿਜਾਮੀ ਦੇ ਕਲਾਮ ਉੱਤੇ ਪਈ ਤਾਂ ਉਸ ਨੇ ਉਹਨਾਂ ਵਿੱਚ ਲੋਕ-ਰੂਹ ਦੀ ਧੜਕਣ ਸੁਣੀ। ਫਿਰ ਜੋ ਹੋਇਆ, ਉਹ ਪੰਜਾਬੀ ਸੰਗੀਤ ਦੇ ਇਤਿਹਾਸ ਦਾ ਸੁਨਹਿਰੀ ਅਧਿਆਇ ਬਣ ਗਿਆ।

"ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ" ਵਿੱਚ ਮਹਿਬੂਬ ਦੇ ਦੀਦਾਰ ਰਾਹੀਂ ਸਿੱਧਾ ਖੁਦਾ ਦੀ ਕਾਰੀਗਰੀ ਅਤੇ ਉਸਦੀ ਇਬਾਦਤ ਹੁੰਦੀ ਪ੍ਰਤੀਤ ਹੁੰਦੀ ਹੈ।

"ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ" ਵਿੱਚ ਚਰਖੇ ਦੇ ਹਰ ਗੇੜੇ ਅਤੇ ਹਰ ਸਾਹ ਦੇ ਨਾਲ ਸੱਜਣਾਂ ਦੀ ਯਾਦ ਕੱਤਣ ਦਾ ਰੂਹਾਨੀ ਫਲਸਫਾ ਛੁਪਿਆ ਹੋਇਆ ਹੈ।

"ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ" ਵਿੱਚ ਇਸਕ ਹੱਥੋਂ ਮਜਬੂਰ ਅਤੇ ਬੇਵੱਸ ਹੋਏ ਆਸ਼ਿਕ ਦੀ ਡੂੰਘੀ ਅੰਦਰੂਨੀ ਕਸਮਕਸ ਬਿਆਨ ਹੋਈ ਹੈ।

"ਵਿਗੜ ਗਈ ਐ ਥੋੜ੍ਹੇ ਦਿਨਾਂ ਤੋਂ" ਵਿੱਚ ਮਹਿਬੂਬ ਦੀ ਬਦਲੀ ਹੋਈ ਨਜਰ, ਬੇਰੁਖੀ ਅਤੇ ਟੁੱਟਦੇ ਇਤਬਾਰ ਦਾ ਦਰਦ ਬੜੀ ਸ਼ਿੱਦਤ ਨਾਲ ਉੱਭਰਦਾ ਹੈ।

"ਯਾਰਾ ਡੱਕ ਲੈ ਖੂਨੀ ਅੱਖੀਆਂ ਨੂੰ" ਵਿੱਚ ਮਹਿਬੂਬ ਦੀਆਂ ਨਜਰਾਂ ਦੇ ਕਾਤਲਾਨਾ ਵਾਰ ਅਤੇ ਇਸਕ ਵਿੱਚ ਖੁਸੀ-ਖੁਸੀ ਮਿਟ ਜਾਣ ਦੀ ਖੁਮਾਰੀ ਝਲਕਦੀ ਹੈ।

"ਰਾਂਝਾ ਤੇ ਮੇਰਾ ਰੱਬ ਵਰਗਾ" ਵਿੱਚ ਇਸਕ ਮਿਜਾਜੀ ਆਪਣੀਆਂ ਸਾਰੀਆਂ ਹੱਦਾਂ ਪਾਰ ਕਰਕੇ ਸਿੱਧਾ ਇਸਕ ਹਕੀਕੀ ਵਿੱਚ ਲੀਨ ਹੋ ਜਾਂਦਾ ਹੈ।

"ਗੱਲ ਕਰ ਕੋਈ ਪੀਣ ਪਿਲਾਵਣ ਦੀ" ਵਿੱਚ ਗੀਤ ਸਾਵਣ ਦੀ ਰੁਮਾਂਟਿਕ ਰੁੱਤ, ਪ੍ਰੇਮ ਦੀ ਤੜਪ ਅਤੇ ਵਿਛੋੜੇ ਨੂੰ ਭੁਲਾਉਣ ਲਈ ਮਸਤੀ ਦੇ ਸਹਾਰੇ ਦੀ ਤਮੰਨਾ ਨੂੰ ਬੜੇ ਸੁੰਦਰ ਢੰਗ ਨਾਲ ਪ੍ਰਗਟਵਾ।

"ਹੋ ਜਾਵੇ ਜੇ ਪਿਆਰ ਤੇ ਸੌਣਾ ਭੁੱਲ ਜਾਂਦਾ " ਵਿੱਚ ਸੱਚੇ ਇਸਕ ਦੀ ਉਹ ਖੁਮਾਰੀ ਛਲਕਦੀ ਹੈ ਜੋ ਉਮਰਾਂ ਤੱਕ ਦਿਲੋਂ ਨਹੀਂ ਲਹਿੰਦੀ।

"ਮੇਲੇ ਨੇ ਵਿਛੜ ਜਾਣਾ" ਵਿੱਚ ਜ਼ਿੰਦਗੀ ਦੇ ਚਾਰ ਦਿਨਾਂ ਦੇ ਰੰਗ-ਤਮਾਸੇ ਅਤੇ ਮਿਲਾਪ ਤੋਂ ਬਾਅਦ ਆਉਣ ਵਾਲੇ ਅਟੱਲ ਵਿਛੋੜੇ ਦਾ ਸੱਚ ਗੂੰਜਦਾ ਹੈ।

"ਵਾਅਦਾ ਕਰ ਕੇ ਸੱਜਣ ਨਹੀਂ ਆਇਆ" ਵਿੱਚ ਉਡੀਕ ਵਿੱਚ ਪਥਰਾਈਆਂ ਅੱਖਾਂ ਅਤੇ ਟੁੱਟੇ ਇਤਬਾਰ ਦਾ ਡੂੰਘਾ ਹਉਕਾ ਸੁਣਾਈ ਦਿੰਦਾ ਹੈ।

"ਗਿਣ ਗਿਣ ਤਾਰੇ ਲੰਘਦੀਆਂ ਰਾਤਾਂ" ਵਿੱਚ ਇਸਕ ਦੀ ਬੇਕਰਾਰੀ ਅਤੇ ਵਿਛੋੜੇ ਦੀਆਂ ਉਦਾਸ ਰਾਤਾਂ ਦਾ ਦਰਦ ਹੰਝੂ ਬਣ ਕੇ ਵਗਦਾ ਹੈ।

"ਕਮਲੀ ਵਾਲੇ ਮੁਹੰਮਦ ਤੋਂ ਸਦਕੇ ਮੈਂ ਜਾਂ" ਵਿੱਚ ਰੂਹਾਨੀ ਅਕੀਦਤ ਅਤੇ ਪੈਗੰਬਰ-ਏ-ਇਸਲਾਮ ਪ੍ਰਤੀ ਅਥਾਹ ਸਰਧਾ ਸਿਖਰਾਂ ਛੂੰਹਦੀ ਹੈ।

ਅਤੇ ਉਨ੍ਹਾਂ ਵੱਲੋਂ ਪ੍ਰਚਲਿਤ ਰੂਪ ਵਿੱਚ ਲਿਖੇ "ਦਮ ਮਸਤ ਕਲੰਦਰ ਮਸਤ -ਮਸਤ" ਵਿੱਚ ਸੂਫੀਆਨਾ ਮਸਤੀ, ਵਜਦ ਅਤੇ ਇਲਾਹੀ ਇਸਕ ਦਾ ਤੂਫਾਨ ਠਾਠਾਂ ਮਾਰਦਾ ਹੈ।

ਇਹਨਾਂ ਸਾਰੇ ਕਲਾਮਾਂ ਨੇ ਇਸ ਜੋੜੀ ਨੂੰ ਅਮਰ ਕਰ ਦਿੱਤਾ।

ਇਨ੍ਹਾਂ ਗੀਤਾਂ ਦੀ ਖੂਬਸੂਰਤੀ ਸਿਰਫ਼ ਇਹ ਨਹੀਂ ਕਿ ਇਹ ਸੁਰੀਲੇ ਹਨ। ਅਸਲ ਖੂਬਸੂਰਤੀ ਇਹ ਹੈ ਕਿ ਇਹ ਜ਼ਿੰਦਗੀ ਦੇ ਤਜਰਬਿਆਂ ਵਿੱਚੋਂ ਜਨਮੇ ਹਨ। ਇਨ੍ਹਾਂ ਵਿੱਚ ਪ੍ਰੇਮ ਹੈ, ਵਿਛੋੜਾ ਹੈ, ਆਸਥਾ ਹੈ, ਰੂਹਾਨੀਅਤ ਹੈ ਅਤੇ ਲੋਕ-ਜੀਵਨ ਦੀ ਮਿੱਟੀ ਦੀ ਖੁਸਬੂ ਹੈ।

ਬਰੀ ਨਿਜਾਮੀ ਦੀ ਸਾਇਰੀ ਦਾ ਸਭ ਤੋਂ ਵੱਡਾ ਗੁਣ ਉਸ ਦੀ ਸਾਦਗੀ ਹੈ। ਉਹ ਔਖੇ ਸਬਦਾਂ ਨਾਲ ਪ੍ਰਭਾਵਿਤ ਨਹੀਂ ਕਰਦਾ, ਸਗੋਂ ਸਧਾਰਨ ਸਬਦਾਂ ਨਾਲ ਦਿਲ ਜਿੱਤ ਲੈਂਦਾ ਹੈ। ਉਸ ਦੇ ਕਲਾਮਾਂ ਵਿੱਚ ਬੁੱਲ੍ਹੇ ਸਾਹ ਦੀ ਸੂਫੀਆਨਾ ਰਵਾਇਤ ਦੀ ਛਾਪ ਵੀ ਮਿਲਦੀ ਹੈ ਅਤੇ ਪੰਜਾਬੀ ਲੋਕ-ਕਾਵਿ ਦੀ ਮਿੱਠਾਸ ਵੀ।

ਦੂਜੇ ਪਾਸੇ ਨੁਸਰਤ ਸਾਹਿਬ ਦੀ ਆਵਾਜ ਨੇ ਇਹਨਾਂ ਸਬਦਾਂ ਨੂੰ ਅਜਿਹੀ ਉਡਾਣ ਦਿੱਤੀ ਕਿ ਉਹ ਫੈਸਲਾਬਾਦ, ਲਾਹੌਰ ਅਤੇ ਪੰਜਾਬ ਤੋਂ ਨਿਕਲ ਕੇ ਲੰਡਨ, ਪੈਰਿਸ, ਨਿਊਯਾਰਕ ਅਤੇ ਟੋਕੀਓ ਤੱਕ ਪਹੁੰਚ ਗਏ।

ਇਹ ਸਿਰਫ ਇੱਕ ਸਾਇਰ ਅਤੇ ਇੱਕ ਗਾਇਕ ਦਾ ਮਿਲਾਪ ਨਹੀਂ ਸੀ; ਇਹ ਸਬਦ ਅਤੇ ਸੁਰ, ਮਿੱਟੀ ਅਤੇ ਰੂਹ, ਦਰਦ ਅਤੇ ਆਨੰਦ ਦਾ ਮਿਲਾਪ ਸੀ।

ਇਹ ਇੱਕ ਵੱਡੀ ਤ੍ਰਾਸਦੀ ਹੈ ਕਿ ਜਿਸ ਸਾਇਰ ਦੇ ਲਿਖੇ ਗੀਤਾਂ ਨੇ ਸੰਗੀਤਕ ਉਦਯੋਗ ਨੂੰ ਕਰੋੜਾਂ ਦੀ ਕਮਾਈ ਕਰਵਾਈ, ਉਹ ਖੁਦ ਸਾਰੀ ਉਮਰ ਪੈਸੇ-ਪੈਸੇ ਦਾ ਮੁਥਾਜ ਰਿਹਾ। ਘਰ ਦਾ ਗੁਜਾਰਾ ਚਲਾਉਣ ਲਈ ਉਨ੍ਹਾਂ ਨੇ 11 ਵਾਰ ਸਾਊਦੀ ਅਰਬ ਦੀ ਯਾਤਰਾ ਕੀਤੀ। ਉਹ ਉੱਥੋਂ ਹੱਜ ਵੀ ਕਰਦੇ ਸਨ ਅਤੇ ਵਾਪਸੀ 'ਤੇ ਕੁਝ ਸਮਾਨ ਲਿਆ ਕੇ ਵੇਚਦੇ ਸਨ, ਜੋ ਉਨ੍ਹਾਂ ਦੀ ਆਮਦਨ ਦਾ ਮੁੱਖ ਜਰੀਆ ਸੀ। ਉਨ੍ਹਾਂ ਨੂੰ 'ਬਰੀ ਨਿਜਾਮੀ' ਨਾਮ ਦਾ ਹਫਤਾਵਾਰੀ ਅਖਬਾਰ ਸੁਰੂ ਕਰਨ ਦੀ ਮਨਜੂਰੀ ਵੀ ਮਿਲੀ, ਪਰ ਪੈਸੇ ਦੀ ਘਾਟ ਕਾਰਨ ਇਹ ਕਦੇ ਛਪ ਹੀ ਨਾ ਸਕਿਆ।

ਹਜਾਰਾਂ ਗੀਤ, ਗਜਲਾਂ ਅਤੇ ਨਾਅਤਾਂ ਲਿਖਣ ਵਾਲੇ ਇਸ ਕਲਮਕਾਰ ਦਾ ਕੋਈ 'ਦੀਵਾਨ' ਨਹੀਂ ਛਪ ਸਕਿਆ ਪੱਤਰਕਾਰ ਜਮੀਲ ਸਿਰਾਜ ਨੇ ਉਸ ਦੀ ਸਾਇਰੀ ਨੂੰ "ਕਦਰਾਂ" ਨਾਮੀ ਕਿਤਾਬ ਵਿੱਚ ਇਕੱਠਾ ਕੀਤਾ, ਪਰ ਅਜੇ ਵੀ ਉਸ ਦੀਆਂ ਬਹੁਤ ਸਾਰੀਆਂ ਰਚਨਾਵਾਂ ਪੂਰੀ ਤਰ੍ਹਾਂ ਪ੍ਰਕਾਸ਼ਿਤ ਨਹੀਂ ਹੋ ਸਕੀਆਂ। ਇਹ ਪੰਜਾਬੀ ਸਾਹਿਤ ਲਈ ਇੱਕ ਘਾਟਾ ਹੈ ਕਿ ਆਪਣੇ ਸਮੇਂ ਦੇ ਇਸ ਲੋਕ-ਸਾਇਰ ਦੀ ਪੂਰੀ ਰਚਨਾ ਅਜੇ ਵੀ ਖੋਜਕਾਰਾਂ ਦੀ ਉਡੀਕ ਕਰ ਰਹੀ ਹੈ।

ਜ਼ਿੰਦਗੀ ਦੇ ਆਖਰੀ ਸਾਲ ਬਰੀ ਨਿਜਾਮੀ ਲਈ ਬਹੁਤ ਭਿਆਨਕ ਰਹੇ। 1991 ਵਿੱਚ ਅੱਖਾਂ ਦੀ ਇਨਫੈਕਸਨ ਹੋਈ, ਇਲਾਜ ਲਈ ਪੈਸੇ ਨਹੀਂ ਸਨ। ਬਾਅਦ ਵਿੱਚ ਪੇਟ ਦਾ ਅਲਸਰ ਅਤੇ ਟੀ.ਬੀ. ਹੋ ਗਈ ਜਿਸ ਨੇ ਰੀੜ੍ਹ ਦੀ ਹੱਡੀ ਨੂੰ ਨੁਕਸਾਨ ਪਹੁੰਚਾਇਆ ਅਤੇ ਉਹ ਅਧਰੰਗ ਦਾ ਸ਼ਿਕਾਰ ਹੋ ਗਏ। ਨੁਸਰਤ ਸਾਹਿਬ ਅਤੇ ਫੈਸਲਾਬਾਦ ਦੇ ਡਾਕਟਰਾਂ ਨੇ ਮਦਦ ਜਰੂਰ ਕੀਤੀ, ਪਰ 8 ਸਾਲ ਹਸਪਤਾਲਾਂ ਦੀਆਂ ਮੰਜੀਆਂ 'ਤੇ ਤੜਫਣ ਤੋਂ ਬਾਅਦ 14 ਮਈ 1998 ਵਿੱਚ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।

ਅਧਰੰਗ ਹੋਣ ਦੇ ਬਾਵਜੂਦ ਉਨ੍ਹਾਂ ਦੀ ਕਲਮ ਨਹੀਂ ਰੁਕੀ। ਉਹ ਸਿਰਹਾਣੇ ਹੇਠਾਂ ਪੈਨਸਿਲ ਅਤੇ ਕਾਗਜ ਰੱਖਦੇ ਸਨ। ਉਨ੍ਹਾਂ ਦੀ ਆਖਰੀ ਕਵਿਤਾ ਸੀ:

"ਕੌਣ ਕਿਸੇ ਦਾ ਗਮ ਲੈਂਦਾ ਏ,
ਹਰ ਕੋਈ ਆਪਣਾ ਕੰਮ ਲੈਂਦਾ ਏ।
ਕਦੇ ਕਦੇ ਦੁਨੀਆ ਵਿੱਚ ਬੰਦਾ
ਕੱਲਾ ਰਹਿ ਜਾਂਦਾ ਏ,
ਆਪਣੇ ਗੈਰ ਵੀ ਬਣ ਜਾਂਦੇ ਨੇ।"

ਇਸ ਮਹਾਨ ਸਾਇਰ ਦੀ ਮੌਤ 'ਤੇ ਪ੍ਰਸਿੱਧ ਲੇਖਕ ਅਫਜਲ ਅਹਿਸਨ ਰੰਧਾਵਾ ਨੇ ਸਰਕਾਰ ਦੀ ਬੇਰੁਖੀ ਨੂੰ ਬਿਆਨਦਿਆਂ ਕਿਹਾ ਸੀ, "ਗਰੀਬੀ ਅਤੇ ਬਦਹਾਲੀ ਇਸ ਦੇਸ ਵਿੱਚ ਲੇਖਕ ਦੀ ਕਿਸਮਤ ਹੈ। ਸਰਕਾਰ ਇੱਕ ਵਾਰ ਫਿਰ ਫੇਲ੍ਹ ਹੋਈ ਹੈ। ਨਾ ਕੋਈ ਮਾਲੀ ਮਦਦ ਮਿਲੀ, ਨਾ ਕੋਈ ਤਗਮੇ ਅਤੇ ਨਾ ਹੀ ਕੋਈ ਸੋਕ ਸੰਦੇਸ।"

ਸਮਾਂ ਬਹੁਤ ਕੁਝ ਮਿਟਾ ਦਿੰਦਾ ਹੈ, ਪਰ ਸੱਚੀ ਕਲਾ ਹਮੇਸਾ ਜਿਊਂਦੀ ਰਹਿੰਦੀ ਹੈ। ਬਰੀ ਨਿਜਾਮੀ ਨੂੰ ਭਾਵੇਂ ਉਨ੍ਹਾਂ ਦੇ ਜਿਉਂਦੇ ਜੀਅ ਬਣਦਾ ਮਾਣ-ਸਨਮਾਨ ਨਹੀਂ ਮਿਲਿਆ, ਪਰ ਅੱਜ ਵੀ ਜਦੋਂ ਕਿਸੇ ਮਹਿਫਲ ਵਿੱਚ ਨੁਸਰਤ ਦੀ ਆਵਾਜ ਗੂੰਜਦੀ ਹੈ ਅਤੇ ਬਰੀ ਨਿਜਾਮੀ ਦੇ ਬੋਲ ਹਵਾ ਵਿੱਚ ਤੈਰਦੇ ਹਨ ਤਾਂ ਲੱਗਦਾ ਹੈ ਜਿਵੇਂ ਇੱਕ ਫੱਕੜ ਸਾਇਰ ਅਤੇ ਇੱਕ ਮਹਾਨ ਗਾਇਕ ਅਜੇ ਵੀ ਸਾਡੇ ਕੋਲ ਬੈਠੇ ਹਨ। ਇੱਕ ਕਾਗਜ ਉੱਤੇ ਸਬਦ ਲਿਖ ਰਿਹਾ ਹੈ ਅਤੇ ਦੂਜਾ ਉਹਨਾਂ ਨੂੰ ਸੁਰਾਂ ਵਿੱਚ ਬਦਲ ਰਿਹਾ ਹੈ।

ਸਾਇਦ ਇਹੀ ਅਮਰਤਾ ਹੈ।

ਸਾਇਦ ਇਹੀ ਕਲਾ ਦੀ ਸਭ ਤੋਂ ਵੱਡੀ ਜਿੱਤ ਹੈ।

ਅਤੇ ਸਾਇਦ ਇਸੇ ਲਈ ਬਰੀ ਨਿਜਾਮੀ ਅਤੇ ਨੁਸਰਤ ਫਤਹਿ ਅਲੀ ਖਾਨ ਦੀ ਜੋੜੀ ਪੰਜਾਬੀ ਸੰਗੀਤ ਦੇ ਇਤਿਹਾਸ ਦੀ ਨਹੀਂ, ਪੰਜਾਬੀ ਰੂਹ ਦੀ ਅਮਰ ਜੋੜੀ ਹੈ।



ਨਵਦੀਪ ਸਿੰਘ ਝੁਨੀਰ

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# The FIFA World Cup




'The FIFA World Cup' is an international association football competition among the senior men's national teams of the members of the FIFA, the sport's global governing body. The reigning champions are Argentina, who won their third title at the 2022 World Cup by defeating France. The contest starts with the qualification phase, which takes place over the preceding three years to determine which teams qualify for the tournament phase. In the tournament phase, 48 teams (as of the 2026 World Cup) compete for the title at venues within the host nation(s) over the course of about a month. The host nation(s) automatically qualify for the group stage of the tournament. Nineteen countries have hosted.

As of the 2022 World Cup, 22 final tournaments have been held since the event's inception in 1930, and a total of 80 national teams have competed.

The trophy has been won by eight national teams. With five wins, Brazil is the only team to have played in every tournament. The other World Cup winners are Germany and Italy, with four titles each; Argentina, with three titles; France and inaugural winner Uruguay, each with two titles; England and Spain, with one title each.

The World Cup is globally regarded as the most prestigious association football competition, as well as the most widely viewed and followed sporting event in the world. The viewership of the 2018 World Cup was estimated to be 3.57 billion, close to half of the global population, while the engagement with the 2022 World Cup was estimated to be 5 billion, with about 1.5 billion people watching the final match.

From 1930 to 1970, the Jules Rimet Trophy was awarded to the World Cup winning team. It was originally simply known as the World Cup, but in 1946 it was named after the FIFA president, Jules Rimet who set up the first tournament. In 1970, Brazil's third victory in the tournament entitled them to keep the trophy permanently. However, the trophy was stolen in 1983 and has never been recovered, apparently melted down by the thieves.

After 1970, a new trophy, known as the FIFA World Cup, was designed. The experts of FIFA, coming from seven countries, evaluated the 53 presented models, finally opting for the work of the Italian designer Silvio Gazzaniga. The new trophy is 36 cm high, made of solid 18 carat (75%) gold and weighs 6.175 kg. The new trophy is not awarded to the winning nation permanently. World Cup winners retain the trophy only until the post-match celebration is finished.

# - ਮਿੱਟੀ ਦੀ ਮਹਿਕ -

## "ਰੂਹ ਪੰਜਾਬ ਦੀ" ਸੰਸਥਾ ਦਾ 73ਵਾਂ ਮਾਸਿਕ ਸਮਾਗਮ ਸਮੂਦਾਇਕ ਪ੍ਰੇਰਨਾ ਦਾ ਪ੍ਰਤੀਕ



ਅੱਜ 21 ਜੂਨ 2026 ਨੂੰ ਮੈਨੂੰ ਆਪਣੀ ਪਤਨੀ ਅਤੇ ਬੇਟੀ ਸਮੇਤ ਸਵੇਰੇ 8 ਵਜੇ ਸਿਡਨੀ ਵਿੱਚ ਪੰਜਾਬੀਅਤ ਦੀ ਨਾਮਵਰ ਝੰਡਾਬਰਦਾਰ ਸੰਸਥਾ "ਰੂਹ ਪੰਜਾਬ ਦੀ" ਦੇ 73ਵੇਂ ਮਾਸਿਕ ਸਮਾਗਮ ਵਿੱਚ ਸਾਮਲ ਹੋਣ ਦਾ ਮੌਕਾ ਮਿਲਿਆ। ਇਸ ਮੌਕੇ ਦਾ ਸਬੱਬ ਸਾਡੇ ਪਰਿਵਾਰਕ ਹਮਦਰਦ ਅਤੇ ਸੰਸਥਾ ਦੇ ਮੈਂਬਰ ਸ੍ਰੀ ਕੁਲਵਿੰਦਰ ਸਿੰਘ ਬਾਜਵਾ ਬਣੇ, ਜਿਨ੍ਹਾਂ ਨੇ ਸਾਨੂੰ ਦੱਸਿਆ ਕਿ ਇਸ ਸਮਾਗਮ ਵਿੱਚ ਸੰਸਥਾ ਦੀ ਸਰਗਰਮ ਮੈਂਬਰ ਸੁਖਬੀਰ ਕੌਰ "ਸੁੱਖੀ ਬੱਲ" ਦਾ ਸਨਮਾਨ ਕੀਤਾ ਜਾਵੇਗਾ, ਕਿਉਂਕਿ ਉਨ੍ਹਾਂ ਨੇ 14 ਅਪ੍ਰੈਲ 2026 ਨੂੰ 6,812 ਮੀਟਰ (22,349 ਫੁੱਟ) ਉੱਚੀ ਆਮਾ ਦਬਲਾਮ ਪਹਾੜੀ ਚੋਟੀ ਨੂੰ ਸਰ ਕੀਤਾ ਸੀ। ਇਸ ਤੋਂ ਪਹਿਲਾਂ ਸੰਸਥਾ ਵੱਲੋਂ 10 ਕਿਲੋਮੀਟਰ ਦੌੜ ਦਾ ਪ੍ਰੋਗਰਾਮ ਰੱਖਿਆ ਗਿਆ ਸੀ ਅਤੇ ਉਸ ਤੋਂ ਬਾਅਦ ਸੁਆਗਤੀ ਸਮਾਗਮ ਆਯੋਜਿਤ ਕੀਤਾ ਗਿਆ।

ਠੀਕ ਸਵੇਰੇ 8 ਵਜੇ ਸੁਖਬੀਰ ਕੌਰ "ਸੁੱਖੀ ਬੱਲ" ਦੇ ਸਨਮਾਨ ਵਿੱਚ ਇਹ ਸਮਾਗਮ ਸੁਰੂ ਹੋਇਆ। ਸਮਾਗਮ ਦੀ ਸੁਰੂਆਤ ਕਰਦਿਆਂ ਸੰਸਥਾ ਦੀ ਰੂਹ ਦੇ ਪਹਿਰੇਦਾਰ ਸ੍ਰੀ ਰਣਜੀਤ ਸਿੰਘ ਖਹਿਰਾ ਨੇ ਕਿਹਾ ਕਿ ਸੁੱਖੀ ਬੱਲ ਦੀ ਸਖਸੀਅਤ ਨੂੰ ਕਿਸੇ ਇੱਕ ਖਾਕੇ ਵਿੱਚ ਸਮੇਟਣਾ ਬਹੁਤ ਔਖਾ ਹੈ। ਜੇਕਰ ਉਨ੍ਹਾਂ ਨੂੰ ਸਟੇਜ ਉੱਤੇ ਸੰਚਾਲਨ ਜਾਂ ਅਦਾਕਾਰੀ ਕਰਦਿਆਂ ਵੇਖਿਆ ਜਾਵੇ ਤਾਂ ਉਹ ਆਪਣੇ ਹੁਨਰ ਦੀ ਛਾਪ ਛੱਡ ਜਾਂਦੀ ਹੈ ਅਤੇ ਹੁਣ ਖੇਡਾਂ ਦੇ ਮੈਦਾਨ ਵਿੱਚ ਦੌੜਾਂ ਰਾਹੀਂ ਵੀ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਰਹੀ ਹੈ। ਉਨ੍ਹਾਂ ਨੇ 14 ਅਪ੍ਰੈਲ 2026 ਨੂੰ 6,812 ਮੀਟਰ ਉੱਚੀ ਆਮਾ ਦਬਲਾਮ ਪਹਾੜੀ ਚੋਟੀ ਨੂੰ ਸਰ ਕਰਕੇ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ।

ਉਨ੍ਹਾਂ ਦੱਸਿਆ ਕਿ "ਰੂਹ ਪੰਜਾਬ ਦੀ" ਸੰਸਥਾ ਹਰ ਮਹੀਨੇ ਆਪਣੇ ਮੈਂਬਰਾਂ ਦੀਆਂ ਵਿਸੇਸ ਪ੍ਰਾਪਤੀਆਂ ਸਾਂਝੀਆਂ ਕਰਨ ਲਈ ਇੱਕ ਸਮਾਗਮ ਆਯੋਜਿਤ ਕਰਦੀ ਹੈ ਅਤੇ ਅੱਜ ਦਾ ਇਹ ਇਕੱਠ ਸੁਖਬੀਰ ਕੌਰ "ਸੁੱਖੀ ਬੱਲ" ਦੇ ਸਨਮਾਨ ਵਿੱਚ ਰੱਖਿਆ ਗਿਆ ਹੈ। ਆਪਣੇ ਵਿਲੱਖਣ ਸਟੇਜੀ ਅੰਦਾਜ ਵਿੱਚ ਉਨ੍ਹਾਂ ਨੇ ਸੁੱਖੀ ਬੱਲ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਇਸ ਵਿਲੱਖਣ ਪ੍ਰਾਪਤੀ ਬਾਰੇ ਖੁਦ ਦਰਸਕਾਂ ਨਾਲ ਵਿਚਾਰ ਸਾਂਝੇ ਕਰਨ।

ਸ੍ਰੀਮਤੀ ਸੁਖਬੀਰ ਕੌਰ "ਸੁੱਖੀ ਬੱਲ" ਨੇ ਦੱਸਿਆ ਕਿ ਆਮਾ ਦਬਲਾਮ ਪੂਰਬੀ ਹਿਮਾਲਿਆ ਦੀ ਖੁੰਬੂ ਘਾਟੀ ਵਿੱਚ ਸਥਿਤ ਇੱਕ ਸਾਨਦਾਰ ਪਹਾੜੀ ਚੋਟੀ ਹੈ। ਇਸ ਦੀ ਉਚਾਈ 6,812 ਮੀਟਰ (22,349 ਫੁੱਟ) ਹੈ। ਆਪਣੀ ਸੁੰਦਰ ਪਿਰਾਮਿਡ-ਨੁਮਾ ਬਣਤਰ ਅਤੇ ਖੜ੍ਹੀਆਂ, ਖੁੱਲ੍ਹੀਆਂ ਧਾਰਾਂ ਕਰਕੇ ਇਸ ਨੂੰ ਅਕਸਰ "ਹਿਮਾਲਿਆ ਦਾ ਮੈਟਰਹਾਰਨ" ਕਿਹਾ ਜਾਂਦਾ ਹੈ। ਇਹ ਦੁਨੀਆ ਦੇ ਸਭ ਤੋਂ ਸੁੰਦਰ, ਪਰ ਤਕਨੀਕੀ ਪੱਖੋਂ ਸਭ ਤੋਂ ਵੱਧ ਚੁਣੌਤੀਪੂਰਨ ਪਹਾੜਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ।

ਸੇਰਪਾ ਭਾਸਾ ਵਿੱਚ "ਆਮਾ ਦਬਲਾਮ" ਦਾ ਅਰਥ ਹੈ "ਮਾਂ ਦਾ ਲਾਕਟ"। ਇਸ ਦੀਆਂ ਲੰਬੀਆਂ ਧਾਰਾਂ ਮਾਂ ਦੀਆਂ ਬਾਂਹਾਂ ਵਾਂਗ ਮਹਿਸੂਸ ਹੁੰਦੀਆਂ ਹਨ ਜੋ ਆਪਣੇ ਬੱਚੇ ਨੂੰ ਸੁਰੱਖਿਆ ਦੇ ਰਹੀਆਂ ਹੋਣ, ਜਦਕਿ ਇਸ ਦਾ ਲਟਕਦਾ ਗਲੇਸੀਅਰ ਸੇਰਪਾ ਇਸਤ੍ਰੀਆਂ ਵੱਲੋਂ ਪਹਿਨੇ ਜਾਣ ਵਾਲੇ ਰਵਾਇਤੀ "ਦਬਲਾਮ" ਗਹਿਣੇ ਨਾਲ ਮਿਲਦਾ-ਜੁਲਦਾ ਦਿਸਦਾ ਹੈ।

ਸੁੱਖੀ ਬੱਲ ਨੇ ਆਪਣੀ ਪਹਾੜੀ ਚੜ੍ਹਾਈ ਦੀ ਤਿਆਰੀ, ਰਸਤੇ ਵਿੱਚ ਆਈਆਂ ਮੁਸਕਲਾਂ ਅਤੇ ਨਿੱਜੀ ਤਜਰਬਿਆਂ ਬਾਰੇ ਵੀ ਦਰਸਕਾਂ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਕੇਵਲ ਉਨ੍ਹਾਂ ਦੀ ਨਹੀਂ, ਸਗੋਂ "ਰੂਹ ਪੰਜਾਬ ਦੀ" ਦੇ ਸਮੂਹ ਮੈਂਬਰਾਂ ਦੀ ਸਾਂਝੀ ਪ੍ਰਾਪਤੀ ਹੈ। ਉਨ੍ਹਾਂ ਆਪਣੇ ਕੋਚ ਸ੍ਰੀ ਡੈਨੀਅਲ ਅਤੇ ਸ੍ਰੀ ਸਤਨਾਮ ਸਿੰਘ ਬਾਜਵਾ ਦਾ ਵਿਸੇਸ ਧੰਨਵਾਦ ਕੀਤਾ।

ਸਮਾਗਮ ਦੇ ਅੰਤ ਵਿੱਚ ਪ੍ਰਬੰਧਕਾਂ ਵੱਲੋਂ ਸ੍ਰੀਮਤੀ ਸੁਖਬੀਰ ਕੌਰ "ਸੁੱਖੀ ਬੱਲ" ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਾਸਤੇ ਦੀ ਅਟੁੱਟ ਸੇਵਾ ਸ੍ਰੀਮਤੀ ਰਾਖੀ ਕੌਰ ਅਤੇ ਸ੍ਰੀ ਜਗਦੇਵ ਪਾਲ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੇ ਪਰਿਵਾਰ ਵੱਲੋਂ ਨਿਭਾਈ ਗਈ।

ਸਮੁੱਚੇ ਤੌਰ 'ਤੇ ਸਿਡਨੀ ਦੀ "ਰੂਹ ਪੰਜਾਬ ਦੀ" ਸੰਸਥਾ ਦਾ ਇਹ ਮਾਸਿਕ ਸਮਾਗਮ ਮੇਰੇ ਲਈ ਸਮੂਦਾਇਕ ਪ੍ਰੇਰਨਾ ਦਾ ਇੱਕ ਜੀਵੰਤ ਪ੍ਰਤੀਕ ਬਣ ਉਭਰਿਆ।



ਪ੍ਰੋ. ਸੁਖਵੰਤ ਸਿੰਘ ਗਿੱਲ

## ਅੰਮ੍ਰਿਤਸਰ ਤੋਂ ਆਸਟ੍ਰੇਲੀਆ ਤੱਕ ਮਨੁੱਖਤਾ ਦੀ ਸੇਵਾ ਦਾ ਇੱਕ ਨਾਮ: ਸੁਨੀਲ ਚੋਪੜਾ



Dr Sunil Chopra

ਅੱਜ ਅਸੀਂ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀਆਂ ਲਈ ਪੰਜਾਬ ਦੀ ਧਰਤੀ ਤੋਂ ਉੱਭਰੇ ਇੱਕ ਅਜੇਹੇ ਵਿਅਕਤੀ ਦੀ ਕਹਾਣੀ ਲੈ ਕੇ ਆਏ ਹਾਂ, ਜਿਸ ਨੇ ਆਪਣਾ ਜੀਵਨ ਮਨੁੱਖਤਾ, ਸਮਾਜ ਸੇਵਾ ਅਤੇ ਲੋਕ ਭਲਾਈ ਲਈ ਸਮਰਪਿਤ ਕਰ ਦਿੱਤਾ ਹੈ। ਇਹ ਕਹਾਣੀ ਹੈ ਸੁਨੀਲ ਚੋਪੜਾ ਦੀ ਇੱਕ ਅਜਿਹਾ ਨਾਮ ਜੋ ਅਨੇਕਾਂ ਲੋਕਾਂ ਲਈ ਉਮੀਦ, ਸਹਾਇਤਾ ਅਤੇ ਨਿਸਕਾਮ ਸੇਵਾ ਦਾ ਪ੍ਰਤੀਕ ਬਣ ਚੁੱਕਾ ਹੈ।

ਕੋਵਿਡ ਮਹਾਮਾਰੀ ਦੌਰਾਨ, ਜਦੋਂ ਦੁਨੀਆ ਭਰ ਵਿੱਚ ਹਵਾਈ ਯਾਤਰਾਵਾਂ ਰੱਦ ਹੋ ਰਹੀਆਂ ਸਨ ਅਤੇ ਹਜਾਰਾਂ ਲੋਕ ਆਪਣੀਆਂ ਟਿਕਟਾਂ ਦੇ ਪੈਸੇ ਵਾਪਸ ਲੈਣ ਲਈ ਸੰਘਰਸ ਕਰ ਰਹੇ ਸਨ, ਉਸ ਵੇਲੇ ਸੁਨੀਲ ਚੋਪੜਾ ਨੇ ਮਨੁੱਖਤਾ ਦਾ ਹੱਥ ਵਧਾਇਆ। ਇੱਕ ਸੋਸਲ ਮੀਡੀਆ ਪੋਸਟ ਤੋਂ ਸੁਰੂ ਹੋਈ ਇਹ ਮੁਹਿੰਮ ਜਲਦੀ ਹੀ ਵਾਇਰਲ ਹੋ ਗਈ। ਆਸਟ੍ਰੇਲੀਆ, ਅਮਰੀਕਾ, ਕੈਨੇਡਾ, ਯੂਕੇ, ਨਿਊਜੀਲੈਂਡ, ਫਰਾਂਸ ਅਤੇ ਭਾਰਤ ਦੇ ਕਈ ਸਹਿਰਾਂ ਤੋਂ ਸੈਂਕੜੇ ਲੋਕਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਆਪਣੀ ਮਿਹਨਤ, ਧੀਰਜ ਅਤੇ ਕਾਨੂੰਨੀ ਸਮਝ ਨਾਲ ਉਨ੍ਹਾਂ ਨੇ ਲੋਕਾਂ ਦੇ ਕਰੋੜਾਂ ਰੁਪਏ ਵਾਪਸ ਦਿਵਾਏ ਅਤੇ ਇਹ ਸਭ ਕੁਝ ਪੂਰੀ ਤਰ੍ਹਾਂ ਮੁਫਤ।

ਚੀਫ ਕੋਆਰਡੀਨੇਟਰ ਵਜੋਂ ਉਹ ਲਗਾਤਾਰ ਖਪਤਕਾਰਾਂ ਦੀਆਂ ਸਮੱਸਿਆਵਾਂ ਹੱਲ ਕਰਦੇ ਹੋਏ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਲੜਨ ਵਿੱਚ ਮਦਦ ਕਰ ਰਹੇ ਹਨ।

ਅੰਮ੍ਰਿਤਸਰ ਸੇਵਾ ਸਮਿਤੀ ਵਿੱਚ ਆਨਰੇਰੀ ਮੈਡੀਸਨ ਕੰਟਰੋਲਰ ਅਤੇ ਦਫਤਰੀ ਸਕੱਤਰ ਵਜੋਂ ਉਹ ਘੱਟ ਖਰਚੇ 'ਤੇ ਸਿਹਤ ਸੇਵਾਵਾਂ ਲੋਕਾਂ ਤੱਕ ਪਹੁੰਚਾ ਰਹੇ ਹਨ।

ਕੋਵਿਡ ਦੌਰਾਨ ਉਨ੍ਹਾਂ ਨੇ 37 ਟੀਕਾਕਰਨ ਕੈਂਪ ਲਗਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਪੁਨਰਜੋਤ ਆਈ ਡੋਨੇਸਨ ਸੋਸਾਇਟੀ ਨਾਲ ਜੁੜ ਕੇ ਉਹ ਅੱਖਾਂ ਦਾਨ ਦੀ ਜਾਗਰੂਕਤਾ ਫੈਲਾ ਰਹੇ ਹਨ। 40 ਹਜਾਰ ਤੋਂ ਵੱਧ ਲੋਕ ਅੱਖਾਂ ਦਾਨ ਲਈ ਸਹਿਮਤੀ ਦੇ ਚੁੱਕੇ ਹਨ।

ਖੱਤਰੀ ਸਭਾ ਰਾਹੀਂ ਉਹ ਕੱਪੜੇ, ਬਰਤਨ, ਖਿਡੌਣੇ ਅਤੇ ਘਰੇਲੂ ਸਮਾਨ ਲੋੜਵੰਦਾਂ ਤੱਕ ਪਹੁੰਚਾਉਂਦੇ ਹਨ। ਹੜ੍ਹਾਂ ਦੌਰਾਨ ਰਾਸ਼ਨ ਅਤੇ ਹੋਰ ਜਰੂਰੀ ਸਮਾਨ ਵੀ ਵੰਡਿਆ ਗਿਆ।

ਵੌਇਸ ਆਫ ਅੰਮ੍ਰਿਤਸਰ ਰਾਹੀਂ ਉਹ ਸਕੂਲੀ ਬੱਚਿਆਂ ਦੀ ਸਹਾਇਤਾ ਅਤੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਵਿੱਚ ਸਰਗਰਮ ਰਹੇ ਹਨ।

ਸਹਿਯੋਗ ਮਿਸਨ ਨਾਲ ਮਿਲ ਕੇ ਉਹ ਲੋਹੜੀ, ਦੀਵਾਲੀ ਅਤੇ ਹੋਲੀ ਵਰਗੇ ਤਿਉਹਾਰ ਅਨਾਥ ਆਸਰਮਾਂ, ਬਜੁਰਗ ਆਸਰਮਾਂ ਅਤੇ ਪਿੰਗਲਵਾੜਾ ਦੇ ਵਸਨੀਕਾਂ ਨਾਲ ਮਨਾਉਂਦੇ ਹਨ।

ਸੁਨੀਲ ਚੋਪੜਾ ਭਾਈ ਘਨੱਈਆ ਜੀ ਬਿਰਧ ਆਸਰਮ ਨਾਲ ਵੀ ਸਰਗਰਮੀ ਨਾਲ ਜੁੜੇ ਹੋਏ ਹਨ, ਜੋ ਆਰਥਿਕ ਤੌਰ 'ਤੇ ਕਮਜੋਰ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਕਰਵਾਉਣ ਲਈ ਲਗਾਤਾਰ ਯਤਨ ਕਰਦਾ ਰਹਿੰਦਾ ਹੈ। ਉਹ ਆਪਣੇ ਸਾਥੀਆਂ ਸਮੇਤ ਅਜਿਹੇ ਪੁੰਨ ਦੇ ਕਾਰਜਾਂ ਵਿੱਚ ਸਰਗਰਮ ਯੋਗਦਾਨ ਪਾਉਂਦੇ ਹਨ ਅਤੇ ਕੰਨਿਆਦਾਨ ਅਤੇ ਹੋਰ ਮਨੁੱਖਤਾ ਭਰੇ ਕਾਰਜਾਂ ਵਿੱਚ ਹਿੱਸਾ ਲੈ ਕੇ ਲੋੜਵੰਦ ਪਰਿਵਾਰਾਂ ਦੀਆਂ ਖੁਸੀਆਂ ਵਿੱਚ ਸਾਂਝ ਪਾਉਂਦੇ ਹਨ।

ਵਾਤਾਵਰਣ ਪ੍ਰਤੀ ਜਿੰਮੇਵਾਰੀ ਵੀ ਉਨ੍ਹਾਂ ਦੀ ਪਹਿਚਾਣ ਦਾ ਹਿੱਸਾ ਹੈ। ਸੈਂਕੜੇ ਰੁੱਖ ਲਗਾਉਣ ਤੋਂ ਇਲਾਵਾ ਉਹ 100 ਤੋਂ ਵੱਧ ਲੈਕਚਰਾਂ ਰਾਹੀਂ ਲੋਕਾਂ ਨੂੰ ਰੁੱਖ ਲਗਾਉਣ, ਪਾਣੀ ਬਚਾਉਣ ਅਤੇ ਪਲਾਸਟਿਕ ਦਾ ਬਹਿਸਕਾਰ ਕਰਨ ਲਈ ਪ੍ਰੇਰਿਤ ਕਰ ਚੁੱਕੇ ਹਨ।

ਲਾਇਂਸ ਕਲੱਬ ਦੇ ਪ੍ਰਧਾਨ ਅਤੇ ਲਾਇਂਸ ਕਲੱਬ ਇੰਟਰਨੈਸਨਲ ਨਾਲ ਜੁੜੇ ਹੋਣ ਦੇ ਨਾਤੇ ਉਨ੍ਹਾਂ ਨੇ ਕਈ ਖੂਨਦਾਨ ਕੈਂਪ, ਰੁੱਖ ਲਗਾਉਣ ਮੁਹਿੰਮਾਂ ਅਤੇ ਭੁੱਖੇ ਅਤੇ ਲੋੜਵੰਦ ਲੋਕਾਂ ਲਈ ਭੋਜਨ ਵੰਡਣ ਦੇ ਪ੍ਰੋਗਰਾਮ ਕਰਵਾਏ ਹਨ।

ਪੰਜਾਬ ਪ੍ਰਦੇਸ ਬਿਓਪਾਰ ਮੰਡਲ ਅੰਮ੍ਰਿਤਸਰ ਇਕਾਈ ਦੇ ਕਾਨੂੰਨੀ ਸਲਾਹਕਾਰ ਅਤੇ ਅੰਮ੍ਰਿਤਸਰ ਸਰਾਫਾ ਐਸੋਸੀਏਸਨ ਦੇ ਜਨਰਲ ਸਕੱਤਰ ਵਜੋਂ ਵੀ ਉਹ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਗਰਮ ਰਹਿੰਦੇ ਹਨ।

ਉਨ੍ਹਾਂ ਦੀ ਨਿਸਕਾਮ ਸੇਵਾ ਲਈ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਗਣਤੰਤਰ ਦਿਵਸ ਅਤੇ ਆਜਾਦੀ ਦਿਵਸ ਸਮਾਗਮਾਂ ਵਿੱਚ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਡਿਗਰੀ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਪੁਲਿਸ ਕਮਿਸਨਰੇਟ ਦੇ ਸੈਂਟਰਲ ਡਿਵੀਜਨ ਵੱਲੋਂ ਘਰੇਲੂ ਹਿੰਸਾ ਨਾਲ ਸੰਬੰਧਤ ਮਾਮਲਿਆਂ ਨੂੰ ਸੁਲਝਾਉਣ ਦੀ ਜਿੰਮੇਵਾਰੀ ਵੀ ਉਨ੍ਹਾਂ ਨੂੰ ਸੌਂਪੀ ਗਈ ਹੈ।

ਸੁਨੀਲ ਚੋਪੜਾ ਦੀ ਕਹਾਣੀ ਸਿਰਫ ਇੱਕ ਵਿਅਕਤੀ ਦੀ ਕਹਾਣੀ ਨਹੀਂ, ਸਗੋਂ ਉਸ ਸੋਚ ਦੀ ਕਹਾਣੀ ਹੈ ਜੋ ਦੱਸਦੀ ਹੈ ਕਿ ਇੱਕ ਵਿਅਕਤੀ ਵੀ ਹਜਾਰਾਂ ਲੋਕਾਂ ਦੀ ਜਿੰਦਗੀ ਵਿੱਚ ਰੌਸਨੀ ਲਿਆ ਸਕਦਾ ਹੈ। ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀਆਂ ਲਈ ਇਹ ਮਾਣ ਦੀ ਗੱਲ ਹੈ ਕਿ ਪੰਜਾਬ ਦਾ ਇੱਕ ਪੁੱਤਰ ਅੱਜ ਵੀ ਨਿਸਕਾਮ ਸੇਵਾ ਰਾਹੀਂ ਮਨੁੱਖਤਾ ਦੀ ਮਿਸਾਲ ਬਣਿਆ ਹੋਇਆ ਹੈ।

ਗੋਪਾਲ ਕ੍ਰਿਸ਼ਨ ਕਾਲੀਆ



# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮੈਹਲਾ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2025)
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ ਤੇ ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀਆਂ ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '**ਸਿਡਨੀ ਦੀਆਂ ਰੇਲ ਗੱਡੀਆਂ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ। ਇਨ੍ਹਾਂ ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ ਤੇ 1 ਕਹਾਣੀ'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ 3 ਪੁਸਤਕਾਂ '**ਮੰਗਵੇਂ ਕੋਟ ਦਾ ਨਿੱਘ**', '.....**'ਤੇ ਪ੍ਰੀਖਿਆ ਚਲਦੀ ਰਹੀ**' ਅਤੇ '**ਸੇਵਾਮੁਕਤ ਸੈਲਾਨੀ ਤੇ ਹੋਰ ਲੇਖ**' ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
27). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।
28). ਲੇਖਕ ਦੀਆਂ ਚਾਰ ਕਹਾਣੀਆਂ ਮੁਫਤ ਰੇਲ ਸਫਰ, ਬੱਦਲਾਂ ਹੇਠ ਛੁਪਿਆ ਸੂਰਜ, ਟੇਢੀ ਲੱਕੜੀ ਤੇ ਚੋਰ ਅੱਖ ਪ੍ਰਸਿੱਧ ਆਡੀਓਗ੍ਰਾਫਰ ਸ਼੍ਰੀਮਤੀ ਦਵਿੰਦਰ ਕੌਰ ਸੈਣੀ ਆਪਣੇ ਯੂ-ਟਿਊਬ ਚੈਨਲ ਤੇ ਪਾ ਚੁੱਕੇ ਹਨ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਅੰਮ੍ਰਿਤਪਾਲ ਸਿੰਘ ਦਾ ਸਾਥੀ ਗੁਰਿੰਦਰ ਔਜਲਾ ਪ੍ਰਾਡਕਸਨ ਵਾਰੰਟ ’ਤੇ ਲਿਆਂਦਾ

ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਕੱਢੀ ਜਾ ਰਹੀ ਖ਼ਾਲਸਾ ਵਹੀਰ ਦੇ ਕੁੱਕੜ ਪਿੰਡ ਪਹੁੰਚਣ ’ਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਵਾਲੇ ਅੰਮ੍ਰਿਤਪਾਲ ਸਿੰਘ ਦੇ ਸਾਥੀ ਤੇ ਉਸ ਨਾਲ ਡਿਬਰੂਗੜ੍ਹ ਜੇਲ੍ਹ ’ਚ ਰਹੇ ਗੁਰਿੰਦਰ ਪਾਲ ਸਿੰਘ ਉਰਫ਼ ਗੁਰ ਔਜਲਾ ਪੁੱਤਰ ਜਰਨੈਲ ਸਿੰਘ ਵਾਸੀ ਕੁੱਕੜ ਪਿੰਡ, ਥਾਣਾ ਸਦਰ, ਜਲੰਧਰ ਨੂੰ ਅੱਜ ਪੁਲਿਸ ਨੇ ਗੋਇੰਦਵਾਲ ਜੇਲ੍ਹ ਤੋਂ ਪ੍ਰਾਡਕਸ਼ਨ ਵਾਰੰਟ ’ਤੇ ਲਿਆਂਦਾ ਹੈ। ਉਸ ਨੂੰ ਜਲੰਧਰ ਦੀ ਅਦਾਲਤ ’ਚ ਡਿਊਟੀ ਜੱਜ ਅੱਗੇ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਕਤ ਦੇ ਵਕੀਲ ਪਰਮਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਪੁਲਿਸ ਵੱਲੋਂ ਉਸ ਨੂੰ ਥਾਣਾ ਸਦਰ ਵਿਖੇ 20 ਫਰਵਰੀ 2023 ਨੂੰ ਧਾਰਾ 188 ਅਧੀਨ ਦਰਜ ਕੇਸ ਦੇ ਮਾਮਲੇ ’ਚ ਹੋਰ ਧਾਰਾਵਾਂ ਦਾ ਵਾਧਾ ਕਰਦੇ ਹੋਏ ਅਦਾਲਤ ’ਚ ਪੇਸ਼ ਕਰਕੇ ਪੰਜ ਦਿਨ ਦਾ ਰਿਮਾਂਡ ਮੰਗਿਆ ਗਿਆ ਸੀ ਪਰ ਅਦਾਲਤ ਨੇ ਉਸ ਦਾ ਤਿੰਨ ਦਿਨ ਦਾ ਰਿਮਾਂਡ ਦਿੱਤੇ ਜਾਣ ਦਾ ਹੁਕਮ ਦਿੱਤਾ ਹੈ।

ਐਡਵੋਕੇਟ ਵਿਰਕ ਨੇ ਦੱਸਿਆ ਕਿ ਦਰਜ ਕੀਤੇ ਗਏ ਮੁਕੱਦਮੇ ਅਨੁਸਾਰ ਖ਼ਾਲਸਾ ਵਹੀਰ ਜਦੋਂ ਕੁੱਕੜ ਪਿੰਡ ਪਹੁੰਚੀ ਤੇ ਗੁਰ ਔਜਲਾ



ਉਸ ਨਾਲ ਸੀ ਤੇ ਉਸ ਨੇ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਸੀ ਤੇ ਉਸ ਦੀ ਹਥਿਆਰਾਂ ਨਾਲ ਵਾਇਰਲ ਹੋਈ ਵੀਡੀਓ ਤੋਂ ਬਾਅਦ ਪੁਲਿਸ ਨੇ ਉਸ ਖ਼ਿਲਾਫ਼ ਇਹ ਮਾਮਲਾ ਦਰਜ ਕੀਤਾ ਸੀ ਕਿਉਂ ਕਿ ਉਸ ਨੇ ਪੁਲਿਸ ਅਧਿਕਾਰੀਆਂ ਦੇ ਹੁਕਮਾਂ ਦੀ ਉਲੰਘਣਾ ਕੀਤੀ ਸੀ ਤੇ ਉਸ ਸਮੇਂ ਪੰਜਾਬ ਸਰਕਾਰ ਵੱਲੋਂ ਹਥਿਆਰਾਂ ਦਾ ਪ੍ਰਦਰਸ਼ਨ ਕਰਨ ’ਤੇ ਰੋਕ ਲਗਾਈ ਗਈ ਸੀ।

ਇਸ ਤੋਂ ਇਲਾਵਾ ਅਜਨਾਲਾ ਥਾਣਾ ’ਤੇ ਹੋਏ ਹਮਲੇ ਦੇ ਮਾਮਲੇ ’ਚ ਗੁਰਿੰਦਰ ਪਾਲ ਸਿੰਘ ਉਰਫ਼ ਪਾਲੀ ਨੂੰ ਅੰਮ੍ਰਿਤਪਾਲ ਸਿੰਘ ਦੇ ਨਾਲ ਹੀ ਐੱਨਐੱਸਏ ਦੇ ਤਹਿਤ ਪਹਿਲਾਂ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ ਪਰ ਡੇਢ ਸਾਲ ਬਾਅਦ ਐੱਨਐੱਸਏ ਖ਼ਤਮ ਹੋਣ ਤੋਂ ਬਾਅਦ ਉਸ ਨੂੰ ਗੋਇੰਦਵਾਲ ਜੇਲ੍ਹ ’ਚ ਭੇਜ ਦਿੱਤਾ ਗਿਆ ਤੇ ਹੁਣ ਇਸ ਸਾਲ 2023 ਦੇ ਮਾਮਲੇ ’ਚ ਵਾਧਾ ਕਰ ਕੇ ਹੋਏ ਉਸ ’ਤੇ ਅਸਲਾ ਐਕਟ ਦੀ ਧਾਰਾ ਵੀ ਲਗਾ ਦਿੱਤੀ ਗਈ ਜਦਕਿ ਜਦੋਂ ਕੋਈ ਕੇਸ ਦਰਜ ਹੁੰਦਾ ਹੈ ਤੇ ਤੈਅ ਸਮੇਂ ਦੌਰਾਨ ਉਸ ਦੀ ਚਾਰਜਸ਼ੀਟ ਦਾਖਲ ਹੋਣੀ ਹੁੰਦੀ ਹੈ ਪੁਲਿਸ ਨੇ ਉਹ ਵੀ ਨਹੀਂ ਕੀਤੀ।

ਐਡਵੋਕੇਟ ਵਿਰਕ ਨੇ ਦੱਸਿਆ ਕਿ ਉਸ ਦਾ ਮੁਅੱਕਲ ਕੋਲ ਵਿਦੇਸ਼ ਦੀ ਨਾਗਰਿਕਤਾ ਹੈ ਤੇ ਅਜਨਾਲਾ ਕੇਸ ਦਾ ਵੀ ਜੁਲਾਈ ਮਹੀਨੇ ਫ਼ੈਸਲਾ ਆਉਣ ਦੀ ਉਮੀਦ ਹੈ ਸ਼ਾਇਦ ਇਸੇ ਕਰਕੇ ਉਸ ’ਤੇ ਇਹ ਨਵੀਂ ਧਾਰਾ ਲਗਾ ਦਿੱਤੀ ਗਈ ਹੈ ਤਾਂ ਕਿ ਉਹ ਜੇਲ੍ਹ ਵਿਚੋਂ ਬਾਹਰ ਨਾ ਆ ਸਕੇ।

# ਗੁਲਾਬ ਸਿੱਧੂ ਦੇ ਅਖਾੜੇ ’ਚੋਂ ਵੋਟਰਾਂ ਨੂੰ ਬਾਹਰ ਰੱਖਣ ‘ਤੇ ਪ੍ਰਬੰਧਕਾਂ ਖਿਲਾਫ ਫੁੱਟਿਆ ਗੁੱਸਾ

ਜਿੱਤ ਦੀ ਖੁਸੀ ਇਕ ਬਹਾਨਾ, ਨਗਰ ਕੌਂਸਲ ਦੀ ਪ੍ਰਧਾਨਗੀ ਦੀ ਕੁਰਸੀ ਇਕ ਨਿਸ਼ਾਨਾ ਅਮਰਜੀਤ ਧੀਮਾਨ, ਪੰਜਾਬੀ ਜਾਗਰਣ, ਮੋਰਿੰਡਾ : ਮੋਰਿੰਡਾ ਦੇ ਨਵੇਂ ਚੁਣੇ ਗਏ ਕੌਂਸਲਰਾਂ ਵੱਲੋਂ ਸਥਾਨਕ ਅਨਾਜ ਮੰਡੀ ਵਿਖੇ ਪੰਜਾਬੀ ਦੇ ਚਰਚਿਤ ਗਾਇਕ ਗੁਲਾਬ ਸਿੱਧੂ ਦਾ ਇੱਕ ਵਿਸਾਲ ਅਖਾੜਾ ਲਗਾਇਆ ਗਿਆ।



ਸਮਾਗਮ ਵਿਚ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ, ਜਦਕਿ ਪ੍ਰਧਾਨਗੀ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤੇ ਹਲਕਾ ਖਰੜ ਇੰਚਾਰਜ ਵਿਜੇ ਸਰਮਾ ਟਿੰਕੂ ਵੱਲੋਂ ਕੀਤੀ ਗਈ। ਪ੍ਰੋਗਰਾਮ ਦੀ ਸੁਰੂਆਤ ਸ੍ਰੀ ਚਮਕੌਰ ਸਾਹਿਬ ਤੋਂ ਪਹੁੰਚੀ, ਨਾਮਵਰ ਗਾਇਕ ਦੁਰਗਾ ਰੰਗੀਲਾ ਦੀ ਭਤੀਜੀ ਨਜਮਾ ਨੇ ਆਪਣੀ ਸੁਰੀਲੀ ਆਵਾਜ ਨਾਲ ਹਾਜਰੀ ਲੁਆ ਕੇ ਕੀਤੀ। ਅੱਤ ਦੀ ਗਰਮੀ ਦੇ ਬਾਵਜੂਦ ਰਾਤ ਕਰੀਬ ਸਾਢੇ ਅੱਠ ਵਜੇ ਜਿਉਂ ਹੀ ਗੁਲਾਬ ਸਿੱਧੂ ਸਟੇਜ ਤੇ ਆਇਆ, ਤਾਂ ਪੂਰਾ ਪੰਡਾਲ ਤਾਲੀਆਂ ਨਾਲ ਗੂੰਜ ਉੱਠਿਆ। ਬਿਲਕੁਲ ਸਾਦੇ ਪਹਿਰਾਵੇ ਵਿਚ ਆਏ ਸਿੱਧੂ ਨੇ ਆਪਣੇ ਚਰਚਿਤ ਗੀਤਾਂ ਨਾਲ ਸਮਾਂ ਬੰਨ੍ਹ ਰੱਖਿਆ। ਉਸ ਦੇ ਸਾਦੇ ਵਿਵਹਾਰ ਨੇ ਸਭ ਦਾ ਦਿਲ ਜਿੱਤ ਲਿਆ ਜਦੋਂ ਉਹ ਗਾਉਂਦੇ-ਗਾਉਂਦੇ ਆਮ ਲੋਕਾਂ ਨਾਲ ਹੱਥ ਮਿਲਾ ਰਿਹਾ ਸੀ। ਸਿੱਧੂ ਇੱਕ ਮੌਕੇ ਤਾਂ ਪ੍ਰਬੰਧਾਂ ਚ ਲੱਗੇ ਇੱਕ ਬਹਿਰੇ (ਵੇਟਰ) ਦੀ ਟੋਪੀ ਸਿਰ ਤੇ ਰੱਖ ਕੇ ਗਾਉਣ ਲੱਗ ਪਿਆ। ਇਸ ਸਮਾਗਮ ਦੌਰਾਨ ਸਮੂਹ ਨਗਰ ਕੌਂਸਲਰਾਂ ਦਾ ਵਿਸੇਸ ਸਨਮਾਨ ਵੀ ਕੀਤਾ ਗਿਆ।

ਚਰਚਾ ’ਚ ਰਹੀ ਪ੍ਰਬੰਧਾਂ ਦੀ ਨਾਕਾਮੀ, ਵੋਟਰਾਂ ’ਚ ਪਾਇਆ ਗਿਆ ਰੋਸ ਇਸ ਰੰਗਾਰੰਗ ਪ੍ਰੋਗਰਾਮ ਚ ਪ੍ਰਬੰਧਕਾਂ ਦੀ ਇੱਕ ਵੱਡੀ ਨਾਕਾਮੀ ਵੀ ਸਾਹਮਣੇ ਆਈ। ਸਮਾਗਮ ਲਈ ਵਿਸੇਸ ਵੀਆਈਪੀ. ਪਾਸ ਜਾਰੀ ਕੀਤੇ ਗਏ ਸਨ। ਨਤੀਜਾ ਇਹ ਨਿਕਲਿਆ ਕਿ ਪਾਸਾਂ ਦੇ ਸਿਰ ਤੇ ਬਹੁਤ ਸਾਰੇ ਬਾਹਰਲੇ ਦਰਸਕ ਅੰਦਰ ਕੁਰਸੀਆਂ ਮੱਲ ਕੇ ਬੈਠ ਗਏ, ਜਦਕਿ ਜਿਨ੍ਹਾਂ ਸਥਾਨਕ ਵੋਟਰਾਂ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਆਪਣੇ ਕੌਂਸਲਰਾਂ ਨੂੰ ਜਿਤਾਇਆ ਸੀ, ਉਹ ਬੈਰੀਕੇਡਾਂ ਦੇ ਬਾਹਰ ਖੜ੍ਹੇ ਪਸੀਨਾ ਵਹਾਉਂਦੇ ਰਹੇ ਅਤੇ ਆਪਣੀਆਂ ਵੋਟਾਂ ਪਾਉਣ ਨੂੰ ਕੋਸਦੇ ਰਹੇ। ਹਾਲਾਂਕਿ, ਸਟੇਜ ਤੋਂ ਵਾਰ-ਵਾਰ ਕਿਹਾ ਜਾ ਰਿਹਾ ਸੀ ਕਿ ਬਾਹਰ ਖੜ੍ਹੇ ਲੋਕ ਅੰਦਰ ਆ ਕੇ ਕੁਰਸੀਆਂ ਤੇ ਬੈਠ ਜਾਣ ਪਰ ਬਿਨਾਂ ਪਾਸ ਵਾਲਿਆਂ ਨੂੰ ਸੁਰੱਖਿਆ ਕਰਮੀ ਅੰਦਰ ਨਹੀਂ ਜਾਣ ਦੇ ਰਹੇ ਸਨ। ਗੁੱਸੇ ਵਿਚ ਆਏ ਵੋਟਰਾਂ ਨੇ ਬੈਰੀਕੇਡ ਵੀ ਤੋੜ ਦਿੱਤੇ ਅਤੇ ਆਪੋ ਆਪਣੇ ਵਾਰਡ ਦੇ ਕੌਂਸਲਰਾਂ ਨੂੰ ਕੋਸਦੇ ਹੋਏ ਦੇਖੇ ਗਏ।

ਪ੍ਰਧਾਨਗੀ ਦੇ ਤਾਜ ਲਈ ਖੇਡੇ ਜਾ ਰਹੇ ਨੇ ਦਾਅ-ਪੇਚ ਸਹਿਰ ’ਚ ਚਰਚਾ ਹੈ ਕਿ ਇਹ ਪ੍ਰੋਗਰਾਮ ਸਿਰਫ ਜਿੱਤ ਦੀ ਖੁਸੀ ਵਿਚ ਨਹੀਂ, ਬਲਕਿ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ ਹਾਸਿਲ ਕਰਨ ਲਈ ਕਰਵਾਇਆ ਗਿਆ ਸੀ। ਚਰਚਾ ਇਹ ਹੈ ਕਿ ਮੁੱਖ ਪ੍ਰਬੰਧਕਾਂ ਦੀ ਨਿਗ੍ਹਾ ਆਗਾਮੀ ਪ੍ਰਧਾਨਗੀ ਦੇ ਤਾਜ ਤੇ ਟਿਕੀ ਹੋਈ ਹੈ। ਹਾਲਾਂਕਿ ਸਹਿਰ ਦੇ ਕਈ ਕੌਂਸਲਰ ਦੂਜੀ ਜਾਂ ਤੀਜੀ ਵਾਰ ਜਿੱਤ ਕੇ ਆਏ ਹਨ ਤੇ ਸੀਨੀਅਰ ਹਨ ਪਰ ਸਿਆਸੀ ਸਰਪ੍ਰਸਤੀ ਤੇ ਪੈਸੇ ਦੇ ਜੋਰ ਸਦਕਾ ਪਹਿਲੀ ਵਾਰ ਜਿੱਤੇ ਕਈ ਨਵੇਂ ਕੌਂਸਲਰ ਵੀ ਸਾਬਕਾ ਸੀਐੱਮ ਚਰਨਜੀਤ ਸਿੰਘ ਚੰਨੀ ਤੇ ਪ੍ਰਭਾਵ ਪਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸਿਆਸੀ ਦਾਅ-ਪੇਚ ਖੇਡ ਰਹੇ ਹਨ। ਕਿਉਂਕਿ ਕਾਂਗਰਸ ਪਾਰਟੀ ਦੇ 10 ਕੌਂਸਲਰ ਜਿੱਤੇ ਹਨ ਇਸ ਲਈ ਨਗਰ ਕੌਂਸਲ ਦੇ ਪ੍ਰਧਾਨਗੀ ਦਾ ਤਾਜ ਉਸ ਕੌਂਸਲਰ ਨੂੰ ਮਿਲੇਗਾ ਜੋ ਸਾਰਿਆਂ ਤੋਂ ਵੱਧ ਚਰਨਜੀਤ ਸਿੰਘ ਚੰਨੀ ਦਾ ਵਿਸਵਾਸ ਹਾਸਿਲ ਕਰ ਸਕੇਗਾ। ਹੁਣ ਦੇਖਣਾ ਇਹ ਵੀ ਹੋਵੇਗਾ ਕਿ ਆਖਿਰ ਮੋਰਿੰਡਾ ਨਗਰ ਕੌਂਸਲ ਦੀ ਪ੍ਰਧਾਨਗੀ ਦਾ ਤਾਜ ਕਿਸ ਦੇ ਸਿਰ ਸਜੇਗਾ।

# ਕਿਸਾਨ ਮਜਦੂਰ ਮੋਰਚੇ ਦਾ ਬਿਜਲੀ ਵਿਭਾਗ ਵਿਰੁੱਧ ਹੱਲਾ ਬੋਲ



ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਅਤਿ ਦੀ ਗਰਮੀ ਅਤੇ ਇਸ ਦੇ ਨਾਲ ਹੀ ਲੱਗ ਰਹੇ ਬਿਜਲੀ ਦੇ ਵੱਡੇ-ਵੱਡੇ ਕੱਟਾਂ ਨੇ ਲੋਕਾਂ ਦਾ ਜਿਉਣਾ ਮੁਸਕਲ ਕਰ ਦਿੱਤਾ ਹੈ। ਇਸ ਦੌਰਾਨ ਖੇਤੀ ਖੇਤਰ ਨੂੰ ਵੀ ਅੱਠ ਘੰਟੇ ਨਿਰਵਿਘਨ ਬਿਜਲੀ ਨਾ ਮਿਲਣ ਕਰਕੇ ਕਿਸਾਨਾਂ ਅਤੇ ਮਜਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅੱਜ ਕਿਸਾਨ ਮਜਦੂਰ ਮੋਰਚਾ ਵੱਲੋਂ ਪੰਜਾਬ ਵਿੱਚ ਬਿਜਲੀ ਦੀ ਸਪਲਾਈ ਦੀ ਮੰਗ ਨੂੰ ਲੈ ਕੇ ਸੂਬੇ ਭਰ ਵਿੱਚ ਬਿਜਲੀ ਵਿਭਾਗ ਵਿਰੁੱਧ ਹੱਲਾ ਬੋਲਿਆ ਗਿਆ। ਇਸ ਦੌਰਾਨ ਕਿਸਾਨ ਮਜਦੂਰ ਮੋਰਚਾ ਦੇ ਆਗੂਆਂ ਨੇ ਬਿਜਲੀ ਵਿਭਾਗ ਦੇ ਦਫਤਰਾਂ ਮੂਹਰੇ ਰੋਸ ਮੁਜਾਹਰੇ ਕੀਤੇ ਅਤੇ ਬਿਜਲੀ ਸਪਲਾਈ ਯਕੀਨੀ ਬਣਾਉਣ ਦੀ ਮੰਗ ਕੀਤੀ।

ਕਿਸਾਨ ਮਜਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਖੁਦ ਅੰਮ੍ਰਿਤਸਰ ਵਿਖੇ ਰੋਸ ਮੁਜਾਹਰੇ ਦੌਰਾਨ ਮੌਜੂਦ ਰਹੇ। ਪੰਧੇਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਤੀ ਖੇਤਰ ਲਈ ਅੱਠ ਘੰਟੇ ਬਿਜਲੀ ਸਪਲਾਈ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਜਦੋਂ ਕਿ ਖੇਤੀ ਖੇਤਰ ਨੂੰ ਸਿਰਫ ਤਿੰਨ ਤੋਂ ਚਾਰ ਘੰਟੇ ਹੀ ਬਿਜਲੀ ਮਿਲ ਪਾ ਰਹੀ ਹੈ। ਇੱਕ ਪਾਸੇ ਬਿਜਲੀ ਨਾ ਆਉਣ ਕਰਕੇ ਅਤੇ ਉੱਪਰੋਂ ਪੈ ਰਹੀ ਅਤਿ ਦੀ ਗਰਮੀ ਕਰਕੇ ਕਿਸਾਨਾਂ ਦੇ ਖੇਤ ਸੁੱਕੇ ਪਏ ਹਨ, ਜਿਸ ਕਰਕੇ ਕਿਸਾਨਾਂ ਨੂੰ ਝੋਨੇ ਦੀ ਲਵਾਈ ਵਿੱਚ ਵਧੇਰੇ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਕਿਸਾਨ ਜਨਰੇਟਰ ਚਲਾਉਂਦਾ ਹੈ ਤਾਂ ਉਸ ਨੂੰ ਪ੍ਰਤੀ ਏਕੜ ਦੋ ਤੋਂ ਤਿੰਨ ਹਜਾਰ ਰੁਪਏ ਵਾਧੂ ਦਾ ਖਰਚਾ ਪੈਂਦਾ ਹੈ, ਜਿਸ ਨਾਲ ਉਸ ਦੀ ਲਾਗਤ ਵਿੱਚ ਵਾਧਾ ਹੋਵੇਗਾ।

ਕਿਸਾਨ ਮਜਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਮੰਗ ਕੀਤੀ ਕਿ ਖੇਤੀ ਖੇਤਰ ਨੂੰ ਬਿਨਾਂ ਕਿਸੇ ਰੁਕਾਵਟ ਤੋਂ ਅੱਠ ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇ। ਉਹਨਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਖੇਤੀ ਖੇਤਰ ਲਈ ਬਿਜਲੀ ਸਪਲਾਈ ਯਕੀਨੀ ਨਾ ਬਣਾਈ ਤਾਂ ਕਿਸਾਨ ਮਜਦੂਰ ਮੋਰਚੇ ਵੱਲੋਂ ਸੰਘਰਸ ਨੂੰ ਹੋਰ ਤੇਜ ਕੀਤਾ ਜਾਵੇਗਾ।

# ਪੰਥਕ ਮੁਹਾਜ: ਸਿੰਘ ਸਾਹਿਬਾਨ ਦੇ ਤਿੱਖੇ ਸਵਾਲਾਂ ਅੱਗੇ ‘ਆਪ’ ਵਿਧਾਇਕਾਂ ਦੀ ਬੌਧਿਕ ਸੂਝ ਫੇਲ੍ਹ

ਅਕਾਲ ਤਖਤ ਸਕੱਤਰੇਤ ’ਤੇ ਅੱਜ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ ‘ਆਪ’ ਵਿਧਾਇਕ ਅਤੇ ਵਜ਼ੀਰ ਬੌਧਿਕ ਸੂਝ ਦੀ ਪ੍ਰੀਖਿਆ ’ਚ ਫੇਲ੍ਹ ਹੋ ਗਏ। ਸਿਆਸੀ ਤੌਰ ਉੱਤੇ ‘ਆਪ’ ਵਿਧਾਇਕ ਤੇ ਵਜ਼ੀਰ ਅਕਾਲ ਤਖਤ ਅੱਗੇ ਨਤਮਸਤਕ ਹੋ ਕੇ ਸਰਕਾਰ ਖਿਲਾਫ ਬਣ ਰਹੇ ਜਨਤਕ ਬਿਰਤਾਂਤ ਨੂੰ ਮੋੜਾ ਦੇਣ ’ਚ ਜ਼ਰੂਰ ਸਫਲ ਹੋਏ ਹਨ ਪ੍ਰੰਤੂ ਇਕੱਤਰਤਾ ’ਚ ਬੌਧਿਕ ਮੁਹਾਜ਼ ’ਤੇ ਖ਼ਤਾ ਖਾ ਗਏ। ਵਿਰੋਧੀ ਧਿਰ ਦੇ ਆਗੂਆਂ ਨੇ ਪੰਜਾਬ ਵਿਧਾਨ ਸਭਾ ’ਚ ਬੋਲੇ ਜਾਣ ਦਾ ਸਮਾਂ ਨਾ ਦਿੱਤੇ ਜਾਣ ਦੀ ਗੱਲ ਅੱਜ ਧਾਰਮਿਕ ਮੰਚ ਤੋਂ ਆਖੀ।

ਪੰਜਾਬ ਵਿਧਾਨ ਸਭਾ ’ਚ ਕਿਵੇਂ ਬਿਨਾਂ ਬਹਿਸ ਤੋਂ ਜਲਦਬਾਜੀ ’ਚ ਕਾਨੂੰਨ ਪਾਸ ਹੁੰਦੇ ਹਨ, ਇਸ ਦਾ ਝਲਕਾਰਾ ਅੱਜ ਸਿੰਘ ਸਾਹਿਬਾਨਾਂ ਦੇ ਅੱਗੇ ਬੈਠੇ ਵਿਧਾਇਕਾਂ ਦੇ ਜਵਾਬਾਂ ਤੋਂ ਦੇਖਣ ਨੂੰ ਮਿਲਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੱਖ ਰੱਖਿਆ ਕਿ ਉਨ੍ਹਾਂ ਵੱਲੋਂ 13 ਅਪਰੈਲ ਨੂੰ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ ਪੇਸ਼ ਹੋਣ ਸਮੇਂ ਇਹ ਮਸ਼ਵਰਾ ਦਿੱਤਾ ਗਿਆ ਸੀ ਕਿ ਬਹਿਸ ਨੂੰ ਇੱਕ ਦਿਨ ਹੋਰ ਵਧਾ ਲਿਆ ਜਾਵੇ ਅਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਨਾਲ ਜ਼ਰੂਰ ਵਿਚਾਰ-ਵਟਾਂਦਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੇਅਦਬੀ ਖਿਲਾਫ ਕਾਨੂੰਨ ਦਾ ਮਸੌਦਾ ਪਹਿਲਾਂ ਨਹੀਂ ਦਿੱਤਾ ਗਿਆ।



12 ਅਪਰੈਲ ਦੀ ਅੱਧੀ ਰਾਤ ਨੂੰ ਮਸੌਦਾ ਜਨਤਕ ਕੀਤਾ ਗਿਆ: ਕਾਂਗਰਸੀ ਵਿਧਾਇਕ

ਵਿਧਾਇਕ ਪਰਗਟ ਸਿੰਘ ਤੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 12 ਅਪਰੈਲ ਦੀ ਅੱਧੀ ਰਾਤ ਨੂੰ ਮਸੌਦਾ ਜਨਤਕ ਕੀਤਾ ਗਿਆ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਜਗਰੂਪ ਸਿੰਘ ਗਿੱਲ ਨੇ ਜਥੇਦਾਰ ਵੱਲੋਂ ਪੁੱਛੇ ਸਵਾਲ ਦੇ ਜੁਆਬ ’ਚ ਕਿਹਾ ਕਿ ਉਨ੍ਹਾਂ ਨੇ ਤਾਂ ਬਿੱਲ ਪੜ੍ਹਿਆ ਹੀ ਨਹੀਂ, ਪ੍ਰਵਾਨਗੀ ਦੇ ਦਿੱਤੀ ਸੀ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇਹ ਸਵਾਲ ਕਈ ਵਿਧਾਇਕਾਂ ਨੂੰ ਕੀਤਾ ਕਿ ਕੀ ਸੋਧ ਕਾਨੂੰਨ ’ਚ ‘ਕਸਟੋਡੀਅਨ’ ਸ਼ਬਦ ਹੈ, ਸਭ ਵਿਧਾਇਕ ਲਾਜਵਾਬ ਹੋ ਗਏ। ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਵੀ ਕਬੂਲ ਕੀਤਾ ਕਿ ਉਨ੍ਹਾਂ ਨੇ ਕਾਨੂੰਨ ਪੜ੍ਹਿਆ ਹੀ ਨਹੀਂ।

‘ਕਸਟੋਡੀਅਨ’ ਸ਼ਬਦ ਦਾ ਵਿਖਿਆਨ ਵੀ ਕਈ ਵਿਧਾਇਕ ਮੌਕੇ ’ਤੇ ਨਾ ਕਰ ਸਕੇ ਜਿਸ ਕਰਕੇ ਇੱਕ ‘ਆਪ’ ਵਿਧਾਇਕ ’ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਤਨਜ ਵੀ ਕੀਤਾ। ਦੇਖਿਆ ਜਾਵੇ ਤਾਂ ਵਿਧਾਨਕਾਰ ਦਾ ਮੁੱਢਲਾ ਕੰਮ ਕਾਨੂੰਨ ਬਣਾਉਣਾ ਹੁੰਦਾ ਹੈ ਤੇ ਵਿਧਾਇਕ ਹੀ ਅਸਲੀ ਕਾਰਗੁਜ਼ਾਰੀ ਵਿਧਾਨ ਸਭਾ ਵਿਚਲੇ ਕੰਮ ਤੋਂ ਹੀ ਮਾਪੀ ਜਾਂਦੀ ਹੈ। ਇੰਨੇ ਸੰਵੇਦਨ ਅਤੇ ਗੰਭੀਰ ਕਾਨੂੰਨ ਨੂੰ ਬਣਾਏ ਜਾਣ ਤੋਂ ਬਾਵਜੂਦ ‘ਆਪ’ ਵਿਧਾਇਕ ਇਸ ਦੀਆਂ ਮੱਦਾਂ ਤੋਂ ਅਨਜਾਣ ਸਨ।

ਸਿੱਧਾ ਪ੍ਰਸਾਰਨ ਅਚਾਨਕ ਗਾਇਬ..

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਲਾਈਵ ਪ੍ਰਸਾਰਨ ’ਚ ਪਏ ਵਿਘਨ ਸਬੰਧੀ ਵੀ ਸਰਕਾਰ ’ਤੇ ਉਂਗਲ ਉੱਠੀ। ਅੱਜ ਸਮੁੱਚੀ ਕਾਰਵਾਈ ਦਾ ਚੈਨਲਾਂ ’ਤੇ ਲਾਈਵ ਪ੍ਰਸਾਰਨ ਚੱਲ ਰਿਹਾ ਸੀ। ਜਦੋਂ ‘ਆਪ’ ਵਿਧਾਇਕ ਕਈ ਸਵਾਲਾਂ ’ਤੇ ਘਿਰਨ ਲੱਗੇ ਤਾਂ ਅਚਾਨਕ ਹੀ ਚੈਨਲਾਂ ਤੋਂ ਲਾਈਵ ਪ੍ਰਸਾਰਨ ਗਾਇਬ ਹੋ ਗਿਆ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇਸ ’ਤੇ ਇਤਰਾਜ਼ ਵੀ ਕੀਤਾ। ਇਸ ਤੋਂ ਪਹਿਲਾਂ ‘ਆਪ’ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਮੁੱਦਾ ਸੰਵੇਦਨਸ਼ੀਲ ਹੈ, ਜਿਸ ਦਾ ਲਾਈਵ ਪ੍ਰਸਾਰਨ ਨਾ ਕੀਤਾ ਜਾਵੇ।

# ਦਿੱਲੀ ਏਅਰਪੋਰਟ 'ਤੇ ਫਲੱਸ਼ ਬਟਨ 'ਚ ਛੁਪਾਇਆ 1.47 ਕਰੋੜ ਦਾ ਸੋਨਾ

ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸਟਰੀ ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਦੇ ਹੱਥ ਸੋਨੇ ਦੀ ਤਸਕਰੀ ਦਾ ਇੱਕ ਵੱਡਾ ਮਾਮਲਾ ਲੱਗਿਆ ਹੈ। ਦੁਬਈ ਤੋਂ ਆ ਰਹੇ ਇੱਕ ਬੰਗਲਾਦੇਸੀ ਟ੍ਰਾਂਜਿਟ ਯਾਤਰੀ ਨੇ ਏਅਰਪੋਰਟ ਦੇ ਵਾਸਰੂਮ ਦੇ ਫਲੱਸ ਬਟਨ ਦੇ ਅੰਦਰ 1.47 ਕਰੋੜ ਰੁਪਏ ਦੀ ਕੀਮਤ ਦਾ ਸੋਨਾ ਛੁਪਾ ਕੇ ਰੱਖਿਆ ਹੋਇਆ ਸੀ। ਕਸਟਮ ਅਧਿਕਾਰੀਆਂ ਨੇ ਮੰਗਲਵਾਰ ਨੂੰ ਦੱਸਿਆ ਕਿ ਇਹ ਯਾਤਰੀ 26 ਜੂਨ ਨੂੰ ਦੁਬਈ ਤੋਂ ਦਿੱਲੀ ਪਹੁੰਚਿਆ ਸੀ ਅਤੇ 27 ਜੂਨ ਨੂੰ ਟ੍ਰਾਂਜਿਟ ਵਿੱਚ ਸੀ। ਅੱਜ-ਕੱਲ੍ਹ ਸੋਨੇ ਦੇ ਤਸਕਰ ਵੱਖ-ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੇ ਹਨ।

ਸੱਕੀ ਯਾਤਰੀ ਦੇ 'ਸੱਕੀ ਟ੍ਰਾਂਜਿਟ ਟ੍ਰੈਵਲ ਪੈਟਰਨ' ਨੂੰ ਦੇਖਦੇ ਹੋਏ ਉਸ ਨੂੰ ਅੰਤਰਰਾਸਟਰੀ ਟ੍ਰਾਂਸਫਰ ਖੇਤਰ ਵਿੱਚ ਨਿਸਾਨਬੱਧ ਕੀਤਾ ਗਿਆ ਸੀ। ਇਸ ਤੋਂ ਬਾਅਦ ਉਸ ਨੂੰ ਡਿਪਾਰਚਰ ਏਰੀਆ ਦੇ ਇੱਕ ਵਾਸਰੂਮ ਦੇ ਬਾਹਰੋਂ ਗ੍ਰਿਫਤਾਰ ਕਰ ਲਿਆ ਗਿਆ। ਪੁੱਛਗਿੱਛ ਦੌਰਾਨ ਯਾਤਰੀ ਨੇ ਕਬੂਲ ਕੀਤਾ ਕਿ ਉਸ ਨੇ ਪੀਲੇ ਰੰਗ ਦੇ ਤਿੰਨ ਅੰਡਾਕਾਰ ਪਾਊਚ ਇੱਕ ਗੂੜ੍ਹੇ ਨੀਲੇ ਰੰਗ ਦੀ ਜੁਰਾਬ ਵਿੱਚ ਲਪੇਟ ਕੇ ਵਾਸਰੂਮ ਦੇ ਫਲੱਸ ਬਟਨ ਦੇ ਅੰਦਰ ਛੁਪਾ ਦਿੱਤੇ ਸਨ।

ਅਧਿਕਾਰੀਆਂ ਨੇ ਤਿੰਨੋਂ ਪਾਊਚ ਬਰਾਮਦ ਕਰ ਲਏ ਹਨ। ਇਨ੍ਹਾਂ ਪਾਊਚਾਂ ਵਿੱਚ ਸੋਨੇ ਦਾ ਪੇਸਟ ਸੀ,



ਜਿਸ ਵਿੱਚੋਂ 1,141.5 ਗ੍ਰਾਮ ਸੁੱਧ ਸੋਨਾ ਕੱਢਿਆ ਗਿਆ। ਬਰਾਮਦ ਕੀਤੇ ਗਏ ਸੋਨੇ ਦੀ ਕੀਮਤ ਕਰੀਬ 1,46,64,211 ਰੁਪਏ (ਲਗਪਗ 1.47 ਕਰੋੜ ਰੁਪਏ) ਦੱਸੀ ਗਈ ਹੈ।

ਕਸਟਮ ਵਿਭਾਗ ਨੇ ਇਸ ਸੋਨੇ ਨੂੰ ਕਸਟਮ ਐਕਟ 1962 ਦੇ ਤਹਿਤ ਜਬਤ ਕਰ ਲਿਆ ਹੈ। ਯਾਤਰੀ ਖਿਲਾਫ ਸੋਨੇ ਦੀ ਤਸਕਰੀ ਦਾ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ। ਇਹ ਘਟਨਾ ਏਅਰਪੋਰਟ ਦੀ ਸੁਰੱਖਿਆ ਵਿਵਸਥਾ ਦੀ ਮੁਸਤੈਦੀ ਨੂੰ ਦਰਸਾਉਂਦੀ ਹੈ, ਨਾਲ ਹੀ ਤਸਕਰਾਂ ਵੱਲੋਂ ਅਪਣਾਏ ਜਾ ਰਹੇ ਨਵੇਂ-ਨਵੇਂ ਤਰੀਕਿਆਂ ਨੂੰ ਵੀ ਉਜਾਗਰ ਕਰਦੀ ਹੈ।

ਹਾਲ ਹੀ ਦੇ ਮੁੱਖ ਮਾਮਲੇ (2026)

ਜੂਨ 2026 (ਸਾਰਜਾਹ ਤੋਂ ਆਇਆ ਯਾਤਰੀ):
ਇੱਕ ਭਾਰਤੀ ਯਾਤਰੀ ਨੂੰ ਸਾਰਜਾਹ ਤੋਂ ਫਲਾਈਟ -136 ਰਾਹੀਂ ਆਉਣ 'ਤੇ ਫੜਿਆ ਗਿਆ।
ਉਸ ਕੋਲੋਂ 2.755 ਕਿੱਲੋ (2755 ਗ੍ਰਾਮ) ਸੋਨਾ (ਪੇਸਟ ਦੇ ਰੂਪ ਵਿੱਚ) ਬਰਾਮਦ ਹੋਇਆ, ਜਿਸਦੀ ਕੀਮਤ ਲਗਭਗ 3.8 ਕਰੋੜ ਹੈ।
ਸੋਨਾ ਦੋ ਕਾਲੇ ਪਾਊਚਾਂ ਵਿੱਚ ਛੁਪਾ ਕੇ ਸੀਟ ਦੇ ਹੇਠਾਂ ਰੱਖਿਆ ਗਿਆ ਸੀ। ਯਾਤਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਮਈ 2026 (ਅਮਰੀਕੀ ਨਾਗਰਿਕ, ਭਾਰਤੀ ਮੂਲ):
ਸੈਨ ਫਰਾਂਸਿਸਕੋ ਤੋਂ ਏਅਰ ਇੰਡੀਆ ਦੀ ਫਲਾਈਟ ਰਾਹੀਂ ਆਇਆ ਅਮਰੀਕੀ ਨਾਗਰਿਕ (ਭਾਰਤੀ ਮੂਲ)।
115 ਸੋਨੇ ਦੀਆਂ ਇੱਟਾਂ (ਬਿਸਕੁਟ) (3.565 ਕਿੱਲੋ) ਖਾਸ ਡਿਜਾਈਨ ਵਾਲੀ ਟਰਾਊਜਰ/ਬੈਲਟ ਵਿੱਚ ਛੁਪਾਈਆਂ ਹੋਈਆਂ ਸਨ, ਜਿਨ੍ਹਾਂ ਦੀ ਕੀਮਤ 5.5 ਕਰੋੜ ਤੋਂ ਵੱਧ ਸੀ।
ਗ੍ਰੀਨ ਚੈਨਲ ਤੋਂ ਲੰਘਦੇ ਸਮੇਂ ਫੜਿਆ ਗਿਆ। ਇਹ 24 ਕੈਰੇਟ ਸੁੱਧ ਸੋਨਾ ਸੀ। ਯਾਤਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਮਈ 2026 (ਦੋ ਵੱਖ-ਵੱਖ ਮਾਮਲੇ):
ਜੇਦਾਹ ਅਤੇ ਦੋਹਾ ਤੋਂ ਆਏ ਦੋ ਭਾਰਤੀ ਯਾਤਰੀਆਂ ਕੋਲੋਂ 233.5 ਗ੍ਰਾਮ + 117 ਗ੍ਰਾਮ ਸੋਨਾ ਬਰਾਮਦ ਹੋਇਆ।
ਪਾਣੀ ਦੀਆਂ ਬੋਤਲਾਂ ਦੇ ਨਕਲੀ ਥੱਲੇ ਵਿੱਚ ਸਿਲਵਰ ਕੋਟਿੰਗ ਵਾਲੇ ਸੋਨੇ ਦੇ ਟੁਕੜੇ ਛੁਪਾਏ ਗਏ ਸਨ।

# ਹਾਈ ਕੋਰਟ ਵੱਲੋਂ ਕੇਅਰਟੇਕਰ ਦੀ ਜਮਾਨਤ ਰੱਦ

ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਪੱਛਮੀ ਦਿੱਲੀ ਦੇ ਜਨਕਪੁਰੀ ਸਥਿਤ ਇੱਕ ਨਿੱਜੀ ਸਕੂਲ ਵਿੱਚ ਤਿੰਨ ਸਾਲਾ ਬੱਚੀ ਨਾਲ ਜਬਰ-ਜਨਾਹ ਦੇ ਦੋਸੀ 57 ਸਾਲਾ ਕੇਅਰਟੇਕਰ ਲਲਿਤ ਕੁਮਾਰ ਨੂੰ ਦਿੱਤੀ ਜਮਾਨਤ ਰੱਦ ਕਰ ਦਿੱਤੀ ਅਤੇ ਉਸ ਨੂੰ 1 ਜੁਲਾਈ ਦੁਪਹਿਰ 2 ਵਜੇ ਪੋਕਸੋ ਅਦਾਲਤ ਅੱਗੇ ਆਤਮ ਸਮਰਪਣ ਕਰਨ ਦੇ ਹੁਕਮ ਦਿੱਤੇ ਹਨ।

ਜਸਟਿਸ ਵਿਨੋਦ ਕੁਮਾਰ ਦੀ ਛੁੱਟੀਆਂ ਵਾਲੀ ਬੈਂਚ ਨੇ ਦਿੱਲੀ ਪੁਲੀਸ ਅਤੇ ਸਿਕਾਇਤਕਰਤਾ ਵੱਲੋਂ ਦਾਇਰ ਪਟੀਸਨਾਂ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਜਾਰੀ ਕੀਤਾ। ਦੋਵਾਂ ਨੇ 7 ਮਈ ਨੂੰ ਟਰਾਇਲ ਕੋਰਟ ਵੱਲੋਂ ਦਿੱਤੀ ਗਈ ਜਮਾਨਤ ਨੂੰ ਚੁਣੌਤੀ ਦਿੱਤੀ ਸੀ।

ਸੁਣਵਾਈ ਦੌਰਾਨ ਪੁਲੀਸ ਵੱਲੋਂ ਪੇਸ ਵਧੀਕ ਸਾਲਿਸਟਰ ਜਨਰਲ ਐਸ.ਵੀ.ਰਾਜੂ ਨੇ ਦਲੀਲ ਦਿੱਤੀ ਕਿ ਇਹ ਪੋਕਸੋ ਐਕਟ ਦੀ ਧਾਰਾ 6 ਤਹਿਤ ਗੰਭੀਰ ਜਿਨਸੀ ਸੋਸਣ ਦਾ ਮਾਮਲਾ ਹੈ, ਜਿਸ ਵਿੱਚ ਘੱਟੋ-ਘੱਟ 20 ਸਾਲ ਦੀ ਸਜਾ ਦਾ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਬੱਚੀ ਨੇ ਮੁਲਜਮ ਦੀ ਪਛਾਣ ਕਰਕੇ ਉਸ ਖਿਲਾਫ ਸਪੱਸਟ ਦੋਸ ਲਗਾਏ ਹਨ।

ਦੂਜੇ ਪਾਸੇ, ਮੁਲਜਮ ਦੇ ਵਕੀਲ ਨੇ ਸਾਰੇ ਦੋਸਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਮਾਮਲੇ ਦੇ ਬੁਨਿਆਦੀ ਤੱਥ ਟਿਕਦੇ ਨਹੀਂ ਹਨ।

ਇਹ ਮਾਮਲਾ 1 ਮਈ ਨੂੰ ਸਾਹਮਣੇ ਆਇਆ ਸੀ, ਜਦੋਂ ਬੱਚੀ ਦੀ ਮਾਂ ਨੇ ਜਨਕਪੁਰੀ ਥਾਣੇ ਵਿੱਚ ਸਿਕਾਇਤ ਦਰਜ ਕਰਵਾਈ ਸੀ। ਸਿਕਾਇਤ ਮੁਤਾਬਕ, 30 ਅਪਰੈਲ ਨੂੰ ਸਕੂਲ ਵਿੱਚ ਦਾਖਲੇ ਦੇ ਦੂਜੇ ਦਿਨ ਬੱਚੀ ਨੂੰ ਸਕੂਲ ਦੇ ਇੱਕ ਇਕਾਂਤ ਸਥਾਨ 'ਤੇ ਲਿਜਾ ਕੇ ਉਸ ਨਾਲ ਜਿਨਸੀ ਸੋਸਣ ਕੀਤਾ ਗਿਆ।

ਪੁਲੀਸ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 64(1) ਅਤੇ ਪੋਕਸੋ ਐਕਟ ਦੀ ਧਾਰਾ 6 ਤਹਿਤ ਕੇਸ ਦਰਜ ਕਰਕੇ 1 ਮਈ ਨੂੰ ਕੇਅਰਟੇਕਰ ਨੂੰ ਗ੍ਰਿਫਤਾਰ ਕੀਤਾ ਸੀ। ਬਾਅਦ ਵਿੱਚ ਉਸ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ, ਪਰ 7 ਮਈ ਨੂੰ ਦੁਆਰਕਾ ਅਦਾਲਤ ਨੇ ਉਸ ਨੂੰ ਜਮਾਨਤ ਦੇ ਦਿੱਤੀ ਸੀ।

ਇਸ ਮਾਮਲੇ ਨੂੰ ਲੁਕਾਉਣ ਦੇ ਦੋਸ ਹੇਠ ਇੱਕ ਅਧਿਆਪਕਾ ਨੂੰ ਵੀ 14 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਹਲਦੀਆ ਪੈਟਰੋਕੈਮੀਕਲਜ ਦੀ ਨੈਫਥਾ ਪਾਈਪਲਾਈਨ 'ਚ ਭਿਆਨਕ ਅੱਗ, 10 ਤੋਂ ਵੱਧ ਲੋਕ ਜਖਮੀ

ਪੱਛਮੀ ਬੰਗਾਲ ਦੇ ਪੂਰਬੀ ਮੇਦਿਨੀਪੁਰ ਜਿਲ੍ਹੇ ਵਿੱਚ ਸਥਿਤ ਹਲਦੀਆ ਪੈਟਰੋਕੈਮੀਕਲਜ ਦੀ ਇੱਕ ਨੈਫਥਾ () ਪਾਈਪਲਾਈਨ ਵਿੱਚ ਮੰਗਲਵਾਰ ਤੜਕਸਾਰ ਭਿਆਨਕ ਅੱਗ ਲੱਗਣ ਕਾਰਨ 10 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਪਾਈਪਲਾਈਨ ਵਿੱਚੋਂ ਅਚਾਨਕ ਅੱਗ ਦੀਆਂ ਲਪਟਾਂ ਨਿਕਲਣ ਲੱਗੀਆਂ।



ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ

ਪੁਲੀਸ ਅਤੇ ਪ੍ਰਸਾਸਨਿਕ ਸੂਤਰਾਂ ਮੁਤਾਬਕ ਅੱਗ ਸਭ ਤੋਂ ਪਹਿਲਾਂ ਤੜਕੇ ਤਕਰੀਬਨ 2:45 ਵਜੇ ਦੇਖੀ ਗਈ ਸੀ। ਨੈਫਥਾ ਦੀ ਗੰਭੀਰ ਜਲਣਸੀਲਤਾ ਕਾਰਨ ਅੱਗ ਨੇ ਬੜੀ ਤੇਜੀ ਨਾਲ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਹਲਦੀਆ ਨਗਰ ਪਾਲਿਕਾ ਦੇ ਵਾਰਡ ਨੰਬਰ 13 ਅਧੀਨ ਪੈਂਦੇ ਚਿਰੰਜੀਬਪੁਰ ਇਲਾਕੇ ਤੱਕ ਫੈਲ ਗਈ। ਇਸ ਦੀ ਲਪੇਟ ਵਿੱਚ ਆਉਣ ਕਾਰਨ ਆਸ-ਪਾਸ ਦੇ ਕਈ ਰਿਹਾਇਸੀ ਘਰ ਵੀ ਸੜ ਕੇ ਸੁਆਹ ਹੋ ਗਏ ਹਨ।

ਹਾਦਸੇ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ 12 ਗੱਡੀਆਂ ਮੌਕੇ 'ਤੇ ਭੇਜੀਆਂ ਗਈਆਂ, ਜੋ ਲਗਾਤਾਰ ਅੱਗ 'ਤੇ ਕਾਬੂ ਪਾਉਣ ਦੀਆਂ ਕੋਸਿਸਾਂ ਵਿੱਚ ਜੁਟੀਆਂ ਹੋਈਆਂ ਹਨ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪ੍ਰਭਾਵਿਤ ਖੇਤਰ ਵਿੱਚੋਂ ਜਖਮੀਆਂ ਨੂੰ ਤੁਰੰਤ ਕੱਢ ਕੇ ਹਲਦੀਆ ਸਬ-ਡਿਵੀਜਨਲ ਹਸਪਤਾਲ ਪਹੁੰਚਾਇਆ ਗਿਆ। ਉਨ੍ਹਾਂ ਵਿੱਚੋਂ ਪੰਜ ਜਣਿਆਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਤਾਮਲੁਕ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ, ਜਿੱਥੇ ਦੋ ਮਰੀਜਾਂ ਦੀ ਹਾਲਤ ਬੇਹੱਦ ਨਾਜੁਕ ਬਣੀ ਹੋਈ ਹੈ।

ਪੁਲੀਸ ਅਧਿਕਾਰੀ ਨੇ ਅੱਗੇ ਦੱਸਿਆ, "ਸੁਰੱਖਿਆ ਦੇ ਲਿਹਾਜ ਨਾਲ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਅੱਗ ਬੁਝਾਊ ਅਮਲਾ ਸਥਿਤੀ 'ਤੇ ਕਾਬੂ ਪਾਉਣ ਲਈ ਮੁਸਤੈਦ ਹੈ। ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਇੱਕ ਡੂੰਘੀ ਅਤੇ ਵਿਸਥਾਰਤ ਜਾਂਚ ਤੋਂ ਬਾਅਦ ਹੀ ਲੱਗ ਸਕੇਗਾ।" ਇਸ ਭਿਆਨਕ ਅੱਗ ਕਾਰਨ ਘਟਨਾ ਸਥਾਨ ਦੇ ਨੇੜਿਓਂ ਲੰਘਦੀਆਂ ਰੇਲ ਲਾਈਨਾਂ ਦੀਆਂ ਓਵਰਹੈੱਡ ਬਿਜਲੀ ਤਾਰਾਂ ਅਤੇ ਹੋਰ ਉਪਕਰਨਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਇਲਾਕੇ ਵਿੱਚ ਰੇਲ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ।

# ਮੌਨਸੂਨ 'ਤੇ ਅਲ-ਨੀਨੋ ਦਾ ਅਸਰ, ਜੂਨ ਮਹੀਨੇ ਆਮ ਨਾਲੋਂ 42% ਘੱਟ ਹੋਈ ਬਾਰਸ; 100 ਸਾਲਾਂ 'ਚ ਤੀਜਾ ਸਭ ਤੋਂ ਸੁੱਕਾ ਮਹੀਨਾ

ਪ੍ਰਸਾਂਤ ਮਹਾਂਸਾਗਰ 'ਚ ਸਰਗਰਮ ਐਲ-ਨੀਨੋ ਦਾ ਅਸਰ ਭਾਰਤ 'ਚ ਇਸ ਸਾਲ ਸਾਫ-ਸਾਫ ਦੇਖਣ ਨੂੰ ਮਿਲ ਰਿਹਾ ਹੈ। ਸਾਲ 1927 ਤੋਂ 2026 ਤਕ ਇਹ ਤੀਜਾ ਅਜਿਹਾ ਮੌਕਾ ਹੈ, ਜਦੋਂ ਜੂਨ ਦਾ ਮਹੀਨਾ ਸਭ ਤੋਂ ਸੁੱਕਾ ਸਾਬਤ ਹੋਣ ਜਾ ਰਿਹਾ ਹੈ। ਮਹੀਨੇ ਦੇ ਖਤਮ ਹੋਣ ਵਿੱਚ ਕੁਝ ਘੰਟੇ ਬਾਕੀ ਹਨ ਅਤੇ ਦੇਸ ਭਰ ਵਿਚ 42% ਬਾਰਸ ਦੀ ਕਮੀ ਦੇਖਣ ਨੂੰ ਮਿਲ ਰਹੀ ਹੈ।

ਦਰਅਸਲ, ਜੂਨ ਵਿਚ ਹੁਣ ਤਕ ਦੇਸ ਭਰ 'ਚ ਔਸਤਨ ਕੇਵਲ 92.2 ਮਿਲੀਮੀਟਰ ਬਾਰਸ ਹੋਈ ਹੈ, ਜਦੋਂਕਿ ਆਮ ਤੌਰ 'ਤੇ ਇਹ ਅੰਕੜਾ 157.7 ਮਿਲੀਮੀਟਰ ਹੋਣਾ ਚਾਹੀਦਾ ਸੀ। ਜੇਕਰ ਅੱਜ ਯਾਨੀ ਮੰਗਲਵਾਰ ਨੂੰ ਜੂਨ ਮਹੀਨੇ ਦੇ ਆਖਰੀ ਦਿਨ ਚੰਗੀ ਬਾਰਸ ਹੁੰਦੀ ਹੈ ਤਾਂ ਕੁੱਲ ਮਿਲਾ ਕੇ ਲਗਪਗ 100 ਮਿਲੀਮੀਟਰ ਬਾਰਸ ਹੋਣ ਦੀ ਸੰਭਾਵਨਾ ਹੈ।

ਪਿਛਲੇ 100 ਸਾਲਾਂ ਵਿੱਚ ਕਦੋਂ-ਕਦੋਂ ਸੁੱਕਾ ਰਿਹਾ ਜੂਨ ਦਾ ਮਹੀਨਾ?

ਜੂਨ ਦਾ ਮਹੀਨਾ ਪਿਛਲੇ 100 ਸਾਲਾਂ ਵਿਚ ਤਿੰਨ ਵਾਰ ਸੁੱਕਾ ਰਿਹਾ ਹੈ। ਮੌਸਮ ਦੇ ਇਤਿਹਾਸ 'ਚ ਜੂਨ ਮਹੀਨੇ ਵਿੱਚ ਇਸ ਤੋਂ ਘੱਟ ਬਾਰਸ ਪਿਛਲੇ 100 ਸਾਲਾਂ ਵਿਚ ਸਿਰਫ 2009 (87.5 ਮਿਲੀਮੀਟਰ) ਅਤੇ 2014 (92.1 ਮਿਲੀਮੀਟਰ) ਦਰਜ ਕੀਤੀ ਗਈ ਸੀ। ਇਹ ਦੋਵੇਂ ਸਾਲ 20 ਸਾਲਾਂ ਦੇ ਅੰਦਰ ਦੇ ਹੀ ਹਨ।



ਰਾਹਤ ਦੀ ਗੱਲ ਇਹ ਹੈ ਕਿ ਜੂਨ ਵਿੱਚ ਜਿੱਥੇ ਦੇਸ ਦੇ ਬਹੁਤੇ ਹਿੱਸਿਆਂ, ਵਿਸੇਸ ਤੌਰ 'ਤੇ ਮੱਧ ਭਾਰਤ 'ਚ ਜਿੱਥੇ ਹੁਣ ਤਕ ਮੌਨਸੂਨ ਦੀ ਸਭ ਤੋਂ ਵੱਧ ਕਮੀ ਰਹੀ ਹੈ, ਉੱਥੇ ਚੰਗੀ ਬਾਰਸ ਹੋਣ ਦੀ ਉਮੀਦ ਹੈ। ਦੇ ਅਨੁਸਾਰ, ਜੁਲਾਈ ਦੇ ਪਹਿਲੇ ਹਫਤੇ ਤੋਂ ਮੱਧ ਭਾਰਤ ਸਮੇਤ ਦੇਸ ਦੇ ਬਹੁਤੇ ਹਿੱਸਿਆਂ 'ਚ ਮੌਨਸੂਨ ਰਫਤਾਰ ਫੜੇਗਾ ਅਤੇ ਚੰਗੀ ਬਾਰਸ ਹੋਵੇਗੀ।

ਬਾਰਸ ਦੀ ਭਾਰੀ ਕਮੀ

ਦੱਸ ਦੇਈਏ ਕਿ ਜੂਨ ਦੇ ਮਹੀਨੇ 'ਚ ਮੱਧ ਭਾਰਤ 'ਚ ਹੁਣ ਤਕ ਭਾਰੀ ਵਰਖਾ ਹੋਈ ਹੈ, ਪਰ ਇਹ 54% ਤੱਕ ਘੱਟ ਹੈ। ਇਸ ਤੋਂ ਬਾਅਦ ਪੂਰਬੀ ਅਤੇ ਉੱਤਰ-ਪੂਰਬੀ ਭਾਰਤ 'ਚ 41%, ਉੱਤਰ-ਪੱਛਮੀ ਭਾਰਤ ਵਿੱਚ 30% ਅਤੇ ਦੱਖਣੀ ਭਾਰਤ 'ਚ 28% ਦੀ ਕਮੀ ਦੇਖੀ ਗਈ ਹੈ।

ਦੇਸ ਦੇ ਚਾਰੋਂ ਪਾਸੇ ਇੰਨੀ ਭਾਰੀ ਮਾਤਰਾ ਵਿੱਚ ਬਾਰਸ ਦੀ ਕਮੀ ਸਾਇਦ ਇਸ ਗੱਲ ਦਾ ਸੰਕੇਤ ਹੈ ਕਿ ਅਲ-ਨੀਨੋ ਦਾ ਪ੍ਰਭਾਵ ਭਾਰਤ ਦੇ ਮਾਨਸੂਨ 'ਤੇ ਪੈਣਾ ਸੁਰੂ ਹੋ ਗਿਆ ਹੈ।

ਅਲ-ਨੀਨੋ ਦਾ ਪ੍ਰਭਾਵ

ਅਮਰੀਕੀ ਏਜੰਸੀ ਇੰਟਰਨੈਸਨਲ ਰਿਸਰਚ ਇੰਸਟੀਚਿਊਟ ਫਾਰ ਕਲਾਈਮੇਟ ਐਂਡ ਸੁਸਾਇਟੀ ਦੇ ਅਨੁਸਾਰ, ਪ੍ਰਸਾਂਤ ਖੇਤਰ 'ਚ ਵਧ ਰਹੀ ਗਰਮੀ ਕਾਰਨ ਅਲ-ਨੀਨੋ ਮੱਧਮ ਤੀਬਰਤਾ ਦੇ ਨੇੜੇ ਪਹੁੰਚ ਚੁੱਕਾ ਹੈ ਅਤੇ ਆਉਣ ਵਾਲੇ ਮਹੀਨਿਆਂ 'ਚ ਇਸ ਦੇ ਹੋਰ ਮਜਬੂਤ ਹੋਣ ਦੀ ਆਸ਼ੰਕਾ ਹੈ।

ਅਲ-ਨੀਨੋ ਪ੍ਰਸਾਂਤ ਮਹਾਂਸਾਗਰ ਦੇ ਪਾਣੀ ਨੂੰ ਗਰਮ ਕਰ ਦਿੰਦਾ ਹੈ ਜਿਸ ਨਾਲ ਗਲੋਬਲ ਮੌਸਮ ਪ੍ਰਭਾਵਿਤ ਹੁੰਦਾ ਹੈ। ਇਹ ਹਵਾਵਾਂ ਦਾ ਰੁਖ ਬਦਲ ਕੇ ਭਾਰਤੀ ਮਾਨਸੂਨ 'ਤੇ ਉਲਟ ਪ੍ਰਭਾਵ ਪਾਉਂਦਾ ਹੈ। ਇਸੇ ਕਾਰਨ 4 ਜੂਨ ਨੂੰ ਕੇਰਲ ਪਹੁੰਚੇ ਮੌਨਸੂਨ ਦੀ ਰਫਤਾਰ ਅਜੇ ਤੱਕ ਸੁਸਤ ਹੈ ਅਤੇ ਜੂਨ 'ਚ ਦੇਸ ਦੀ ਰੋਜਾਨਾ ਵਰਖਾ ਮਹਿਜ ਇੱਕੋ ਦਿਨ ਆਮ ਨਾਲੋਂ ਵੱਧ ਰਹੀ ਹੈ।

# ਯੂਰਪ 'ਚ ਭਿਆਨਕ ਗਰਮੀ: ਇਟਲੀ 'ਚ ਬਿਜਲੀ ਘਰ ਬੰਦ, ਫਰਾਂਸ 'ਚ ਚਾਰ ਗੁਣਾ ਵਧੇ; ਟ੍ਰੇਨ ਸੇਵਾ ਠੱਪ

ਯੂਰਪ ਇੰਨੀਂ ਦਿਨੀਂ ਭਿਆਨਕ ਗਰਮੀ ਦੀ ਲਪੇਟ ਵਿੱਚ ਹੈ। ਚਿਲਚਿਲਾਤੀ ਗਰਮੀ ਦਾ ਅਸਰ ਹੁਣ ਸਿਰਫ ਲੋਕਾਂ ਦੀ ਸਿਹਤ 'ਤੇ ਹੀ ਨਹੀਂ ਪੈ ਰਿਹਾ, ਸਗੋਂ ਆਰਥਿਕਤਾ ਅਤੇ ਬੁਨਿਆਦੀ ਢਾਂਚਾ ਵੀ ਇਸ ਦੀ ਲਪੇਟ ਵਿੱਚ ਆ ਗਏ ਹਨ। ਪੱਛਮੀ ਯੂਰਪ ਦਾ ਰੇਲ ਨੈੱਟਵਰਕ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ।

ਫਰਾਂਸ ਵਿੱਚ ਕਈ ਪ੍ਰਮਾਣੂ ਰਿਐਕਟਰ ਬੰਦ ਕਰ ਦਿੱਤੇ ਗਏ ਹਨ ਜਾਂ ਫਿਰ ਉਨ੍ਹਾਂ ਦੀ ਸਮਰੱਥਾ ਕਾਫੀ ਹੱਦ ਤੱਕ ਘਟਾ ਦਿੱਤੀ ਗਈ ਹੈ, ਅਜਿਹਾ ਇਸ ਲਈ ਕੀਤਾ ਗਿਆ ਕਿਉਂਕਿ ਇਹ ਰਿਐਕਟਰ ਨਦੀਆਂ ਵਿੱਚ ਗਰਮ ਪਾਣੀ ਛੱਡ ਰਹੇ ਸਨ।

**ਕਿਤੇ ਹੜਤਾਲ ਤੇ ਕਿਤੇ ਏ ਸੀ ਖਰੀਦਣ ਦੀ ਹੋੜ**

ਫਰਾਂਸ ਦੇ ਇੱਕ ਆਟੋਮੋਬਾਈਲ ਪਲਾਂਟ ਵਿੱਚ ਯੂਨੀਅਨ ਆਗੂਆਂ ਨੇ ਫੈਕਟਰੀ ਦੇ ਅੰਦਰ ਅਸਹਿ ਗਰਮੀ ਦਾ ਹਵਾਲਾ ਦਿੰਦੇ ਹੋਏ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਫਰਾਂਸ ਅਤੇ ਇਟਲੀ ਵਿੱਚ ਬਿਜਲੀ ਘਰਾਂ ਦੇ ਬੰਦ ਹੋਣ ਕਾਰਨ ਸੈਂਕੜੇ ਇਲਾਕਿਆਂ ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ। ਜੇਕਰ ਗਰਮੀ ਦਾ ਇਹ ਦੌਰ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਕਈ ਯੂਰਪੀਅਨ ਦੇਸ਼ਾਂ ਦੀ ਆਰਥਿਕਤਾ 'ਤੇ ਮਾੜਾ ਅਸਰ ਪੈ ਸਕਦਾ ਹੈ ਅਤੇ ਮੌਤ ਦਰ ਵੀ ਵਧ ਸਕਦੀ ਹੈ। ਸ਼ਹਿਰਾਂ ਵਿੱਚ ਸਥਿਤੀ ਹੋਰ ਵੀ ਗੰਭੀਰ ਹੈ।

**ਘਰ ਅਤੇ ਅਪਾਰਟਮੈਂਟ ਬਣ ਰਹੇ ਨੇ ਭੱਠੀ**

ਮੋਟੀਆਂ ਕੰਧਾਂ ਵਾਲੀਆਂ ਪੁਰਾਣੀਆਂ ਇਮਾਰਤਾਂ ਦਿਨ ਭਰ ਦੀ ਗਰਮੀ ਨੂੰ ਸੋਖ ਲੈਂਦੀਆਂ ਹਨ ਅਤੇ ਰਾਤ ਤੱਕ ਉਸ ਨੂੰ ਛੱਡਦੀਆਂ ਰਹਿੰਦੀਆਂ ਹਨ, ਜਿਸ ਕਾਰਨ ਅਪਾਰਟਮੈਂਟ ਭੱਠੀ ਵਰਗੇ ਬਣ ਗਏ ਹਨ।

ਗਰਮੀ ਤੋਂ ਪਰੇਸ਼ਾਨ ਲੋਕ ਅੱਧੀ ਰਾਤ ਤੋਂ ਬਾਅਦ ਪਾਰਕਾਂ ਦਾ ਰੁਖ ਕਰ ਰਹੇ ਹਨ। ਏਅਰ ਕੰਡੀਸ਼ਨਰ ਖਰੀਦਣ ਦੀ ਹੋੜ ਮਚੀ ਹੋਈ ਹੈ। ਕਈ ਲੋਕ ਰਾਹਤ ਲਈ ਹੋਟਲਾਂ ਵਿੱਚ ਵੀ ਠਹਿਰ ਰਹੇ ਹਨ।



**ਕਈ ਦੇਸ਼ਾਂ ਵਿੱਚ ਟੁੱਟੇ ਤਾਪਮਾਨ ਦੇ ਰਿਕਾਰਡ**

ਬ੍ਰਿਟੇਨ, ਫਰਾਂਸ ਅਤੇ ਸਪੇਨ ਵਿੱਚ ਤਾਪਮਾਨ ਦੇ ਕਈ ਰਿਕਾਰਡ ਟੁੱਟ ਗਏ ਹਨ। ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਗਰਮ ਹੋ ਰਹੇ ਇਸ ਮਹਾਂਦੀਪ ਦੀਆਂ ਬਹੁਤੀਆਂ ਇਮਾਰਤਾਂ ਅਤੇ ਬੁਨਿਆਦੀ ਢਾਂਚਾ ਠੰਡੇ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ। ਪੁਰਾਣੇ ਮਕਾਨਾਂ ਵਿੱਚ ਗਰਮੀ ਸੋਖਣ ਵਾਲੀ ਨਿਰਮਾਣ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਵਿੱਚ ਬਾਹਰੀ ਸਟਰ ਵਰਗੇ ਪ੍ਰਬੰਧ ਵੀ ਘੱਟ ਹਨ, ਜਿਸ ਕਾਰਨ ਗਰਮੀ ਇਮਾਰਤਾਂ ਦੇ ਅੰਦਰ ਹੀ ਕੈਦ ਹੋ ਕੇ ਮੁਸ਼ਕਲਾਂ ਹੋਰ ਵਧਾ ਰਹੀ ਹੈ।

**ਇਨ੍ਹਾਂ ਦੇਸ਼ਾਂ ਨੂੰ ਜਿਆਦਾ ਨੁਕਸਾਨ**

ਜਰਮਨ ਬੀਮਾ ਕੰਪਨੀ ਅਲਾਇੰਜ ਦੀ ਰਿਪੋਰਟ ਮੁਤਾਬਕ ਇਟਲੀ, ਫਰਾਂਸ, ਜਰਮਨੀ ਅਤੇ ਸਪੇਨ ਨੂੰ ਗਰਮੀ ਕਾਰਨ ਸਭ ਤੋਂ ਜਿਆਦਾ ਆਰਥਿਕ ਨੁਕਸਾਨ ਹੋਇਆ ਹੈ। ਗਰਮੀ ਕਾਰਨ ਤਾਪਮਾਨ ਇੰਨਾ ਵਧ ਗਿਆ ਕਿ ਫਰਾਂਸ ਵਿੱਚ ਚਾਰ ਪ੍ਰਮਾਣੂ ਬਿਜਲੀ ਘਰਾਂ ਦੇ ਰਿਐਕਟਰ ਤੱਕ ਬੰਦ ਕਰਨੇ ਪਏ ਹਨ।

**ਚਾਰ ਗੁਣਾ ਵਧੇ ਕਾਰਡੀਅਕ ਅਰੈਸਟ ਦੇ ਮਾਮਲੇ**

ਫਰਾਂਸ ਦੇ ਸਿਹਤ ਮੰਤਰੀ ਸਟੀਫੇਨੀ ਰਿਸਟ ਅਨੁਸਾਰ, ਭਿਆਨਕ ਗਰਮੀ ਦੇ ਚੱਲਦਿਆਂ ਕਾਰਡੀਅਕ ਅਰੈਸਟ ਦੇ ਮਾਮਲਿਆਂ ਵਿੱਚ ਚਾਰ ਗੁਣਾ ਵਾਧਾ ਹੋਇਆ ਹੈ। ਪਹਿਲਾਂ 5 ਤੋਂ 10 ਮਾਮਲੇ ਆਉਂਦੇ ਸਨ, ਹੁਣ 20 ਤੋਂ 30 ਆ ਰਹੇ ਹਨ। ਸਾਲ 2023 ਦੀ ਇੱਕ ਸਟੱਡੀ ਦੱਸਦੀ ਹੈ ਕਿ ਗਰਮੀ ਕਾਰਨ ਮੌਤ ਦਾ ਖਤਰਾ ਫਰਾਂਸ, ਸਪੇਨ ਅਤੇ ਇਟਲੀ ਵਿੱਚ ਸਭ ਤੋਂ ਜਿਆਦਾ ਹੈ।

**ਜਰਮਨੀ, ਬ੍ਰਿਟੇਨ ਵਿੱਚ ਕਈ ਟ੍ਰੇਨਾਂ ਰੱਦ**

ਯੂਰਪ ਵਿੱਚ ਗਰਮੀ ਵਧਣ ਕਾਰਨ ਜਰਮਨੀ, ਸਵਿਟਜ਼ਰਲੈਂਡ ਅਤੇ ਬ੍ਰਿਟੇਨ ਵਿੱਚ ਕਈ ਟ੍ਰੇਨਾਂ ਨੂੰ ਰੱਦ ਕਰਨਾ ਪਿਆ ਹੈ। ਕੁਝ ਹੋਰ ਦੇਸ਼ਾਂ ਵਿੱਚ ਟ੍ਰੇਨਾਂ ਦੇ ਆਨ-ਬੋਰਡ ਸਿਸਟਮ ਗਰਮੀ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੇ ਹਨ।

ਫਰਾਂਸ ਨੇ 52 ਉਪਾਵਾਂ ਦੇ ਨਾਲ ਪਿਛਲੇ ਸਾਲ 388 ਪੰਨਿਆਂ ਦੀ ਯੋਜਨਾ ਜਾਰੀ ਕੀਤੀ ਹੈ। ਲੰਡਨ ਵਿੱਚ ਇਸੇ ਹਫਤੇ ਗਰਮੀ ਤੋਂ ਬਚਾਉਣ ਦਾ ਪਲਾਨ ਪੇਸ਼ ਕੀਤਾ ਗਿਆ ਹੈ।

# ਵੈਨਕੂਵਰ ਨੇੜੇ ਸਮੁੰਦਰ 'ਚ ਕਿਸਤੀ ਪਲਟੀ: 4 ਸਵਾਰ ਬਚਾਏ, 6 ਲਾਪਤਾ




ਵੈਨਕੂਵਰ ਨੇੜੇ ਸਮੁੰਦਰ ਦੇ ਤੱਟੀ ਖੇਤਰ ਵਿੱਚ ਇੱਕ ਕਿਸਤੀ ਡੁੱਬਣ ਕਾਰਨ ਵੱਡਾ ਹਾਦਸਾ ਵਾਪਰਨ ਦੀ ਖਬਰ ਹੈ। ਇਸ ਹਾਦਸੇ ਦੌਰਾਨ ਚਾਰ ਸਵਾਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ, ਜਦੋਂਕਿ ਕਈ ਘੰਟਿਆਂ ਦੀ ਭਾਲ ਤੋਂ ਬਾਅਦ ਵੀ 6 ਲੋਕ ਅਜੇ ਤੱਕ ਲਾਪਤਾ ਹਨ। ਲਾਪਤਾ ਲੋਕਾਂ ਦੀ ਤਲਾਸ਼ ਲਈ ਗੋਤਾਖੋਰ, ਹੈਲੀਕਾਪਟਰ ਅਤੇ ਬਚਾਅ ਦਲ ਵੱਲੋਂ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਪੁਲੀਸ ਨੇ ਦੱਸਿਆ ਕਿ ਮੌਜ-ਮਸਤੀ ਲਈ 10 ਜਣਿਆਂ ਵੱਲੋਂ ਕਿਰਾਏ 'ਤੇ ਲਈ ਗਈ ਇਹ ਕਿਸਤੀ ਡੂੰਘੇ ਸਮੁੰਦਰ ਵਿੱਚ ਅਚਾਨਕ ਪਲਟ ਗਈ। ਉੱਥੇ ਨੇੜੇ ਘੁੰਮ ਰਹੇ ਹੋਰ ਕਿਸਤੀ ਚਾਲਕਾਂ ਅਤੇ ਸਵਾਰਾਂ ਵੱਲੋਂ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਨੂੰ ਬਚਾਉਣ ਦੇ ਯਤਨ ਕੀਤੇ ਗਏ ਅਤੇ 4 ਜਣਿਆਂ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਗਿਆ, ਪਰ ਲੰਮੀ ਭਾਲ ਦੇ ਬਾਅਦ ਵੀ ਬਾਕੀ 6 ਸਵਾਰਾਂ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ।

ਬਚਾਅ ਅਤੇ ਜਾਂਚ ਦਲ ਦੇ ਬੁਲਾਰੇ ਨੇ ਦੱਸਿਆ ਕਿ ਪਲਟੀ ਹੋਈ ਕਿਸਤੀ ਦੇ ਸਵਾਰਾਂ ਨੇ ਬਚਾਅ ਜੈਕਟਾਂ (ਲਾਈਫ ਜੈਕਟਾਂ) ਨਹੀਂ ਸਨ ਪਾਈਆਂ ਹੋਈਆਂ, ਜਿਸ ਕਾਰਨ ਲਾਪਤਾ ਹੋਏ ਲੋਕਾਂ ਵਿੱਚੋਂ ਕਿਸੇ ਦੇ ਵੀ ਜਿਊਂਦੇ ਬਚੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਬੇਸ਼ੱਕ ਲੰਘੀ ਦੇਰ ਰਾਤ ਨ੍ਹੇਰਾ ਹੋਣ ਕਾਰਨ ਭਾਲ ਦੇ ਕਾਰਜ ਨੂੰ ਰੋਕ ਲਿਆ ਗਿਆ ਸੀ, ਪਰ ਬਚਾਅ ਦਲ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਵੇਰ ਹੁੰਦੇ ਹੀ ਤਲਾਸ਼ੀ ਅਭਿਆਨ ਦੇ ਆਖਰੀ ਯਤਨ ਮੁੜ ਜਾਰੀ ਰੱਖੇ ਜਾਣਗੇ।

**ਓਟਾਵਾ 'ਚ ਦੋ ਬੱਚਿਆਂ ਦੀਆਂ ਮਿਲੀਆਂ ਲਾਸ਼ਾਂ, ਪਿਤਾ ਦੀ ਵੀ ਮੌਤ**

ਦੂਜੇ ਪਾਸੇ, ਦੇਸ਼ ਦੀ ਰਾਜਧਾਨੀ ਓਟਾਵਾ ਤੋਂ ਇੱਕ ਬੇਹੱਦ ਮੰਦਭਾਗੀ ਖਬਰ ਸਾਹਮਣੇ ਆਈ ਹੈ, ਜਿੱਥੇ ਦੋ ਬੱਚਿਆਂ ਨੂੰ ਘਰ ਵਿੱਚ ਮਾਰੇ ਜਾਣ ਜਾਂ ਖੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਪ੍ਰਕਾਸ਼ ਵਿੱਚ ਆਇਆ ਹੈ। ਇਹ ਘਟਨਾ ਲੰਘੀ ਰਾਤ ਤਕਰੀਬਨ 10 ਵਜੇ ਦੀ ਹੈ, ਜਦੋਂ ਪੁਲੀਸ ਨੂੰ ਦੱਖਣੀ ਓਟਾਵਾ ਦੀ ਮੰਡੇਵਿਲਾ ਕਰੈਸੈਂਟ ਸਥਿਤ ਇੱਕ ਘਰ ਵਿੱਚ ਕੁਝ ਅਣਹੋਣੀ ਹੋਣ ਦੀ ਸੂਚਨਾ ਮਿਲੀ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਵੇਖਿਆ ਕਿ 7 ਅਤੇ 12 ਸਾਲ ਦੇ ਦੋ ਸਕੇ ਭਰਾ ਮਰੇ ਪਏ ਸਨ।

ਬਾਅਦ ਵਿੱਚ ਜਾਰੀ ਕੀਤੀ ਅਧਿਕਾਰਤ ਜਾਣਕਾਰੀ ਵਿੱਚ ਪੁਲੀਸ ਨੇ ਦੱਸਿਆ ਕਿ ਇਸ ਘਟਨਾ ਤੋਂ ਪਹਿਲਾਂ ਪੂਰਬੀ ਓਟਾਵਾ ਵਿੱਚ ਆਪਣੀ ਹੀ ਕਾਰ ਨੂੰ ਅੱਗ ਲੱਗਣ ਕਾਰਨ ਮਾਰਿਆ ਗਿਆ ਵਿਅਕਤੀ ਅਸਲ ਵਿੱਚ ਇਨ੍ਹਾਂ ਦੋਵਾਂ ਬੱਚਿਆਂ ਦਾ ਪਿਤਾ ਸੀ। ਪੁਲੀਸ ਵੱਲੋਂ ਦੋਵਾਂ ਭਰਾਵਾਂ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੇ ਗੰਭੀਰ ਯਤਨ ਕੀਤੇ ਜਾ ਰਹੇ ਹਨ ਕਿ ਕਿਸੇ ਵੱਲੋਂ ਉਨ੍ਹਾਂ ਦੀ ਹੱਤਿਆ ਕੀਤੀ ਗਈ ਹੈ ਜਾਂ ਫਿਰ ਉਨ੍ਹਾਂ ਨੇ ਖੁਦਕੁਸ਼ੀ ਕੀਤੀ ਹੈ। ਵੈਨਕੂਵਰ ਅਤੇ ਓਟਾਵਾ ਦੇ ਇਨ੍ਹਾਂ ਦੋਵਾਂ ਹਾਦਸਿਆਂ ਵਿੱਚ ਜਾਨ ਗਵਾਉਣ ਵਾਲਿਆਂ ਦੀ ਪਛਾਣ ਪੁਲੀਸ ਵੱਲੋਂ ਅਜੇ ਜਨਤਕ ਨਹੀਂ ਕੀਤੀ ਗਈ ਹੈ।

# ਚਾਰ ਦਿਨ ਪਹਿਲਾਂ ਢਹੀ ਇਮਾਰਤ ਦੇ ਮਲਬੇ 'ਚੋਂ ਸੁਰੱਖਿਅਤ ਕੱਢੇ ਗਏ ਪਿਤਾ-ਪੁੱਤਰ

ਵੈਨੇਜ਼ੁਏਲਾ ਵਿੱਚ ਆਏ ਭਿਆਨਕ ਭੂਚਾਲ ਦੇ ਚਾਰ ਦਿਨ ਬਾਅਦ ਐਤਵਾਰ ਨੂੰ ਇੱਕ ਇਮਾਰਤ ਦੇ ਮਲਬੇ ਵਿੱਚੋਂ ਇੱਕ ਪਿਤਾ ਅਤੇ ਪੁੱਤਰ ਨੂੰ ਜ਼ਿੰਦਾ ਕੱਢ ਲਿਆ ਗਿਆ। ਮਰਨ ਵਾਲਿਆਂ ਦੀ ਗਿਣਤੀ 1,500 ਹੋ ਗਈ ਹੈ, ਹਜ਼ਾਰਾਂ ਅਜੇ ਵੀ ਲਾਪਤਾ ਹਨ।



ਬਚਾਅ ਕਰਮਚਾਰੀ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਲੱਭਣ ਲਈ ਸਮੇਂ ਨਾਲ ਮੁਕਾਬਲਾ ਕਰ ਰਹੇ ਹਨ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਖ਼ਤਰਾ ਹੋਰ ਵੀ ਵਧਦਾ ਜਾਂਦਾ ਹੈ। ਮਾਹਿਰਾਂ ਦੇ ਅਨੁਸਾਰ, ਭੂਚਾਲ ਦੇ 72 ਘੰਟਿਆਂ ਬਾਅਦ ਮਲਬੇ ਹੇਠੋਂ ਜਿਊਂਦੇ ਲੋਕਾਂ ਨੂੰ ਲੱਭਣ ਦੀ ਸੰਭਾਵਨਾ ਬਹੁਤ ਘੱਟ ਹੈ।

ਇਸ ਦੌਰਾਨ, ਪੀਟੀਆਈ ਦੇ ਅਨੁਸਾਰ, ਆਪ੍ਰੇਸ਼ਨ ਐਮਿਸਟੈਡ ਦੇ ਤਹਿਤ ਭੂਚਾਲ ਪ੍ਰਭਾਵਿਤ ਵੈਨੇਜ਼ੁਏਲਾ ਵਿੱਚ ਤਾਇਨਾਤ ਭਾਰਤੀ ਫੌਜ ਦਾ ਫੀਲਡ ਹਸਪਤਾਲ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਿਆ ਹੈ ਅਤੇ 24 ਘੰਟੇ ਮੁਫਤ ਡਾਕਟਰੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।

**ਪਿਓ-ਪੁੱਤਰ ਨੂੰ ਚਾਰ ਦਿਨਾਂ ਬਾਅਦ ਮਲਬੇ ਤੋਂ ਸੁਰੱਖਿਅਤ ਕੱਢਿਆ ਗਿਆ**

ਵੈਨੇਜ਼ੁਏਲਾ ਵਿੱਚ ਭਾਰਤੀ ਦੂਤਾਵਾਸ ਨੇ ਕਿਹਾ ਕਿ ਬਹੁਤ ਹੀ ਤਜਰਬੇਕਾਰ ਡਾਕਟਰਾਂ ਦੀ ਇੱਕ ਟੀਮ ਨੇ ਕਰਾਕਸ ਵਿੱਚ ਅੰਤਰਰਾਸ਼ਟਰੀ ਲਾ ਰਿਕੋਨਾਡਾ ਰੇਸਟ੍ਰੈਕ 'ਤੇ ਕੈਂਪ ਲਗਾਇਆ ਹੈ। ਭਾਰਤੀ ਹਵਾਈ ਸੈਨਾ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਨੇ ਮਨੁੱਖੀ ਸਹਾਇਤਾ ਪਹੁੰਚਾਉਣ ਲਈ ਇਹ ਕਾਰਵਾਈ ਸ਼ੁਰੂ ਕੀਤੀ ਹੈ।

ਹਵਾਈ ਸੈਨਾ ਦੇ ਦੋ ਸੀ-17 ਗਲੋਬਮਾਸਟਰ ਜਹਾਜ਼ਾਂ ਨੇ 66 ਟਨ ਰਾਹਤ ਸਮੱਗਰੀ ਪਹੁੰਚਾਈ, ਜਿਸ ਵਿੱਚ ਇੱਕ ਫੀਲਡ ਹਸਪਤਾਲ, 35 ਟਨ ਤੋਂ ਵੱਧ ਰਾਹਤ ਸਮੱਗਰੀ, ਦਵਾਈਆਂ, ਡਾਕਟਰੀ ਉਪਕਰਣ ਅਤੇ ਦੋ ਭੀਸ਼ਮ ਕਿਊਬ ਸ਼ਾਮਲ ਹਨ।

ਭਾਰਤ ਹੈਲਥ ਇਨੀਸ਼ੀਏਟਿਵ ਫਾਰ ਸਹਿਯੋਗ, ਹਿਤ ਅਤੇ ਮੈਤਰੀ ਕਿਊਬਜ਼ (ਭੀਸ਼ਮ ਕਿਊਬਜ਼) ਮੂਲ ਰੂਪ ਵਿੱਚ ਮੋਬਾਈਲ ਹਸਪਤਾਲ ਹਨ ਜੋ ਐਮਰਜੈਂਸੀ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਲਈ ਹਨ।

**ਸੋਮਵਾਰ ਨੂੰ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ**

ਸੋਮਵਾਰ ਨੂੰ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਦੇ ਅਨੁਸਾਰ, ਸੋਮਵਾਰ ਸਵੇਰੇ ਵੈਨੇਜ਼ੁਏਲਾ ਦੀ ਰਾਜਧਾਨੀ ਕਰਾਕਸ ਦੇ ਉੱਤਰ ਵਿੱਚ 10 ਕਿਲੋਮੀਟਰ ਦੀ ਡੂੰਘਾਈ 'ਤੇ 4.6 ਤੀਬਰਤਾ ਦਾ ਭੂਚਾਲ ਆਇਆ। ਕੋਈ ਨੁਕਸਾਨ ਨਹੀਂ ਹੋਇਆ।

# ਬੌਂਡੀ ਬੀਚ ਹਮਲੇ ਦੇ ਹੀਰੋ ਅਹਿਮਦ ਅਲ-ਅਹਿਮਦ 'ਤੇ ਪਿਤਾ ਨਾਲ ਕੁੱਟਮਾਰ ਦਾ ਦੋਸ਼

ਪਿਛਲੇ ਸਾਲ ਆਸਟ੍ਰੇਲੀਆ ਦੇ ਸਿਡਨੀ ਵਿੱਚ ਹੋਏ ਬੌਂਡੀ ਬੀਚ ਹਮਲੇ ਦੌਰਾਨ ਇੱਕ ਹਮਲਾਵਰ ਨੂੰ ਬਹਾਦਰੀ ਨਾਲ ਕਾਬੂ ਕਰਨ ਵਾਲੇ ਅਹਿਮਦ ਅਲ-ਅਹਿਮਦ ਹੁਣ ਇੱਕ ਕਾਨੂੰਨੀ ਵਿਵਾਦ ਵਿੱਚ ਫਸ ਗਏ ਹਨ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਅਹਿਮਦ 'ਤੇ ਆਪਣੇ ਪਿਤਾ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ।



ਆਸਟ੍ਰੇਲੀਆਈ ਪ੍ਰਸਾਰਕ ਏਬੀਸੀ ਨੇ ਰਿਪੋਰਟ ਦਿੱਤੀ ਕਿ ਇਹ ਕਥਿਤ ਘਟਨਾ ਮਾਰਚ ਵਿੱਚ ਸਿਡਨੀ ਦੇ ਦੱਖਣ-ਪੱਛਮ ਵਿੱਚ ਬੈਂਕਸਟਾਊਨ ਖੇਤਰ ਦੇ ਇੱਕ ਘਰ ਵਿੱਚ ਵਾਪਰੀ ਸੀ। ਨਿਊ ਸਾਊਥ ਵੇਲਜ਼ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ 15 ਮਾਰਚ, 2026 ਨੂੰ 9 ਮਾਰਚ ਨੂੰ ਹੋਏ ਇੱਕ ਕਥਿਤ ਹਮਲੇ ਦੀ ਰਿਪੋਰਟ ਮਿਲੀ ਸੀ।

ਪੁਲਿਸ ਦੇ ਅਨੁਸਾਰ, ਇੱਕ 44 ਸਾਲਾ ਵਿਅਕਤੀ 'ਤੇ ਆਮ ਹਮਲੇ ਅਤੇ ਪਿੱਛਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਹਾਲਾਂਕਿ, ਪੁਲਿਸ ਨੇ ਦੋਸ਼ੀ ਜਾਂ ਪੀੜਤ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਦੋਸ਼ੀ ਨੂੰ 29 ਜੂਨ ਨੂੰ ਬੈਂਕਸਟਾਊਨ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

**ਬੌਂਡੀ ਹਮਲੇ 'ਚ ਬਣਿਆ ਸੀ ਹੀਰੋ**

ਅਹਿਮਦ ਅਲ-ਅਹਿਮਦ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਦਸੰਬਰ ਵਿੱਚ ਬੌਂਡੀ ਵਿੱਚ ਇੱਕ ਯਹੂਦੀ ਸਮਾਗਮ 'ਤੇ ਹੋਏ ਅੱਤਵਾਦੀ ਹਮਲੇ ਦੌਰਾਨ ਇੱਕ ਹਮਲਾਵਰ ਤੋਂ ਹਥਿਆਰ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਉਸਨੂੰ ਕਈ ਵਾਰ ਗੋਲੀ ਮਾਰ ਦਿੱਤੀ ਗਈ। ਇਸ ਹਮਲੇ ਵਿੱਚ 15 ਲੋਕ ਮਾਰੇ ਗਏ ਅਤੇ ਦਰਜਨਾਂ ਜ਼ਖਮੀ ਹੋ ਗਏ। ਆਸਟ੍ਰੇਲੀਆਈ ਅਧਿਕਾਰੀਆਂ ਨੇ ਇਸਨੂੰ ਯਹੂਦੀ-ਵਿਰੋਧੀ ਅੱਤਵਾਦੀ ਹਮਲਾ ਦੱਸਿਆ। ਅਹਿਮਦ ਦੀ ਬਹਾਦਰੀ ਦੀ ਦੇਸ਼ ਭਰ ਵਿੱਚ ਪ੍ਰਸ਼ੰਸਾ ਕੀਤੀ ਗਈ, ਅਤੇ ਉਸਨੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਵੀ ਮੁਲਾਕਾਤ ਕੀਤੀ। ਉਸਦੇ ਸਮਰਥਨ ਵਿੱਚ ਸ਼ੁਰੂ ਕੀਤੇ ਗਏ ਇੱਕ ਫੰਡਰੇਜ਼ਰ ਨੇ ਲਗਭਗ 2.5 ਤੋਂ 3 ਮਿਲੀਅਨ ਆਸਟ੍ਰੇਲੀਆਈ ਡਾਲਰ ਇਕੱਠੇ ਕੀਤੇ।

**ਅਹਿਮਦ ਨੇ ਦੋਸ਼ਾਂ ਨੂੰ ਝੂਠਾ ਦੱਸਿਆ**

ਅਹਿਮਦ ਅਲ-ਅਹਿਮਦ ਨੇ ਆਪਣੇ ਖਿਲਾਫ ਲੱਗੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਏਬੀਸੀ ਨੂੰ ਕਿਹਾ: "ਇਹ ਪੂਰੀ ਤਰ੍ਹਾਂ ਜਾਅਲੀ ਜਾਣਕਾਰੀ ਹੈ... ਇਸ ਵਿੱਚ ਕੋਈ ਸੱਚਾਈ ਨਹੀਂ ਹੈ।"

# ਉਦੋਂ ਦਾ ਜੁਆਨ, ਹੁਣ ਦਾ ਜੌਹਨ

ਸੱਤਰਵਿਆਂ ਵਿੱਚ ਐਮ. ਏ ਪਾਸ ਕਰਕੇ ਮਿੰਟੂ ਪੰਜਾਬ ਨੈਸ਼ਨਲ ਬੈਂਕ ਵਿੱਚ ਕਲਰਕ ਭਰਤੀ ਹੋ ਗਿਆ ਸੀ। ਉਹ ਪੜ੍ਹੇ ਲਿਖੇ ਪਰਿਵਾਰ ਚੋਂ ਆਇਆ ਸੀ। ਦੇਖਣ ਪਾਖਣ ਨੂੰ ਸੋਹਣਾ ਨੌਜਵਾਨ ਸੀ। ਕੱਦ ਕਾਠ ਦਰਮਿਆਨਾ ਸੀ। ਬੋਲ ਚਾਲ ਵਿੱਚ ਪੰਜਾਬੀਆਂ ਜਿਹਾ ਖੁੱਲ੍ਹਦਿਲਾ। ਥੋੜ੍ਹੇ ਸਮੇਂ ਵਿੱਚ ਹੀ ਬੈਂਕ ਦੇ ਮੁਲਾਜ਼ਮਾਂ ਵਿੱਚ ਸੋਹਣੀ ਸਾਖ ਕਇਮ ਕਰ ਗਿਆ ਸੀ। ਗ੍ਰਾਹਕ ਸੇਵਾ ਵਿੱਚ ਵੀ ਸੋਹਣਾ ਮਾਹਰ ਬਣ ਗਿਆ ਸੀ। ਆਪਣੇ ਕਾਊਂਟਰ ਮੂਹਰੇ ਬਣੀ ਗ੍ਰਾਹਕਾਂ ਦੀ ਭੀੜ ਨੂੰ ਜਲਦੀ ਜਲਦੀ ਨਿਪਟਾ ਦਿਆ ਕਰਦਾ ਸੀ।

ਬੈਂਕ ਦੇ ਮੂਹਰੇ ਸਕਿਊਰਿਟੀ ਗਾਰਡ ਦੇ ਤੌਰ ਤੇ ਇੱਕ ਅਧਖੜ੍ਹ ਫੌਜੀ ਬੈਠਾ ਹੋਇਆ ਕਰਦਾ ਸੀ। ਇਸਦਾ ਨਾਮ ਜਾਗਰ ਸੀ। ਸ਼ਬਦ 'ਜਵਾਨ' ਉਸਦਾ ਤਕੀਆ ਕਲਾਮ ਹੁੰਦਾ ਸੀ। ਕੋਈ ਜਵਾਨ ਹੋਵੇ, ਅਧਖੜ੍ਹ ਹੋਵੇ, ਬੁੱਢਾ ਹੋਵੇ ਸਭ ਨੂੰ ਉਹ 'ਜਵਾਨ' ਸ਼ਬਦ ਨਾਲ਼ ਹੀ ਮੁਖਾਤਿਬ ਹੋਇਆ ਕਰਦਾ ਸੀ। ਉਹ ਸਿਰਫ ਬੈਂਕ ਦੇ ਮੈਨੇਜਰ, ਖਜ਼ਾਨਚੀ, ਲੋਨ ਅਫਸਰ ਆਦਿ ਨੂੰ ਇਹ ਸ਼ਬਦ ਨਾਲ ਮੁਖਾਤਿਬ ਹੋਣ ਤੋਂ ਝਿਜਕਦਾ ਸੀ, ਬਾਕੀ ਸਭ ਨਾਲ ਉਸਦਾ ਵਰਤਾਰਾ ਇੱਕੋ ਜਿਹਾ ਹੀ ਸੀ। ਬੈਂਕ ਦੇ ਕਲਰਕਾਂ ਨੂੰ ਵੀ ਉਹ ਅਕਸਰ 'ਜੁਆਨ' ਕਹਿ ਕੇ ਹੀ ਬੁਲਾ ਲਿਆ ਕਰਦਾ ਸੀ। ਮਿੰਟੂ ਤਾਂ ਸੀ ਹੀ ਅਜੇ ਮੁੰਡਾ ਖੁੰਡਾ। ਉਹ ਤਾਂ ਸੀ ਹੀ ਪੂਰਾ ਜੁਆਨ। ਫੌਜੀ ਉਸਨੂੰ ਤਾਂ ਅਕਸਰ 'ਜੁਆਨ' ਹੀ ਕਹਿ ਦਿਆ ਕਰਦਾ ਸੀ। ਉਹ ਬਾਹਰ ਜਦ ਸਾਨੂੰ ਮਿਲਦਾ ਸੀ ਤਾਂ ਇਸ ਫੌਜੀ ਦੇ ਵਰਤਾਰੇ ਬਾਰੇ ਬੋਲ ਬੋਲ ਕੇ ਸੁਹਣਾ ਖੁਸ਼ ਹੋਇਆ ਤੇ ਸਾਨੂੰ ਖੁਸ਼ ਕਰਿਆ ਕਰਦਾ ਸੀ।

"ਕੀ ਇਹ ਫੌਜੀ ਆਪਣੇ ਘਰ ਵੀ ਹਰ ਕਿਸੇ ਨੂੰ ਜੁਆਨ ਕਹਿ ਕੇ ਬੁਲਾਉਂਦਾ ਹੋਊ?" ਮੈਂ ਮਿੰਟੂ ਨੂੰ ਪੁੱਛਿਆ।

"ਹਾਂ, ਇਹਦਾ ਆਪਣੇ ਘਰ ਵਿੱਚ ਹੀ ਨਹੀਂ, ਪਿੰਡ ਵਿੱਚ ਵੀ ਇਹੀ ਹਾਲ ਏ। ਇਹ ਫੌਜੀ ਏ। ਫੌਜੀਆਂ ਦੇ ਦਿਮਾਗ ਦੀ ਸੂਈ ਇੱਕ ਥਾਂ ਅਟਕੀ ਹੁੰਦੀ ਏ। ਉਨ੍ਹਾਂ ਦੇ ਸੁਭਾਅ ਅਤੇ ਵਰਤਾਰੇ ਨੂੰ ਬਦਲਣਾ ਬੜਾ ਔਖਾ ਹੁੰਦਾ ਏ। ਉਹ ਹਰ ਵਰਤਾਰੇ ਨੂੰ ਜੈਕ ਬੂਟ ਅਨੁਸ਼ਾਸ਼ਨ ਵਾਂਗ ਹੀ ਕਰਦੇ ਹੁੰਦੇ ਹਨ। ਸਾਡੇ ਪਿੰਡ ਦੋ ਫੌਜੀ ਹਨ- ਜੈਲਾ ਤੇ ਘੋਟੀ। ਇੱਕ ਫੋਜ ਵਿੱਚ ਹੌਲਦਾਰ ਏ ਤੇ ਦੂਜਾ ਅਜੇ ਸਿਪਾਹੀ ਹੀ ਏ। ਉਹ ਜਦ ਵੀ ਛੁੱਟੀ ਆਉਂਦੇ ਹਨ, ਪਿੰਡ ਵਿੱਚ ਚੌਪਾਲ ਜਾਂ ਸੱਥ ਵਿੱਚ ਆ ਪਹੁੰਚਦੇ ਹਨ। ਫਿਰ ਗੱਲਾਂ ਦੀ ਝੜੀ ਲਗਾ ਦਿੰਦੇ ਹਨ- ਕਿਸੇ ਲੜਾਈ ਤੇ ਜਾਣ ਦੀਆਂ ਗੱਲਾਂ, ਫੋਜ ਵਿੱਚੋਂ ਰਮ ਦੀਆਂ ਬੋਤਲਾਂ ਲਿਆਉਣ ਦੀਆਂ ਗੱਲਾਂ, ਆਪਣੇ ਅਫਸਰਾਂ ਦੀ ਪ੍ਰਸੰਸ਼ਾ ਦੇ ਪੁਲ਼, ਛੁੱਟੀ ਕੈਂਸਲ ਹੋਣ ਨੂੰ ਫਿਰਦੀ ਸੀ ਮੁਸ਼ਕਲ ਨਾਲ਼ ਬਚਾਈ, ਯੂਨਿਟ ਚੋਂ ਚਾਰ ਜਣੇ ਇਕੱਠੇ ਟਰੇਨ ਤੇ ਚੜ੍ਹੇ ਤੇ ਆ ਕੇ ਲੁਧਿਆਣੇ ਉੱਤਰੇ, ਬਾਕੀ ਤਿੰਨੇ ਕਿਹੜੇ ਕਿਹੜੇ ਪਿੰਡਾਂ ਦੇ ਹਨ ਉਨ੍ਹਾਂ ਦੇ ਪਿੰਡਾਂ ਦਾ ਖੁੱਲ੍ਹਾ ਵੇਰਵਾ, ਹੁਣ ਤਾਂ ਫੌਜ ਵਿੱਚ ਵੀ ਤਨਖਾਹਾਂ ਸੋਹਣੀਆਂ ਹੋ ਗਈਆਂ ਹਨ, ਨਵੀਂਆਂ ਹੋ ਰਹੀਆਂ ਭਰਤੀਆਂ ਦੇ ਵੇਰਵੇ, ਨਾਲ਼ ਦੇ ਸ਼ਹੀਦ ਹੋ ਚੁੱਕੇ ਜੁਆਨਾ ਦੀ ਬਹਾਦਰੀ ਦੀਆਂ ਕਹਾਣੀਆਂ ਤੇ ਹੋਰ ਅੰਤਾਂ ਦੀਆਂ ਗੱਲਾਂ।"

"ਮਿੰਟੂ ਇਹ ਸਭ ਕੁਝ ਤਾਂ ਹੋਇਆ, ਕੀ ਇਹ ਜਾਗਰ ਫੌਜੀ ਆਪਣੇ ਵੱਡਿਆਂ ਨੂੰ ਵੀ ਘਰ ਵਿੱਚ 'ਜੁਆਨ' ਕਹਿ ਕੇ ਹੀ ਮੁਖਾਤਿਬ ਹੁੰਦਾ ਏ?"

"ਸੁਣਿਐ, ਵੱਡਿਆਂ ਨੂੰ ਤਾਂ ਤਾਇਆ, ਚਾਚਾ, ਮਾਮਾ, ਭਾਜੀ ਆਦਿ ਕਹਿ ਕੇ ਬੁਲਾਉਂਦਾ ਏ, ਬਾਕੀ ਸਭ ਨੂੰ ਇਹ ਜੁਆਨ ਹੀ ਕਹਿੰਦਾ ਏ। ਇਹ ਤਾਂ ਨਿੱਕੇ ਨਿੱਕੇ ਜੁਆਕਾਂ ਨੂੰ ਵੀ ਜੁਆਨ ਕਹਿ ਕੇ ਬੁਲਾਉਂਦਾ ਦੇਖਿਆ ਏ।"

"ਕੀ ਇਹਦੇ ਇੰਝ ਕਰਨ ਤੇ ਦੇਖਣ ਵਾਲਿਆਂ ਨੂੰ ਹਾਸਾ ਨਹੀਂ ਆਉਂਦਾ?"

"ਇਹ ਹਾਸੇ ਦੀ ਪਰਵਾਹ ਹੀ ਨਹੀਂ ਕਰਦਾ। ਜਿਵੇਂ ਆਪਾਂ ਕਿਸੇ ਨੂੰ ਸਰ, ਮੈਡਮ, ਭਾਜੀ, ਭੈਣਜੀ, ਭਾਬੀ ਜੀ ਆਦਿ ਕਹਿ ਕੇ ਰਿਸ਼ਤੇ ਮੁਤਾਬਕ ਬੁਲਾਉਂਦੇ ਹਾਂ, ਓਵੇਂ ਹੀ ਇਹ ਤਕਰੀਬਨ ਹਰ ਇੱਕ ਨੂੰ 'ਜੁਆਨ' ਕਹਿ ਕੇ ਮੁਖਾਤਿਬ ਹੁੰਦਾ ਏ।"

"ਜੇ ਪੁਲਿਸ ਵਾਲ਼ੇ ਆ ਜਾਣ?"

"ਫਿਰ ਇਹ ਸਭ ਨੂੰ ਸਾਹਿਬ ਕਹਿੰਦਾ ਏ।"

"ਥਾਣੇਦਾਰ ਤੇ ਸਿਪਾਹੀ ਦੋਨੋਂ ਹੀ ਇਹਦੇ ਲਈ 'ਸਾਹਿਬ' ਹੁੰਦੇ ਹਨ?"

"ਨਹੀਂ, ਥਾਣੇਦਾਰ ਨੂੰ ਇਹ 'ਬੜਾ ਸਾਹਿਬ' ਤੇ ਸਿਪਾਹੀ ਨੂੰ 'ਛੋਟਾ ਸਾਹਿਬ'। ਇਹ ਬੈਂਕ ਦੇ ਮੈਨੇਜਰ ਅਤੇ ਖਜ਼ਾਨਚੀ ਨੂੰ ਵੀ ਸਾਹਿਬ ਹੀ ਕਹਿ ਕੇ ਬੁਲਾਉਂਦਾ ਹੈ।"

"ਇਸਦਾ ਮਤਲਕ ਇਹ ਕਿ ਇਸਨੂੰ ਬੰਦੇ ਕੁ ਬੰਦੇ ਦੇ ਫਰਕ ਦਾ ਪਤਾ ਏ?"

"ਪਤਾ ਤਾਂ ਇਹ ਪੂਰਾ ਰੱਖਦਾ ਹੈ ਪਰ ਕਦੀ ਕਦੀ ਅਚੇਤ ਮਾਨਸਿਕ ਅਵਸਥਾ ਵਿੱਚ ਇਹ ਕਿਸੇ ਨੂੰ ਵੀ 'ਜੁਆਨ' ਕਹਿ ਸਕਦਾ ਏ।"

"ਜੇ ਕੋਈ ਗੁੱਸਾ ਕਰ ਲਵੇ?"

"ਇਹਦਾ ਅੰਦਾਜ਼ ਅਕਸਰ ਏਦਾਂ ਦਾ ਹੁੰਦਾ ਏ ਕਿ ਇਹਦੇ ਵਰਤਾਰੇ ਨੂੰ ਕੋਈ ਵੀ ਬੁਰਾ ਨਹੀਂ ਮਨਾਉਂਦਾ, ਬਸ ਮਾੜਾ ਜਿਹਾ ਮੁਸਕੁਰਾ ਕੇ ਟਾਲ਼ ਦੇਂਦਾ ਏ ਤੇ ਅੱਗੇ ਤੁਰ ਜਾਂਦਾ ਏ। ਇਹਦੀ ਇੱਕ ਹੋਰ ਖਾਸੀਅਤ ਵੀ ਏ।"

"ਉਹ ਕੀ?"

"ਜਦ ਸਾਲ ਬਾਅਦ ਇਹਦੇ ਪਿੰਡ ਛਿੰਝ ਲਗਦੀ ਏ ਤਾਂ ਇਹਦੀ ਬੱਲੇ ਬੱਲੇ ਹੁੰਦੀ ਏ। ਇਹਨੂੰ ਸਾਰੇ 'ਜਮਾਂਦਾਰ' ਸਾਹਿਬ ਕਹਿ ਕੇ ਬੁਲਾਉਂਦੇ ਹੁੰਦੇ ਹਨ। ਇਹ ਛਿੰਝ ਦੇ ਅਖਾੜੇ ਦੇ ਪ੍ਰਬੰਧਕੀ ਕੰਮਾਂ ਵਿੱਚ ਬਹੁਤ ਰੀਝ ਨਾਲ਼ ਹਿੱਸਾ ਲੈਂਦਾ ਏ। ਛਿੰਜ ਵਿੱਚ ਅਕਸਰ ਇਹ ਜਜਮੈਂਟ ਵੀ ਕਰਦਾ ਹੁੰਦਾ ਏ। ਘੋਲਾਂ ਕਰਵਾਉਣ ਵਿੱਚ ਇਹ ਰੈਫਰੀ ਦੀ ਭੂਮਿਕਾ ਵੀ ਅਕਸਰ ਨਿਭਾਉਂਦਾ ਏ। ਜਦ ਕੋਈ



ਪਹਿਲਵਾਨ ਘੋਲ ਜਿੱਤ ਕੇ ਅਖਾੜੇ ਦਾ ਚੱਕਰ ਲਗਾਉਂਦਾ ਹੈ ਤਾਂ ਇਹ ਉਸਦੇ ਨਾਲ਼ ਨਾਲ਼ ਪਰਕਰਮਾਂ ਕਰਦਾ ਏ। ਕਦੀ ਕਦੀ ਢੋਲ ਤੇ ਡਗਾ ਵੀ ਲਗਾ ਦਿੰਦਾ ਏ। ਪਹਿਲਵਾਨਾਂ ਲਈ ਤਿਆਰ ਹੋ ਰਹੀ ਰਸਦ ਦੀ ਦੇਖ ਰੇਖ ਵੀ ਕਰਦਾ ਏ। ਪਿੰਡ ਦੇ ਲੋਕ ਵੀ ਇਸਦੀ ਬੜੀ ਇੱਜ਼ਤ ਕਰਦੇ ਹਨ। ਸੁਣਿਐਂ, ਪਿੰਡ ਵਿੱਚ ਇਸਦੀ ਘੁੰਨੇ ਅਮਲੀ ਨਾਲ਼ ਵੀ ਸੋਹਣੀ ਉੱਠਣੀ ਬੈਠਣੀ ਏ। ਉਹਦੀ ਹਵੇਲੀ ਇਹ ਛੁੱਟੀ ਵਾਲ਼ੇ ਦਿਨ ਅਕਸਰ ਬਾਣ ਦੇ ਮੰਜੇ ਤੇ ਲੰਮਾ ਪਿਆ ਹੁੰਦਾ ਏ।"

"ਕੀ ਕੋਈ ਅਮਲ ਵੀ ਖਾਂਦਾ ਏ?"

"ਇਹਦਾ ਸਾਰਾ ਪਿੰਡ ਹੀ ਅਮਲੀਆਂ ਦਾ ਪਿੰਡ ਏ। ਉਸ ਪਿੰਡ ਵਿੱਚ ਹੁੱਕਾ ਤੇ ਪੋਸਤ ਵੀ ਆਮ ਪ੍ਰਚੱਲਤ ਹਨ। ਹੋ ਸਕਦਾ ਏ ਇਹ ਘੁੰਨੇ ਅਮਲੀ ਨੂੰ ਵੀ ਰਮ ਦੇ ਦੋ ਤਿੰਨ ਪੈੱਗ ਲੁਆ ਦਿੰਦਾ ਹੋਵੇ। ਇਹਨੂੰ ਰਮ ਦਾ ਨਿਸ਼ਚਿਤ ਕੋਟਾ ਤਾਂ ਮਿਲਦਾ ਹੀ ਏ। ਸੁਣਿਐ, ਉਹ ਇਹਨੂੰ ਪੋਸਤ ਦੀ ਬਾਟੀ ਪਿਆ ਦਿੰਦਾ ਏ। ਨਸ਼ਾ ਕਰਨ ਤੋਂ ਬਾਅਦ ਤਾਂ ਇਹ 80 ਸਾਲ ਦੇ ਟਹਿਲ ਸਿਹੁੰ ਨੂੰ ਵੀ 'ਜੁਆਨ' ਕਹਿ ਕੇ ਹੀ ਹਾਕ ਮਾਰਦਾ ਏ। ਇਹ ਟਹਿਲ ਸਿੰਘ ਦੇ ਭਈਏ ਨੂੰ ਵੀ 'ਜੁਆਨ' ਹੀ ਕਹਿੰਦਾ ਏ, ਟਹਿਲ ਸਿੰਘ ਦੇ ਸੱਤ ਸਾਲ ਦੇ ਪੋਤੇ ਨੂੰ ਵੀ 'ਜੁਆਨ' ਕਹਿੰਦਾ ਏ। ਇਹਨੇ ਤਾਂ ਕਸ਼ਮੀਰ ਵਲੋਂ ਲੋਈਆਂ ਵੇਚਣ ਆਏ ਰਾਸ਼ਿਆਂ ਨੂੰ ਵੀ 'ਜੁਆਨ' ਕਹਿ ਮਾਰਿਆ। ਉਹ ਇਹਦੇ ਮਸਤ ਮੌਲੇ ਸੁਭਾਅ ਤੇ ਹੱਸੀ ਜਾਣ ਤੇ ਆਪਣੀਆਂ ਲੋਈਆਂ ਵੇਚਣ ਦੀਆਂ ਬਾਤਾਂ ਪਾਈ ਜਾਣ। ਇਹ ਲੋਈਆਂ ਨੂੰ ਨਿਹਾਰੀ ਜਾਵੇ, ਖਰੀਦੇ ਕੁਝ ਨਾ।"

ਮਿੰਟੂ ਬੈਂਕ ਵਿੱਚ ਪੰਜ ਸਾਲ ਨੌਕਰੀ ਕਰਕੇ ਵਿਆਹ ਦੇ ਆਧਾਰ ਤੇ ਲੰਡਨ ਚਲਾ ਗਿਆ। ਜਾਗਰ ਤੋਂ ਪੰਜ ਸਾਲ ਵਾਰ ਵਾਰ 'ਜੁਆਨ' 'ਜੁਆਨ' ਤਕੀਆ ਕਲਾਮ ਸੁਣਨ ਤੋਂ ਬਾਅਦ ਮਿੰਟੂ ਦੇ ਮੂੰਹ ਤੇ ਇਹ ਸ਼ਬਦ ਕਾਫੀ ਹੱਦ ਤੱਕ ਚੜ੍ਹ ਹੀ ਗਿਆ। ਜਦ ਸਾਡਾ ਆਪਸ ਵਿੱਚ ਫੋਨ ਹੋਣਾ, ਉਹਨੇ ਓਧਰੋਂ ਪੁੱਛਣਾ, 'ਹੋਰ ਕੀ ਹਾਲ ਏ, ਜੁਆਨ?'

ਮੈਂ ਕਹਿਣਾ, 'ਹੁਣ ਤਾਂ ਮੈਂ 50 ਸਾਲ ਦਾ ਹੋ ਗਿਆ ਹਾਂ, ਤੂੰ ਮੈਨੂੰ ਹੁਣ ਵੀ 'ਜੁਆਨ' 'ਜੁਆਨ' ਕਹਿ ਕੇ ਬੁਲਾਈ ਜਾਨਾ ਏਂ।' ਉਹ ਕਹਿੰਦਾ ਕਿ ਮੇਰੇ ਮੂੰਹ ਤੇ 'ਜੁਆਨ' ਐਸਾ ਚੜ੍ਹਿਆ ਕਿ ਮੈਥੋਂ ਤਾਂ ਇਹ ਡਾਕਖਾਨੇ ਵਿੱਚ ਚਿੱਠੀਆਂ ਦੀ ਛਾਂਟੀ ਦੀ ਜਾਬ ਕਰਦੇ ਹੋਏ ਕਈ ਵਾਰ ਨਾਲ਼ ਕੰਮ ਕਰਦੇ ਗੋਰੇ ਨੂੰ ਵੀ 'ਜੁਆਨ' ਕਹਿ ਹੋ ਗਿਆ। ਜਦ ਉਹਨੇ ਮੇਰਾ ਸੰਬੋਧਨ ਹੱਸ ਕੇ ਟਾਲ਼ਿਆ ਤਾਂ ਕਿਤੇ ਮੈਂ ਉਹਨੂੰ 'ਯੰਗ ਮੈਨ' ਕਹਿ ਕੇ ਮੁਖਾਤਿਬ ਹੋਣਾ ਸ਼ੁਰੂ ਹੋਇਆ। ਮੇਰੇ 'ਜੁਆਨ' ਸ਼ਬਦ ਨੇ ਗੋਰੇ ਵਿੱਚ ਪੰਜਾਬੀ ਸਿੱਖਣ ਦਾ ਜਜ਼ਬਾ ਜਰੂਰ ਪੈਦਾ ਕਰ ਦਿੱਤਾ। ਕਹਿੰਦਾ, "ਮਿੰਟੂ, ਪਲੀਜ਼ ਟੈਲ ਮੀ ਮੋਰ ਪੰਜਾਬੀ ਵਰਡਜ਼?'

'ਵਹੱਟ ਟਾਈਪ ਆਫ ਵਰਡਜ਼?' ਮੈਂ ਪੁੱਛਿਆ।



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033


'ਪੰਜਾਬੀ ਸੈਲੂਟੇਸ਼ਨਜ਼?'

'ਸਤਿ ਸ੍ਰੀ ਅਕਾਲ', ਮੈਂ ਕਿਹਾ।

'ਸਟ ਸੀ ਅਕਾਲ', ਉਹ ਮੇਰੇ ਮਗਰ ਬੋਲਿਆ।

'ਵਨ ਮੋਰ?'

'ਨਮਸਤੇ', ਮੈਂ ਕਿਹਾ, 'ਬੋਲ ਕੇ ਦੱਸ?'

'ਨਮਸਟੇ', ਉਹਨੇ ਕਿਹਾ, 'ਡੂ ਯੂ ਬਿਲੀਵ ਇਨ ਵਨ ਗਾਡ ਔਰ ਮੈਨੀ ਗਾਡਜ਼? ਵਹੱਟ ਇਜ਼ ਦਾ ਨੇਮ ਆਫ ਯੂਅਰ ਗਾਡ?'

'ਵਾਹਿਗੁਰੂ', ਮੈਂ ਕਿਹਾ।

ਉਹਤੋਂ ਇਹ ਚੱਜ ਨਾਲ਼ ਬੋਲ ਹੀ ਨਾ ਹੋਇਆ ਪਰ ਉਹ ਮੇਰੇ ਵੱਲ ਬੜੇ ਪਿਆਰ ਸਤਿਕਾਰ ਨਾਲ਼ ਦੇਖਦਾ ਰਿਹਾ।"

ਜਦ ਮਿੰਟੂ 10 ਸਾਲ ਬਾਅਦ ਪੰਜਾਬ ਆ ਕੇ ਮੈਨੂੰ ਮਿਲਿਆ ਤਾਂ ਮੈਂ ਉਹਨੂੰ ਦੇਖ ਕੇ ਹੈਰਾਨ ਰਹਿ ਗਿਆ। ਉਹ ਤਾਂ 45 ਸਾਲ ਦੀ ਉਮਰ ਵਿੱਚ ਹੀ ਗੰਜਾ ਹੋ ਗਿਆ ਸੀ। ਸਿਰਤੇ ਇੱਕ ਵੀ ਵਾਲ਼ ਨਹੀਂ ਸੀ। ਰੰਗ ਉਹਦਾ ਪਹਿਲਾਂ ਹੀ ਗੋਰਾ ਸੀ। ਉਹ ਪੂਰਾ ਗੋਰਿਆਂ ਜਿਹਾ ਲਗਦਾ ਸੀ। ਸਿਰਫ ਨੈਣ ਨਕਸ਼ਾਂ ਤੋਂ ਉਹ ਪੰਜਾਬੀ ਲਗਦਾ ਸੀ। ਬਾਕੀ ਸਭ ਕੁਝ ਤੋਂ ਨਿਰਾ ਗੋਰਾ। ਕਲੀਨ ਸ਼ੇਵਡ ਉਹ ਪਹਿਲਾਂ ਤੋਂ ਹੀ ਸੀ। ਰੰਗ ਹੁਣ ਉਹਦਾ ਹੋਰ ਵੀ ਨਿੱਖਰ ਗਿਆ ਸੀ। ਸਿਰ ਤੇ ਵਾਲ਼ ਹੈ ਹੀ ਨਹੀਂ ਸਨ।

"ਯਾਰ, ਤੂੰ ਤਾਂ ਬਿਲਕੁਲ ਬਦਲ ਚੁੱਕਾ ਏਂ। ਹੁਣ ਤੂੰ 'ਜੁਆਨ' ਨਹੀਂ, 'ਜੌਹਨ' ਬਣ ਚੁੱਕਾ ਏਂ। ਮੈਂ ਤਾਂ ਹੁਣ ਤੈਨੂੰ ਮਿੰਟੂ ਨਹੀਂ ਜੌਹਨ ਕਹਿ ਕੇ ਬੁਲਾਇਆ ਕਰਾਂਗਾ।"

"ਜੋ ਮਰਜ਼ੀ ਕਹਿ ਲੈ ਦੋਸਤਾ, ਤੇਰੀ ਮਰਜ਼ੀ। ਲੰਡਨ ਦਾ ਪੌਣ ਪਾਣੀ ਬੰਦੇ ਦੇ ਸਰੀਰ ਤੇ ਅਸਰ ਪਾ ਹੀ ਦਿੰਦਾ ਏ। ਮੈਂ ਭਾਵੇਂ ਗੋਰਾ ਚਿੱਟਾ ਤੇ ਗੰਜਾ ਹੋ ਗਿਆ ਹਾਂ, ਪਰ ਅੰਦਰੋਂ ਮੈਂ ਪੰਜਾਬੀ ਹੀ ਹਾਂ। ਜਿੱਥੇ ਮਰਜ਼ੀ ਚਲੇ ਜਾਓ ਪੰਜਾਬ ਜਿਹੀ ਥਾਂ ਕਿਤੇ ਨਹੀਂ ਮਿਲਦੀ। ਲੰਡਨ, ਟੋਰੌਂਟੋ, ਮੈਲਬੋਰਨ, ਲਾਸ ਏਂਜਲਸ ਨੇ ਪੰਜਾਬ ਦਾ ਕੀ ਮੁਕਾਬਲਾ ਕਰਨਾ? ਦੁੱਖ ਇਹ ਹੈ ਕਿ ਸਾਡੇ ਸਿਆਸਤਦਾਨ ਨਹੀਂ ਸੁਧਰਦੇ, ਸਾਡੀ ਅਫਸਰ ਸ਼ਾਹੀ ਦਾ ਬੇੜਾ ਗਰਕ ਏ। ਸਾਡੇ ਧਾਰਮਿਕ ਬੰਦੇ ਵੀ ਥੋੜੇ ਹੀ ਨਿਰਸੁਆਰਥ ਤੇ ਨਿਸ਼ਕਾਮ ਸੇਵਕ ਹਨ।"

"ਗੱਲ ਤਾਂ ਤੇਰੀ ਠੀਕ ਹੈ, ਜੌਹਨ।"

ਚੰਦ ਕੁ ਦਿਨ ਪੰਜਾਬ ਰਹਿ ਕੇ ਉਹ ਲੰਡਨ ਨੂੰ ਵਾਪਸ ਮੁੜ ਗਿਆ।

# ਮਰਦਮ ਸੁਮਾਰੀ ਕਰਦਿਆਂ

ਜਦੋਂ ਮੈਨੂੰ ਆਪਣੇ ਸਕੂਲ ਵਿੱਚ ਇਹ ਪਤਾ ਲੱਗਾ ਕਿ ਮੇਰਾ ਨਾਂ ਮਰਦਮ ਸੁਮਾਰੀ ਦੀ ਡਿਊਟੀ ਵਿੱਚ ਦਿੱਤਾ ਗਿਆ ਹੈ ਤਾਂ ਮੇਰੇ ਦਿਮਾਗ ਵਿੱਚ ਇੱਕ ਗੱਲ ਵਾਰ ਵਾਰ ਆ ਰਹੀ ਸੀ ਕਿ ਮੈਂ ਤਾਂ ਕਦੇ ਵੀ ਇਸ ਤਰ੍ਹਾ ਵੀ ਡਿਊਟੀ ਨਹੀਂ ਕੀਤੀ ਮੇਰੇ ਲਈ ਤਾਂ ਇਹ ਕੰਮ ਬਹੁਤ ਔਖਾ ਹੈ । ਮੈਂ ਕਿਸ ਤਰ੍ਹਾਂ ਘਰ ਘਰ ਜਾ ਕੇ ਲੋਕਾਂ ਤੋਂ ਪੁੱਛ ਗਿੱਛ ਕਰਾਂਗੀ, ਘਰ ਵੀ ਸੰਭਾਲਣਾ ਹੈ, ਬੱਚੇ ਵੀ ਛੋਟੇ ਹਨ । ਇਸ ਤਰਾਂ ਦੀਆਂ ਗੱਲਾਂ ਮੇਰੇ ਦਿਮਾਗ ਵਿੱਚ ਆਉਣ ਕਰਕੇ ਮੈਂ ਇਸ ਡਿਊਟੀ ਲਈ ਬਿਲਕੁਲ ਵੀ ਤਿਆਰ ਨਹੀਂ ਸੀ ਮੈਨੂੰ ਤਾਂ ਨਕਸਾ ਬਣਾਉਣਾ ਕੀ ਦੇਖਣਾ ਤੱਕ ਨਹੀਂ ਆਉਂਦਾ ਤੇ ਇਹ ਡਿਊਟੀ ਮੇਰੇ ਤੋਂ ਕਿਵੇਂ ਹੋਵੇਗੀ। ਪ੍ਰਾਈਵੇਟ ਅਧਿਆਪਕਾ ਹੋਣ ਦੇ ਨਾਤੇ ਮੇਰੇ ਤੋਂ ਸਕੂਲ ਵਿੱਚ ਮਨਾ ਨਹੀਂ ਕੀਤਾ ਗਿਆ ਕਿ ਮੈਂ ਇਹ ਕੰਮ ਨਹੀਂ ਕਰਨਾ। ਫਿਰ ਸੋਚਿਆ ਜੇ ਢੋਲ ਗਲ ਵਿੱਚ ਪੈ ਹੀ ਗਿਆ ਹੈ ਤਾਂ ਵਜਾਉਣਾ ਹੀ ਪੈਣਾ ਹੈ ਚਾਹੇ ਹੱਸ ਕੇ ਜਾਂ ਰੋ ਕੇ ਤਾਂ ਫਿਰ ਔਖੇ ਸੌਖੇ ਹੋ ਕੇ ਮੈਂ ਵੀ ਇਹ ਢੋਲ ਵਜਾ ਹੀ ਲਿਆ । ਸੋ ਜਨਗਣਨਾ ਦੇ ਪਹਿਲੇ ਦਿਨ ਕਿਸੇ ਜਾਣ ਪਹਿਚਾਣ ਦੀ ਮਦਦ ਨਾਲ ਮੈਂ ਸਿਖਰ ਦੁਪਹਿਰੇ ਅਪਣਾ ਖੇਤਰ ਦੇਖਿਆ ਅਸੀਂ ਸਕੂਲ ਤੋਂ ਬਾਅਦ ਆਪਣੇ ਖੇਤਰ ਵੱਲ ਚੱਲ ਪਏ। ਫਿਰ ਅਗਲੇ ਦਿਨ ਮੈਂ ਆਪਣੇ ਪਤੀ ਦੀ ਸਹਾਇਤਾ ਨਾਲ ਇਹ ਪਹਾੜ ਜਿੱਡਾ ਕੰਮ ਸੁਰੂ ਕੀਤਾ। ਮੇਰੇ ਪਤੀ ਨੇ ਇਸ ਕੰਮ ਵਿੱਚ ਮੇਰੀ ਕਾਫੀ ਸਹਾਇਤਾ ਕੀਤੀ। ਨਜਰੀ ਨਕਸਾ ਤਿਆਰ ਕਰਨ ਤੋਂ ਲੈ ਕੇ ਜਨਗਣਨਾ ਦੇ ਕੰਮ ਤੱਕ ਉਹਨਾਂ ਨੇ ਮੇਰਾ ਸਾਥ ਦਿੱਤਾ। ਇਮਾਰਤਾਂ ਦੇ ਨੰਬਰ ਲਗਾਏ ਗਏ ਤੇ ਕੰਮ ਸੁਰੂ ਕੀਤਾ ਗਿਆ। ਜਿਵੇਂ ਜਿਵੇਂ ਅਸੀਂ ਘਰ ਘਰ ਜਾ ਕੇ ਲੋਕਾਂ ਨੂੰ ਪੁੱਛਦੇ ਸੀ ਤਾਂ ਮੇਰੇ ਸਾਹਮਣੇ ਕਈ ਤਰ੍ਹਾਂ ਦੇ ਲੋਕ ਆਏ ਜਿਵੇਂ ਕਿ ਕਈ ਲੋਕ ਤਾਂ ਆਸਾਨੀ ਨਾਲ ਸਾਰੇ ਪ੍ਰਸਨਾਂ ਦੇ ਜਵਾਬ ਦੇ ਦਿੰਦੇ ਸੀ ਕੁਝ ਕੁ ਲੋਕ ਡਰਦੇ ਮਾਰੇ ਦਰਵਾਜਾ ਨਹੀਂ ਖੋਲਦੇ ਸਨ ਕਿਉਂ ਕਿ ਅੱਜ ਕੱਲ ਦਾ ਮਾਹੌਲ ਵੀ ਥੋੜਾ ਇਸ ਤਰਾਂ ਦਾ ਹੋ ਗਿਆ ਹੈ। ਤੇ ਕੁਝ ਆਪਣੇ ਬਾਰੇ ਦੱਸਣਾ ਨਹੀਂ ਚਾਹੁੰਦੇ ਸਨ ਕਿ ਸਾਡੀ ਕੋਈ ਦਿੱਤੀ ਸੂਚਨਾ ਕਿਤੇ ਹੋਰ ਹੀ ਪੰਗਾ ਨਾ ਖੜਾ ਕਰ ਦੇਵੇ ਅਸੀਂ ਵੀ ਕਿਸੇ ਨਾਲ ਜਿਆਦਾ ਜਬਰਦਸਤੀ ਨਹੀਂ ਕੀਤੀ ਕਿ ਉਹ ਸਾਡੇ ਪ੍ਰਸਨਾਂ ਦੇ ਉੱਤਰ ਦੇਵੇ ਹਰ ਇੱਕ ਘਰ ਵਿੱਚ ਜਾ ਕੇ ਅਸੀਂ ਪੁੱਛਗਿੱਛ ਸੁਰੂ ਕੀਤੀ ਜਿੱਥੇ ਬਹੁਤ ਸਾਰੀਆਂ ਗੱਲਾਂ



ਚੰਗੀਆਂ ਤੇ ਮਾੜੀਆਂ ਗੱਲਾਂ ਸਾਡੇ ਸਾਹਮਣੇ ਆਈਆਂ ਕਈ ਲੋਕ ਅਜਿਹੇ ਵੀ ਸਨ ਜੋ ਕਿੰਨੀ ਆਰਾਮ ਦੀ ਜਿੰਦਗੀ ਬਤੀਤ ਕਰਦੇ ਹਨ। ਘਰ ਵਿੱਚ ਨੌਕਰ ਚਾਕਰ ਸਭ ਹਨ ਤੇ ਦੂਜੇ ਪਾਸੇ ਉੱਥੇ ਹੀ ਕੁਝ ਲੋਕ ਅਜਿਹੇ ਵੀ ਸਨ ਜੋ ਇੱਕ ਕਮਰੇ ਵਿੱਚ ਛੇ ਛੇ ਜਣੇ ਰਹਿ ਰਹੇ ਸਨ ਇੱਕ ਕਮਰੇ ਵਿੱਚ ਛੇ ਜਣਿਆਂ ਦਾ ਗੁਜਾਰਾ ਹੁੰਦਾ ਤਾਂ ਮੁਸਕਿਲ ਹੀ ਹੈ। ਇਹ ਸਭ ਦੇਖ ਕੇ ਮੈਂ ਪਰਮਾਤਮਾ ਦਾ ਸੁਕਰ ਕੀਤਾ ਕਿ ਅੱਜ ਮੇਰੇ ਕੋਲ ਫਿਰ ਵੀ ਬਹੁਤ ਕੁਝ ਹੈ ਤੇ ਅਸੀਂ ਲੋਕ ਤਾਂ ਵੀ ਸਿਕਾਇਤਾਂ ਹੀ ਕਰਦੇ ਹਾਂ। ਇੱਕ ਘਰ ਵਿੱਚ ਜਦੋਂ ਮੈਂ ਗਈ ਤਾਂ ਉਥੇ ਜਾ ਕੇ ਮੈਂ ਉਹਨਾਂ ਨੂੰ ਦੇਖ ਕੇ ਅੰਦਾਜਾ ਲਗਾਇਆ ਕਿ ਉਹ ਬਿਹਾਰ ਤੋਂ ਹਨ ਤੇ ਉਹ ਹਿੰਦੀ ਵਿੱਚ ਗੱਲ ਕਰਨਗੇ ਪਰ ਜਦ ਉਹਨਾਂ ਤੋਂ ਪੁੱਛ ਗਿੱਛ ਸੁਰੂ ਕੀਤੀ ਤਾਂ ਉਹ ਸਾਰੇ ਉੱਤਰ ਪੰਜਾਬੀ ਵਿੱਚ ਹੀ ਦੇ ਰਹੇ ਸਨ ਇਸ ਤਰ੍ਹਾਂ ਲੱਗਿਆ ਕਿ ਉਹ ਪੰਜਾਬ ਵਿੱਚ ਕਾਫੀ ਦੇਰ ਤੋਂ ਰਹਿ ਰਹੇ ਹਨ। ਉੱਥੇ ਇੱਕ ਔਰਤ ਵੀ ਸੀ ਜੋ ਦੇਖਣ ਵਿੱਚ ਸਾਦੀ ਜਿਹੀ ਸੀ ,ਕੱਪੜੇ ਵੀ ਬਹੁਤ ਸਾਦੇ ਪਾਏ ਹੋਏ ਸਨ ਗੱਲ ਕੀਤੀ ਤਾਂ ਉਸ ਦੇ ਗੱਲ ਕਰਨ ਤੋਂ ਅੰਦਾਜਾ ਲਗਾਇਆ ਜਾ ਸਕਦਾ ਸੀ। ਕਿ ਉਹ ਪੜੀ ਲਿਖੀ ਹੈ। ਹਰ ਪ੍ਰਸਨ ਨੂੰ ਧਿਆਨ ਨਾਲ ਸੁਣ ਰਹੀ ਸੀ ਤੇ ਜਵਾਬ ਵੀ ਦੇ ਰਹੀ ਸੀ। ਜਦ ਉਸ ਤੋਂ ਪੁੱਛਿਆ ਗਿਆ ਕਿ "ਕਿੰਨੇ ਕਮਰੇ ਹਨ ਤੁਹਾਡੇ ਕੋਲ "ਤਾਂ ਉਸਦਾ ਜਵਾਬ ਸੀ " ਇੱਕ ਹੀ" ਤੇ ਜਦ ਮੈਂ ਸਰਸਰੀ ਜਿਹੇ ਪੁੱਛਿਆ ਕਿ" ਤੁਸੀਂ ਨੌਕਰੀ ਕਰਦੇ ਹੋ ?ਤਾਂ ਉਸਦਾ ਜਵਾਬ ਸੀ ਨੌਕਰੀ ! ਨੌਕਰੀ ਕਿੱਥੇ ? ਆਪਣਾ ਕੰਮ ਕਰਕੇ ਵਾਪਸ ਆ ਗਏ ਪਰ ਕਿੰਨੇ ਹੀ ਦਿਨ ਮੇਰੇ ਦਿਮਾਗ ਵਿੱਚ ਇਹ ਗੱਲ ਘੁੰਮਦੀ ਰਹੀ ਕਿ ਆਖਰ ਉਹ ਪੜੀ ਲਿਖੀ ਹੋਣ ਦੇ ਬਾਵਜੂਦ ਉਸਨੇ ਇਥੇ ਵਿਆਹ ਕਿਉਂ ਕਰਵਾਇਆ ਉਹ ਤਾਂ ਚੰਗੀ ਭਲੀ ਲੱਗਦੀ ਹੈ ਤੇ ਜਿਸ ਨਾਲ ਉਸਦਾ ਵਿਆਹ ਹੋਇਆ ਉਹ ਤਾਂ ਪੜਿਆ ਲਿਖਿਆ ਨਹੀਂ ਸੀ । ਫਿਰ ਮੈਂ ਸੋਚਿਆ ਕੀ ਪਤਾ ਉਸ ਦੀ ਕੋਈ ਮਜਬੂਰੀ ਹੋਵੇ। ਚਲੋ ਜੋ ਵੀ ਸੀ ਪਰ ਹੈਰਾਨਗੀ ਸੀ ਕਿ ਉਹ ਨੌਕਰੀ ਵੀ ਕਰ ਸਕਦੀ ਸੀ ਜਾਂ ਕੋਈ ਹੋਰ ਵੀ ਕੰਮ । ਮਰਦਮ ਸੁਮਾਰੀ ਦੇ ਦੌਰਾਨ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਸਭ ਤੋਂ ਪਹਿਲਾਂ ਤਾਂ ਇਹ ਸਿੱਖਿਆ ਕਿ ਕੋਈ ਵੀ ਕੰਮ ਔਖਾ ਨਹੀਂ ਹੁੰਦਾ ਜੇ ਨਾ ਆਉਂਦਾ ਹੋਵੇ ਤਾਂ ਸਿੱਖ ਤੇ ਕੀਤਾ ਜਾ ਸਕਦਾ ਹੈ ਦੂਜੀ ਗੱਲ ਇਸ ਦੌਰਾਨ ਜੋ ਮੈਂ ਸਿੱਖਿਆ ਕਿ ਲੋਕ ਕਿੰਨੇ ਛੋਟੇ ਘਰਾਂ ਵਿੱਚ ਰਹਿ ਕੇ ਆਪਣਾ ਜੀਵਨ ਬਸਰ ਕਰ ਰਹੇ ਹਨ ਫਿਰ ਵੇਖ ਖੁਸ ਹਨ ਤੀਜੀ ਗੱਲ ਮੈਂ ਇਹ ਦੇਖੀ ਕਿ ਕਿੰਨੀਆਂ ਔਰਤਾ ਅਜਿਹੀਆਂ ਸਨ ਜੋ ਇਕੱਲੀਆਂ ਹੋ ਕੇ ਔਖੇ ਹੋ ਕੇ ਬੱਚਿਆਂ ਨੂੰ ਪਾਲ ਰਹੀਆਂ ਸਨ ਤੇ ਉਹਨਾਂ ਨੂੰ ਕਿਸੇ ਦੀ ਖਾਸ ਸਹਾਇਤਾ ਵੀ ਨਹੀਂ ਸੀ। ਇੱਕ ਹੋਰ ਗੱਲ ਦੇਖਣ ਵਿੱਚ ਆਈ ਜੋ ਕਿ ਸਾਡੇ ਦੇਸ ਦੀ ਬਹੁਤ ਵੱਡੀ ਸਮੱਸਿਆ ਵੀ ਹੈ ਕਈ ਘਰਾਂ ਵਿੱਚ ਇਕੱਲੇ ਬਜੁਰਗ ਹੀ ਰਹਿ ਰਹੇ ਸਨ ਜਿਨਾਂ ਦੇ ਬੱਚੇ ਵਿਦੇਸਾਂ ਵਿੱਚ ਸਨ ਜਾਂ ਜਿਨਾਂ ਦੀਆਂ ਧੀਆਂ ਹੀ ਸਨ ਜੋ ਕਿ ਵਿਆਹੀਆਂ ਹੋਈਆਂ ਸਨ। ਤੇ ਉਹ ਇਕੱਲੇ ਹੀ ਘਰ ਵਿੱਚ ਰਹਿ ਕੇ ਆਪਣੀ ਰਹਿੰਦੀ ਜਿੰਦਗੀ ਬਤੀਤ ਕਰ ਰਹੇ ਸਨ ਕਿਸ ਤਰ੍ਹਾਂ ਉਹ ਐਨੀ ਉਮਰ ਵਿੱਚ ਵੀ ਗੁਜਾਰਾ ਕਰਦੇ ਹੋਣਗੇ ਕਈ ਘਰਾਂ ਵਿੱਚ ਇਕੱਲੀ ਬਜੁਰਗ ਔਰਤ ਹੀ ਸੀ ਜਾਂ ਇਕੱਲਾ ਮਰਦ ਹੀ ਸੀ। ਜਿਨਾਂ ਦੇ ਜੀਵਨ ਸਾਥੀ ਵਿਛੋੜਾ ਦੇ ਗਏ ਸਨ ਤੇ ਬੱਚੇ ਵਿਦੇਸਾਂ ਵਿੱਚ ਸਨ ਸਾਡੇ ਦੇਸ ਦੀ ਇਹ ਬਹੁਤ ਵੱਡੀ ਤਰਾਸਦੀ ਹੈ ਕਿ ਬਜੁਰਗ ਇਕੱਲੇ ਰਹਿ ਕੇ ਆਪਣੇ ਘਰ ਆਪਣਾ ਜੀਵਨ ਬਤੀਤ ਕਰ ਰਹੇ ਹਨ। ਉਹਨਾਂ ਦੀ ਉਮਰ ਘਰ ਦਾ ਕੰਮ ਕਰਨ ਦੀ ਜਾਂ ਹੋਰ ਕੰਮ ਕਰਨ ਦੀ ਨਹੀਂ ਹੈ, ਪਰ ਫਿਰ ਵੀ ਉਹ ਜਿਵੇਂ ਕਿਵੇਂ ਆਪਣਾ ਗੁਜਾਰਾ ਕਰ ਰਹੇ ਹਨ। ਸੋ ਇਸ ਤਰ੍ਹਾਂ ਦੀਆਂ ਹੋਰ ਵੀ ਕਈ ਘਟਨਾਵਾਂ ਮੇਰੇ ਸਾਹਮਣੇ ਆਈਆਂ ਜਿਨ੍ਹਾਂ ਨੂੰ ਦੇਖ ਕੇ ਮਨ ਦਾ ਪਰੇਸਾਨ ਹੋ ਜਾਣਾ ਸੁਭਾਵਿਕ ਹੀ ਸੀ ਮਰਦਮ ਸੁਮਾਰੀ ਦੌਰਾਨ ਕਈ ਘਰਾਂ ਦੀ ਤਸਵੀਰ ਸੱਚਮੁਚ ਭਾਵਕ ਕਰਨ ਵਾਲੀ ਸੀ ਜਿਸ ਨੂੰ ਮੈਂ ਕਦੇ ਵੀ ਨਹੀਂ ਭੁੱਲ ਸਕਦੀ ਮੇਰਾ ਇਹ ਕੰਮ ਲਗਭਗ ਖਤਮ ਹੋਣ ਤੇ ਹੈ ਤੇ ਮੈਂ ਬਹੁਤ ਕੁਝ ਸਿੱਖਿਆ ਵੀ ,ਕੰਮ ਔਖੇ ਹੋ ਕੇ ਵੀ ਕੀਤਾ ਇੰਨੀ ਗਰਮੀ ਵਿੱਚ ਜਾਣਾ ਤਾਂ ਕੁਝ ਮੁਸਕਿਲ ਹੀ ਸੀ ਪਰ ਜਾ ਕੇ ਮੈਂ ਲੋਕਾਂ ਦੇ ਹਾਲਾਤਾਂ ਨੂੰ ਨੇੜੇ ਹੋ ਕੇ ਤੱਕਿਆ ਤੇ ਸੋਚਿਆ ਕਿ ਸਾਡੇ ਭਾਰਤ ਵਿੱਚ ਹੋਰ ਵੀ ਕਈ ਅਜਿਹੇ ਖੇਤਰ ਹੋਣਗੇ ਜਿੱਥੇ ਅਜਿਹੇ ਲੋਕ ਆਪਣਾ ਜੀਵਨ ਬਤੀਤ ਕਰਦੇ ਹਨ ਜਾਂ ਇਸ ਤੋਂ ਵੀ ਥੱਲੇ ਦਾ ਜੀਵਨ ਬਤੀਤ ਕਰਦੇ ਹੋਣਗੇ।

ਇੰਦਰਪ੍ਰੀਤ ਕੌਰ ਲੁਧਿਆਣਾ

# ਵੇਖਿਓ ਪੰਜਾਬੀਓ! ਕਿਤੇ ਫਰਦਾਂ ਚੋਂ ਸਾਡੇ ਨਾਮ ਈ ਨਾ ਗੁਆਚ ਜਾਣ

ਅਸੀਂ ਪੰਜਾਬੀ ਹਾਂ... ਪਰ ਕੀ ਅਸੀਂ ਆਪਣੀ ਮਿੱਟੀ ਦੇ ਵੀ ਹਾਂ ?
ਜਮੀਨ ਵਿਕਦੀ ਨਹੀਂ, ਪੀੜ੍ਹੀਆਂ ਦੀ ਅਮਾਨਤ ਹੁੰਦੀ ਹੈ
ਮਿੱਟੀ ਤੋਂ ਜੰਮੇ ਹਾਂ, ਮਿੱਟੀ 'ਤੇ ਜੀਉਂਦੇ ਹਾਂ ਅਤੇ ਅੰਤ ਵਿੱਚ ਮਿੱਟੀ ਵਿੱਚ ਹੀ ਮਿਲ ਜਾਣਾ ਹੈ। ਪਰ ਸਵਾਲ ਇਹ ਹੈ ਕਿ ਕੀ ਅਸੀਂ ਉਹ ਮਿੱਟੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾ ਕੇ ਜਾ ਰਹੇ ਹਾਂ ?"

ਇਨਸਾਨ ਦੀ ਜਿੰਦਗੀ ਦਾ ਪਹਿਲਾ ਅਤੇ ਆਖਰੀ ਰਿਸਤਾ ਮਿੱਟੀ ਨਾਲ ਹੀ ਹੁੰਦਾ ਹੈ। ਸਾਡੇ ਜਨਮ ਤੋਂ ਪਹਿਲਾਂ ਵੀ ਮਿੱਟੀ ਸੀ, ਅੱਜ ਵੀ ਹੈ ਅਤੇ ਸਾਡੇ ਜਾਣ ਤੋਂ ਬਾਅਦ ਵੀ ਮਿੱਟੀ ਰਹੇਗੀ। ਪਰ ਇਹ ਉਹ ਮਿੱਟੀ ਨਹੀਂ ਜਿਸਨੂੰ ਅਸੀਂ ਅੱਜ ਖੇਤਾਂ ਵਿੱਚ ਸਮਤਲ, ਨਹਿਰਾਂ ਨਾਲ ਸਿੰਜੀ ਹੋਈ ਅਤੇ ਆਧੁਨਿਕ ਮਸੀਨਾਂ ਨਾਲ ਸਜੀ ਹੋਈ ਦੇਖਦੇ ਆਂ। ਇਸ ਰੂਪ ਪਿੱਛੇ ਸਾਡੇ ਦਾਦਿਆਂ-ਪਰਦਾਦਿਆਂ ਦੇ ਸਵੇਰੇ ਤਿੰਨ ਵਜੇ ਉੱਠ ਕੇ ਜੋਤੇ ਹਲ ਨੇ,ਉਹਨਾਂ ਦੀਆਂ ਜੰਗਲਾਂ,ਪਹਾੜਾਂ ਨੂੰ ਸਾਫ ਕਰਕੇ ਕੀਤੀਆਂ ਮਿਹਨਤਾਂ, ਸਿਰ ਤੋਂ ਪੈਰ ਦੀ ਅੱਡੀ ਤੱਕ ਵਹਿੰਦੇ ਪਸੀਨੇ ਦੀਆਂ ਬੂੰਦਾਂ ਅਤੇ ਅਨੇਕਾਂ ਕੁਰਬਾਨੀਆਂ ਦੱਬੀਆਂ ਪਈਆਂ ਨੇ।

ਪਰ ਅੱਜ ਹਾਲਾਤ ਇਹ ਨੇ ਕਿ ਬਹੁਤ ਸਾਰੇ ਨੌਜਵਾਨ ਆਪਣੇ ਖੇਤਾਂ ਦੀਆਂ ਵੱਟਾਂ ਤਾਂ ਦੂਰ, ਖੇਤ ਹੈ ਕਿਹੜੇ ਪਾਸੇ ਇਹ ਵੀ ਨਹੀਂ ਜਾਣਦੇ। ਉਹ ਸਮਝਦੇ ਨੇ ਕਿ ਪਤਾ ਨੀ ਕਿਉਂ ਬਾਪੂ (ਦਾਦਾ) ਮੰਜੇ 'ਤੇ ਬੈਠਾ ਐਵੇਂ ਈ ਕਰਦਾ ਰਹਿੰਦੈ,ਪੁੱਤ ਖੇਤ ਗੇੜਾ ਮਾਰ ਆਇਆ ਕਰ,ਦੱਸ ਕੀ ਅੰਬ ਲੱਗੇ ਨੇ ਖੇਤ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਦੇ ਇਹ ਧਰਤੀ ਝਾੜੀਆਂ, ਟਿੱਬਿਆਂ ਅਤੇ ਜੰਗਲਾਂ ਨਾਲ ਭਰੀ ਹੋਈ ਸੀ, ਜਿਸਨੂੰ ਸਾਡੇ ਪੁਰਖਿਆਂ ਨੇ ਆਪਣੀ ਮਿਹਨਤ ਨਾਲ ਸੋਨਾ ਬਣਾਇਆ।

ਅੱਜ ਪੰਜਾਬ ਦੀ ਸਭ ਤੋਂ ਵੱਡੀ ਚਿੰਤਾ ਜਿੱਥੇ ਨਸਾ,ਬੇਰੁਜਗਾਰੀ ਏ ਉਸ ਤੋਂ ਵੀ ਜਿਆਦਾ ਜਮੀਨ ਪ੍ਰਤੀ ਘਟਦਾ ਮੋਹ ਏ। ਜਦੋਂ ਜਮੀਨ ਸਿਰਫ ਵੇਚਣ ਵਾਲੀ ਜਾਇਦਾਦ ਬਣ ਜਾਵੇ ਅਤੇ ਵਿਰਸਾ ਨਾ ਰਹੇ, ਤਾਂ ਸਮਝੋ ਕੌਮ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਰਹੀ ਹੈ।

ਕੇਰਾਂ ਇੱਕ ਬਜੁਰਗ ਨੇ ਸੁਤੇ ਸੁਭਾਅ ਈ ਗੱਲ ਕਹੀ ਸੀ,ਜੋ ਦਿਲ ਨੂੰ ਲੱਗ ਗਈ,ਉਹ ਕਹਿੰਦਾ, "ਤੂੜੀ ਦੀ ਭਰੀ ਹੋਈ ਸਵਾਤ (ਤੂੜੀ ਵਾਲਾ ਕਮਰਾ) ਇੱਕ-ਇੱਕ ਟੋਕਰਾ ਕਰਕੇ ਸਾਲ ਵਿੱਚ ਖਾਲੀ ਹੋ ਜਾਂਦੀ ਏ, ਤੇ ਵੇਚੀ ਹੋਈ ਜਮੀਨ ਦਾ ਪੈਸਾ ਵੀ ਇੱਕ-ਇੱਕ ਗੁੱਟੀ ਕਰਕੇ ਕੁਝ ਸਾਲਾਂ ਵਿੱਚ ਮੁੱਕ ਜਾਂਦਾ ਏ।" ਇਹ ਕਹਾਵਤ ਅੱਜ ਪਹਿਲਾਂ ਨਾਲੋਂ ਵੀ ਵੱਧ ਸੱਚ ਲੱਗਦੀ ਹੈ। ਜਮੀਨ ਵੇਚ ਕੇ ਆਈ ਰਕਮ ਕੁਝ ਸਾਲਾਂ ਵਿੱਚ ਕਾਰਾਂ, ਕੋਠੀਆਂ, ਵਿਦੇਸੀ ਟੂਰਾਂ ਅਤੇ ਦਿਖਾਵੇ ਦੀ ਭੇਟ ਚੜ੍ਹ ਜਾਂਦੀ ਏ, ਪਰ ਉਹ ਜਮੀਨ ਕਦੇ ਨੀ ਮੁੜਦੀ। ਹਾਂ ਜੇਕਰ ਕਿਸੇ ਆਪਣੇ ਬੱਚੇ ਨੂੰ ਕੋਈ ਬਿਮਾਰੀ ਆਦਿ ਘੇਰ ਲਵੇ ਤਾਂ ਜਮੀਨ ਵੇਚਣੀ ਵੀ ਪੈ ਸਕਦੀ




ਏ,ਪਰ ਐਸ਼ੋ-ਅਰਾਮ,ਵੱਡੀਆਂ ਕੋਠੀਆਂ,ਵੱਡੀਆਂ ਕਾਰਾਂ,ਬੁਲਟਾਂ ਤੇ ਮਹਿੰਗੇ ਵਿਆਹਾਂ,ਮਹਿੰਗੇ ਭੋਗਾਂ,ਮਹਿੰਗੇ ਫੋਨਾਂ ਲਈ ਜਮੀਨ ਵੇਚਣੀ,ਸਿਰਫ ਆਪਣੇ ਹਉਮੇ ਨੂੰ ਪੱਠੇ ਪਾਉਣ ਵਾਲੀ ਗੱਲ ਏ। ਪੰਜਾਬੀਓ ਇੱਕ ਦੂਜੇ ਨੂੰ ਸਮਝਾਓ ਬੀ ਇਹਨਾਂ ਫੁਕਰਪੁਣਿਆਂ ਚ ਕੁਸ਼ ਨੀ ਪਿਆ,ਜੇ ਕੋਈ ਜਮੀਨ ਵੇਚ ਕੇ ਵਿਤ ਨਾਲੋਂ ਵੱਧ ਖਰਚ ਕਰਦਾ ਏ ਉਹਨੂੰ ਸਮਝਾਓ ਬੀ ਇਹ ਵਿਆਹ,ਭੋਗ ਇੱਕ ਦੋ ਦਿਨਾਂ ਚ ਲੰਘ ਜਾਣਾ ਏ,ਪਰ ਵੇਚੀ ਪੈਲ਼ੀ ਮੁੜ ਨੀ ਜੁੜਨੀ।

ਅੰਕੜੇ ਵੀ ਚਿੰਤਾ ਵਧਾਉਂਦੇ ਨੇ। ਭਾਰਤ ਦੀ 2015-16 ਦੀ ਖੇਤੀਬਾੜੀ ਜਨਗਣਨਾ ਮੁਤਾਬਕ ਦੇਸ ਵਿੱਚ ਔਸਤ ਜੋਤ ਲਗਭਗ 1.08 ਹੈਕਟੇਅਰ (ਕਰੀਬ 2.7 ਏਕੜ) ਰਹਿ ਗਈ ਹੈ। ਹਰ ਪੀੜ੍ਹੀ ਨਾਲ ਜਮੀਨ ਹੋਰ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡਦੀ ਜਾ ਰਹੀ ਹੈ। ਪੰਜਾਬ ਵਿੱਚ ਵੀ ਹਜਾਰਾਂ ਏਕੜ ਖੇਤੀਯੋਗ ਜਮੀਨ ਹਰ ਸਾਲ ਰਿਹਾਇਸੀ ਕਲੋਨੀਆਂ, ਉਦਯੋਗਿਕ ਪ੍ਰੋਜੈਕਟਾਂ ਅਤੇ ਗੈਰ-ਖੇਤੀ ਵਰਤੋਂ ਵਿੱਚ ਤਬਦੀਲ ਹੋ ਰਹੀ ਹੈ। ਇਸਦਾ ਮਤਲਬ ਸਾਫ ਹੈਜਿਸ ਰਫਤਾਰ ਨਾਲ ਜਮੀਨ ਘਟ ਰਹੀ ਹੈ, ਉਸ ਰਫਤਾਰ ਨਾਲ ਵਧ ਨਹੀਂ ਸਕਦੀ। ਧਰਤੀ ਤਾਂ ਓਨੀ ਈ ਰਹੂ,ਇਹ ਤਾਂ ਨੀ ਵਧਦੀ।

ਸਾਡਾ ਸਮਾਜ ਵੀ ਬਦਲ ਗਿਆ ਹੈ। ਕਦੇ ਸਾਦਗੀ ਸਾਡੀ ਪਛਾਣ ਸੀ। ਕੁੜਤਾ-ਚਾਦਰਾ, ਖੁੱਲ੍ਹਾ ਵਿਹੜਾ, ਸਬਾਤਾਂ, ਵਰਾਂਡੇ ਅਤੇ ਰਿਸਤਿਆਂ ਦੀ ਨਿੱਘਇਹੀ ਸਾਡੀ ਅਸਲ ਦੌਲਤ ਸੀ। ਅੱਜ ਵੱਡੀਆਂ ਕੋਠੀਆਂ ਨੇ, ਪਰ ਵਿਹੜੇ ਨਹੀਂ; ਮਹਿੰਗੀਆਂ ਕਾਰਾਂ ਨੇ, ਪਰ ਚੈਨ ਨਹੀਂ; ਬ੍ਰਾਂਡਡ ਕੱਪੜੇ ਨੇ, ਪਰ ਸੰਤੋਖ ਨਹੀਂ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਦਿਖਾਵੇ ਨੂੰ ਇੱਜਤ ਸਮਝ ਬੈਠੇ ਹਾਂ। ਵਿਆਹਾਂ ਵਿੱਚ ਲੱਖਾਂ ਰੁਪਏ ਖਰਚ ਕਰਨਾ, ਮੌਤਾਂ 'ਤੇ ਵੀ ਸਾਨੋ-ਸੌਕਤ ਦਿਖਾਉਣਾ, ਵਿਆਹ ਚ ਫੇਰ ਵੀ ਮੰਨਿਆ ਚਲੋ ਖੁਸ਼ੀ ਏ,ਪਰ ਮਰਨੇ ਦੇ ਭੋਗ ਤੇ ਜਦੋਂ ਸਾਡੇ ਘਰ ਦਾ ਜੀਅ ਚਲਾ ਗਿਆ,ਉਹਦੇ ਚ ਕੀ ਵਖਾਵਾ ਕਰਨਾ,ਬੇਸ਼ੱਕ ਮਰਨ ਵਾਲਾ ਬਜੁਰਗ ਸੀ ਪਰ ਸੀ ਤਾਂ ਘਰ ਦਾ ਜੀਅ,ਜਿਸ ਨੇ ਕਦੇ ਬੜੀਆਂ ਨਾਲ ਹਲ ਜੋਤੇ ਸੀ।

ਹਰ ਮਹੀਨੇ ਬਿਨਾਂ ਜਰੂਰਤ ਤੋਂ ਨਵੇਂ ਕੱਪੜੇ ਖਰੀਦਣਾ ਅਤੇ ਬ੍ਰਾਂਡਡ ਚੀਜਾਂ ਨੂੰ ਸਟੇਟਸ ਸਮਝਣਾਇਹ ਸਭ ਸਾਡੀ ਕਮਾਈ ਨਹੀਂ, ਸਾਡੀ ਸੋਚ ਨੂੰ ਖਾ ਰਿਹਾ ਏ।

ਕਾਰਪੋਰੇਟ ਕੰਪਨੀਆਂ ਨੇ ਸਾਨੂੰ ਇਹ ਯਕੀਨ ਦਿਵਾ ਦਿੱਤਾ ਕਿ ਜਿੰਨਾ ਜਿਆਦਾ ਖਰਚੋਗੇ, ਉਨਾਂ ਪੈਸੇ ਦਾ ਸਰਕਲ ਚੱਲੇਗਾ ਚਲੋ ਗੱਲ ਠੀਕ ਵੀ ਏ,ਪਰ ਫਾਲਤੂ ਖਰਚ ਕਿਉਂ ? ਸੇਲਾਂ ਦੇ ਨਾਂ 'ਤੇ ਸਾਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਅਸੀਂ ਸਸਤਾ ਖਰੀਦ ਕੇ ਕੋਈ ਜੰਗ ਜਿੱਤ ਲਈ ਏ,ਪਰ ਜਿੰਨਾਂ ਚੀਜਾਂ ਦੀ ਸਾਨੂੰ ਜਰੂਰਤ ਵੀ ਨਹੀਂ ਹੁੰਦੀ ਲਾਲਚ ਚ ਉਹ ਵੀ ਖਰੀਦ ਲੈਂਦੇ ਹਾਂ, ਜਦਕਿ ਅਸਲ ਵਿੱਚ ਸਾਡੀਆਂ ਜੇਬਾਂ ਅਤੇ ਹੌਲੀ-ਹੌਲੀ ਸਾਡੀਆਂ ਜਮੀਨਾਂ ਖਾਲੀ ਹੋ ਰਹੀਆਂ ਹੁੰਦੀਆਂ ਨੇ।

ਸਭ ਤੋਂ ਵੱਡਾ ਦੁੱਖ ਇਹ ਹੈ ਕਿ ਅੱਜ ਦਾ ਨੌਜਵਾਨ ਛੁੱਟੀਆਂ ਵਿੱਚ ਆਪਣੇ ਖੇਤਾਂ ਦੀ ਮੋਟਰ 'ਤੇ ਬੈਠਣ ਦੀ ਬਜਾਏ ਮਾਲਾਂ, ਫਿਲਮਾਂ ਅਤੇ ਪਹਾੜਾਂ ਨੂੰ ਤਰਜੀਹ ਦਿੰਦਾ ਹੈ। ਪਹਾੜਾਂ ਚ ਜਾ ਜਦੋਂ ਆਪਣੇ ਲੋਕ ਗਾਰਾ ਸ਼ਰੀਰ ਤੇ ਮਲ ਕੇ ਕਹਿੰਦੇ ਨੇ ਕਿ ਉਹ ਇੱਥੇ ਮੱਡ ਬਾਥ (ਸਰੀਰ ਤੇ ਗਾਰਾ ਮਲਣਾ) ਲੈਣ ਆਏ ਨੇ,ਉਨਾਂ ਵਿਚਾਰਿਆਂ ਨੂੰ ਕੀ ਪਤਾ ਝੋਨਾ ਲਾਉਣ ਵੇਲੇ ਖੇਤਾਂ ਚ ਮੱਡ ਈ ਮੱਡ ਹੁੰਦਾ,ਫਰੀ ਚ ਜਿੰਨਾਂ ਮਰਜੀ ਲਿਟੋ। ਉਸਨੂੰ ਇਹ ਨਹੀਂ ਪਤਾ ਕਿ ਜਿਸ ਪੈਸੇ ਨਾਲ ਉਹ ਇਹ ਸਭ ਕਰ ਰਿਹਾ ਹੈ, ਉਸਦੀ ਜੜ੍ਹ ਉਸਦੇ ਖੇਤਾਂ ਵਿੱਚ ਹੈ। ਜਿੰਨੀ ਧਰਤੀ ਆਪਣੀ ਹੁੰਦੀ ਹੈ, ਉੱਨਾ ਹੀ ਅਸਮਾਨ ਵੀ ਆਪਣਾ ਹੁੰਦਾ ਹੈ ਕਦੇ ਵਿਹਲੀ ਪਈ ਜਮੀਨ ਚ ਲਿਟ ਕੇ ਅਸਮਾਨ ਵੱਲ ਵੇਖਿਓ,ਸਾਰਾ ਅਸਮਾਨ ਆਪਣਾ ਈ ਲੱਗੂ। ਜਮੀਨ ਸਿਰਫ ਰੋਟੀ ਨਹੀਂ ਦਿੰਦੀ, ਇਹ ਇੱਜਤ, ਪਛਾਣ ਅਤੇ ਆਜਾਦੀ ਵੀ ਦਿੰਦੀ ਹੈ।

ਸਾਡੇ ਬਜੁਰਗਾਂ ਨੇ ਇੱਕੋ ਜੋੜਾ ਕੱਪੜਾ ਤੇ ਜੁੱਤੇ ਪਾ ਕੇ ਸਾਲਾਂ ਦੇ ਸਾਲ ਕੱਢ ਦਿੱਤੇ, ਪਰ ਜਮੀਨ ਨਹੀਂ ਵੇਚੀ। ਉਨ੍ਹਾਂ ਨੇ ਧੁੱਪਾਂ, ਮੀਂਹ ਅਤੇ ਠੰਢਾਂ ਸਹਾਰੀਆਂ, ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਜਬੂਤ ਨੀਂਹ ਦਿੱਤੀ।

ਕਹਾਵਤ ਹੈ, "ਪਿਉ-ਦਾਦਿਆਂ ਦੀ ਕਮਾਈ ਵੇਚਣੀ ਸੌਖੀ, ਬਣਾਉਣੀ ਬਹੁਤ ਔਖੀ।" ਇਹ ਗੱਲ ਹਰ ਨੌਜਵਾਨ ਨੂੰ ਯਾਦ ਰੱਖਣੀ ਚਾਹੀਦੀ ਹੈ। ਵੇਚੀ ਹੋਈ ਜਮੀਨ ਮੁੜ ਨਹੀਂ ਆਉਂਦੀ, ਪਰ ਕੀਤੀ ਹੋਈ ਗਲਤੀ ਜਰੂਰ ਪਛਤਾਵਾ ਬਣ ਕੇ ਵਾਪਸ ਆਉਂਦੀ ਹੈ।

ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਪੰਜਾਬੀ ਹੋਣਾ ਸਿਰਫ ਉੱਚੀ ਆਵਾਜ ਵਿੱਚ "ਅਸੀਂ ਪੰਜਾਬੀ ਹੁੰਨੇ ਆਂ ਪੰਜਾਬੀ" ਕਹਿਣ ਨਾਲ ਸਾਬਤ ਨਹੀਂ ਹੁੰਦਾ। ਪੰਜਾਬੀ ਉਹ ਏ ਜੋ ਮਿੱਟੀ ਨਾਲ ਪਿਆਰ ਕਰੇ, ਹਲ ਅਤੇ ਖੇਤ ਦੀ ਇੱਜਤ ਕਰੇ, ਆਪਣੇ ਵਿਰਸੇ ਨੂੰ ਸੰਭਾਲੇ ਅਤੇ ਅਗਲੀ ਪੀੜ੍ਹੀ ਨੂੰ ਇਹ ਅਮਾਨਤ ਸੁਰੱਖਿਅਤ ਦੇਵੇ। ਜੇ ਜਮੀਨ ਹੀ ਨਾ ਰਹੀ ਤਾਂ ਫਿਰ ਪੰਜਾਬ

ਮਨਜੀਤ ਸਿੰਘ ਧਾਲੀਵਾਲ

# ਐਮਰਜੈਂਸੀ : ਲੋਕਤੰਤਰ ਦੇ ਦਮਨ ਦਾ ਦੌਰ

ਭਾਰਤ 'ਚ 1975-77 ਦੀ ਐਮਰਜੈਂਸੀ ਨੂੰ ਆਜਾਦੀ ਤੋਂ ਬਾਅਦ ਦੇ ਲੋਕਤੰਤਰੀ ਇਤਿਹਾਸ ਦਾ ਸਭ ਤੋਂ ਵਿਵਾਦਪੂਰਨ ਅਤੇ ਦਮਨਕਾਰੀ ਦੌਰ ਮੰਨਿਆ ਜਾਂਦਾ ਹੈ ਜਦੋਂ ਰਾਸਟਰਪਤੀ ਦੇ ਹੁਕਮਾਂ ਰਾਹੀਂ ਨਾਗਰਿਕਾਂ ਦੇ ਕੁਝ ਮੌਲਿਕ ਹੱਕਾਂ ਦੇ ਲਾਗੂ ਕਰਵਾਉਣ ਲਈ ਅਦਾਲਤਾਂ ਤੱਕ ਪਹੁੰਚ ਦਾ ਅਧਿਕਾਰ ਮੁਅੱਤਲ ਕਰ ਦਿੱਤਾ ਗਿਆ ਸੀ। ਇਹ 25 ਜੂਨ 1975 ਦੀ ਰਾਤ ਸੀ ਜਦੋਂ ਰਾਸਟਰਪਤੀ ਫਖਰੂਦੀਨ ਅਲੀ ਅਹਿਮਦ ਨੇ ਪ੍ਰਧਾਨ ਮੰਤਰੀ ਦੀ ਸਿਫਾਰਸ 'ਤੇ ਐਮਰਜੈਂਸੀ ਦੇ ਐਲਾਨ 'ਤੇ ਦਸਤਖਤ ਕੀਤੇ ਅਤੇ ਦੇਸ ਭਰ 'ਚ ਐਮਰਜੈਂਸੀ ਥੋਪ ਦਿੱਤੀ ਗਈ। ਐਮਰਜੈਂਸੀ ਦੌਰਾਨ ਹਜਾਰਾਂ ਵਿਰੋਧੀ ਨੇਤਾਵਾਂ ਅਤੇ ਪੱਤਰਕਾਰਾਂ ਨੂੰ "ਮੀਸਾ' ਐਕਟ ਤਹਿਤ ਗ੍ਰਿਫਤਾਰ ਕੀਤਾ ਗਿਆ। ਅਖਬਾਰਾਂ ਅਤੇ ਮੀਡੀਆ 'ਤੇ ਸਰਕਾਰੀ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਇਸ ਦੌਰਾਨ ਸਰਕਾਰ ਨੇ ਕਈ ਆਰਡੀਨੈਂਸ ਜਾਰੀ ਕੀਤੇ ਅਤੇ ਸੰਵਿਧਾਨ 'ਚ ਸੋਧਾਂ ਰਾਹੀਂ ਕੇਂਦਰ ਸਰਕਾਰ ਦੀਆਂ ਸਕਤੀਆਂ ਵਧਾਈਆਂ ਅਤੇ ਨਿਆਇਕ ਸਮੀਖਿਆ ਦੇ ਦਾਇਰੇ ਨੂੰ ਸੀਮਿਤ ਕਰਨ ਦੀ ਕੋਸ਼ਿਸ਼ ਕੀਤੀ। ਇੰਦਰਾ ਗਾਂਧੀ ਦੁਆਰਾ ਐਮਰਜੈਂਸੀ ਲਾਗੂ ਕਰਨ ਦੇ ਕਈ ਪ੍ਰਮੁੱਖ ਕਾਰਨ ਦੱਸੇ ਜਾਂਦੇ ਹਨ, ਜੋ ਉਸ ਸਮੇਂ ਦੇ ਰਾਜਨੀਤਿਕ ਅਤੇ ਨਿਆਇਕ ਤਣਾਅ ਨਾਲ ਜੁੜੇ ਹੋਏ ਸਨ। ਸਭ ਤੋਂ ਤਤਕਾਲੀ ਕਾਰਨ 12 ਜੂਨ 1975 ਨੂੰ ਇਲਾਹਾਬਾਦ ਹਾਈ ਕੋਰਟ ਦਾ ਇਕ ਫੈਸਲਾ ਸੀ, ਜਿਸ ਵਿਚ ਜਸਟਿਸ ਜਗਮੋਹਨ ਲਾਲ ਸਿਨਹਾ ਨੇ ਇੰਦਰਾ ਗਾਂਧੀ ਦੀ 1971 ਦੀ ਚੋਣ ਨੂੰ ਰੱਦ ਕਰ ਦਿੱਤਾ ਸੀ। ਇੰਦਰਾ ਗਾਂਧੀ ਨੂੰ ਦੋ ਚੋਣਾਂ ਸਬੰਧੀ ਉਲੰਘਣਾਵਾਂ ਲਈ ਦੋਸੀ ਕਰਾਰ ਦਿੱਤਾ ਸੀ, ਜਿਨ੍ਹਾਂ 'ਚ ਸਰਕਾਰੀ ਅਧਿਕਾਰੀ ਯਸਪਾਲ ਕਪੂਰ ਦੀ ਸੇਵਾ ਲੈਣਾ ਅਤੇ ਸਰਕਾਰੀ ਮਸੀਨਰੀ ਦੀ ਵਰਤੋਂ ਸਾਮਲ ਸੀ। ਇਸ ਕਾਰਨ ਉਨ੍ਹਾਂ ਨੂੰ 6 ਸਾਲਾਂ ਲਈ ਕਿਸੇ ਵੀ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ। ਵੈਸੇ 24 ਜੂਨ 1975 ਨੂੰ ਸੁਪਰੀਮ ਕੋਰਟ ਦੇ ਜਸਟਿਸ ਵੀ. ਆਰ. ਕ੍ਰਿਸਨਾ ਅਈਅਰ ਨੇ ਇੰਦਰਾ ਗਾਂਧੀ ਨੂੰ ਸੀਮਿਤ ਰਾਹਤ ਦਿੱਤੀ ਸੀ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਣੇ ਰਹਿ ਸਕਦੇ ਸਨ ਪਰ ਲੋਕ ਸਭਾ ਦੀ ਕਾਰਵਾਈ 'ਚ ਵੋਟ ਨਹੀਂ ਪਾ ਸਕਦੇ ਸਨ। ਇਹ ਰਾਹਤ ਐਮਰਜੈਂਸੀ ਤੋਂ ਠੀਕ ਇਕ ਦਿਨ ਪਹਿਲਾਂ ਮਿਲੀ ਸੀ। ਉਸ ਸਮੇਂ ਦੇਸ 'ਚ ਇੰਦਰਾ ਗਾਂਧੀ ਵਿਰੁੱਧ ਭਾਰੀ ਰਾਜਨੀਤਿਕ



ਅਸੰਤੋਸ ਸੀ। ਜੈਪ੍ਰਕਾਸ ਨਰਾਇਣ ਦੀ ਅਗਵਾਈ 'ਚ ਵਿਰੋਧੀ ਧਿਰਾਂ ਅਤੇ ਵਿਦਿਆਰਥੀ ਅੰਦੋਲਨ ਜੋਰਾਂ 'ਤੇ ਸਨ। ਦੇਸ 'ਚ ਮਹਿੰਗਾਈ, ਬੇਰੁਜਗਾਰੀ ਅਤੇ ਭ੍ਰਿਸਟਾਚਾਰ ਵਿਰੁੱਧ ਵੱਡੇ ਪੱਧਰ 'ਤੇ ਪ੍ਰਦਰਸਨ ਹੋ ਰਹੇ ਸਨ। ਜੈਪ੍ਰਕਾਸ ਨਰਾਇਣ ਨੇ 25 ਜੂਨ 1975 ਨੂੰ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਇੰਦਰਾ ਗਾਂਧੀ ਦੇ ਅਸਤੀਫੇ ਦੀ ਮੰਗ ਕੀਤੀ ਅਤੇ ਪੁਲਿਸ ਤੇ ਫੌਜ ਨੂੰ ਗੈਰ-ਸੰਵਿਧਾਨਕ ਹੁਕਮਾਂ ਦੀ ਪਾਲਣਾ ਨਾ ਕਰਨ ਦੀ ਅਪੀਲ ਕੀਤੀ, ਜਿਸ ਨੂੰ ਸਰਕਾਰ ਨੇ ਐਮਰਜੈਂਸੀ ਲਾਗੂ ਕਰਨ ਦਾ ਇਕ ਮੁੱਖ ਕਾਰਨ ਦੱਸਿਆ । ਸਰਕਾਰ ਨੇ ਸੰਵਿਧਾਨ ਦੀ ਧਾਰਾ 352 ਤਹਿਤ 'ਅੰਦਰੂਨੀ ਗੜਬੜ' ਦਾ ਤਰਕ ਦਿੰਦਿਆਂ ਐਮਰਜੈਂਸੀ ਦਾ ਐਲਾਨ ਕੀਤਾ ਸੀ। ਸਰਕਾਰ ਨੇ ਦੋਸ ਲਗਾਇਆ ਸੀ ਕਿ ਵਿਰੋਧੀ ਨੇਤਾ ਪੁਲਿਸ ਅਤੇ ਫੌਜ ਨੂੰ ਬਗਾਵਤ ਲਈ ਉਕਸਾ ਰਹੇ ਹਨ ਅਤੇ ਦੇਸ ਦੀ ਸਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਬਹੁਤ ਸਾਰੇ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ, ਆਪਣੀ ਪ੍ਰਧਾਨ ਮੰਤਰੀ ਦੀ ਕੁਰਸੀ ਬਚਾਉਣ ਅਤੇ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਇੰਦਰਾ ਗਾਂਧੀ ਨੇ ਇਹ ਕਦਮ ਚੁੱਕਿਆ ਸੀ। ਭਾਵੇਂ ਦੇਸ ਨੂੰ ਐਮਰਜੈਂਸੀ ਦੀ ਸੂਚਨਾ ਅਗਲੇ ਦਿਨ ਦਿੱਤੀ ਗਈ ਪਰ ਇਸ ਤੋਂ ਪਹਿਲਾਂ ਹੀ ਸਰਕਾਰ ਨੇ ਆਪਣੇ ਰਾਜਨੀਤਿਕ ਵਿਰੋਧੀਆਂ ਜੈਪ੍ਰਕਾਸ ਨਰਾਇਣ (ਜੇ.ਪੀ.), ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸਨ ਅਡਵਾਨੀ, ਮੋਰਾਰਜੀ ਦੇਸਾਈ, ਜਾਰਜ ਫਰਨਾਂਡੀਜ ਵਰਗੇ ਵੱਡੇ ਆਗੂਆਂ ਨੂੰ ਜੇਲ੍ਹਾਂ 'ਚ ਡੱਕ ਦਿੱਤਾ ਗਿਆ। ਐਮਰਜੈਂਸੀ ਲਾਗੂ ਹੋਣ ਦੇ ਤੁਰੰਤ ਬਾਅਦ ਪੰਜਾਬ ਦੇ ਅਕਾਲੀ ਆਗੂਆਂ ਨੂੰ ਵੀ ਵੱਡੇ ਪੱਧਰ ਤੇ ਗ੍ਰਿਫਤਾਰ ਕੀਤਾ ਗਿਆ। ਪੰਜਾਬ ਭਰ 'ਚੋਂ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ, ਜਿਨ੍ਹਾਂ 'ਚ ਪ੍ਰਕਾਸ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਹੋਰ ਕਈ ਸੀਨੀਅਰ ਆਗੂ ਸਾਮਲ ਸਨ, ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਲਿਆ ਗਿਆ। ਵਿਰੋਧੀਆਂ ਦੀਆਂ ਗ੍ਰਿਫਤਾਰੀਆਂ ਦੇ ਨਾਲ ਹੀ ਸਰਕਾਰ ਨੇ ਇਕ ਹੋਰ ਅਹਿਮ ਕਦਮ ਚੁੱਕਿਆ। 25-26 ਜੂਨ ਦੀ ਅੱਧੀ ਰਾਤ ਤੋਂ ਬਾਅਦ ਦਿੱਲੀ ਦੇ ਬਹਾਦਰਸਾਹ ਜਫਰ ਮਾਰਗ ਦੀ ਬਿਜਲੀ ਸਪਲਾਈ ਕੱਟ ਦਿੱਤੀ ਗਈ। ਇਹ ਕਦਮ ਇਸ ਲਈ ਚੁੱਕਿਆ ਗਿਆ ਸੀ ਤਾਂ ਜੋ ਅਖਬਾਰ ਅਗਲੇ ਦਿਨ ਦੀਆਂ ਖਬਰਾਂ 'ਚ ਐਮਰਜੈਂਸੀ ਅਤੇ ਵੱਡੇ ਪੱਧਰ 'ਤੇ ਹੋ ਰਹੀਆਂ ਗ੍ਰਿਫਤਾਰੀਆਂ ਬਾਰੇ ਨਾ ਛਾਪ ਸਕਣ। ਅਖਬਾਰਾਂ ਨੂੰ ਛਪਣ ਤੋਂ ਪਹਿਲਾਂ ਆਪਣੀ ਹਰ ਖਬਰ ਅਤੇ ਸੰਪਾਦਕੀ ਸਰਕਾਰੀ ਅਧਿਕਾਰੀਆਂ ਨੂੰ ਦਿਖਾ ਕੇ ਮਨਜੂਰੀ ਲੈਣੀ ਪੈਂਦੀ ਸੀ। ਸਰਕਾਰ ਨੇ 'ਪ੍ਰੈੱਸ ਕੌਂਸਲ ਆਫ ਇੰਡੀਆ' ਨੂੰ ਭੰਗ ਕਰ ਦਿੱਤਾ। ਕੁਝ ਵਿਦੇਸੀ ਪੱਤਰਕਾਰਾਂ ਦੀ ਮਾਨਤਾ ਰੱਦ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ ਛੱਡਣ ਲਈ ਕਿਹਾ ਗਿਆ। ਵੱਡੀ ਗਿਣਤੀ ਵਿਚ ਪੱਤਰਕਾਰਾਂ ਨੂੰ ਮੁੱਖ ਤੌਰ 'ਤੇ ਮੀਸਾ ਅਤੇ ਹੋਰ ਕਾਨੂੰਨੀ ਪ੍ਰਬੰਧਾਂ ਤਹਿਤ ਨਜਰਬੰਦ ਕੀਤਾ ਗਿਆ। ਇਸ ਦੌਰਾਨ ਪ੍ਰੈੱਸ ਨੇ ਦੋ ਤਰ੍ਹਾਂ ਦੇ ਰਵੱਈਏ ਅਪਣਾਏ। ਬਹੁਤੇ ਅਖਬਾਰਾਂ ਅਤੇ ਮੀਡੀਆ ਹਾਊਸਾਂ ਨੇ ਡਰ ਦੇ ਮਾਰੇ ਸਰਕਾਰ ਦੇ ਹੁਕਮਾਂ ਨੂੰ ਮੰਨ ਲਿਆ। ਬਹੁਤੀਆਂ ਅਖਬਾਰਾਂ ਨੇ ਸਰਕਾਰ ਦੀ ਤਾਰੀਫ 'ਚ ਲੇਖ ਵੀ ਛਾਪਣੇ ਸੁਰੂ ਕਰ ਦਿੱਤੇ ਸਨ ਪਰ ਕੁਝ ਪੱਤਰਕਾਰਾਂ ਅਤੇ ਅਖਬਾਰਾਂ ਨੇ ਕਲਮ ਦੀ ਤਾਕਤ ਨਾਲ ਤਾਨਾਸਾਹੀ ਨੂੰ ਚੁਣੌਤੀ ਦੇ ਕੇ ਲੋਕਤੰਤਰ ਨੂੰ ਬਚਾਉਣ 'ਚ ਅਹਿਮ ਭੂਮਿਕਾ ਨਿਭਾਈ ਅਤੇ ਭਾਰਤੀ ਪੱਤਰਕਾਰੀ ਦਾ ਸਿਰ ਉੱਚਾ ਕੀਤਾ। ਪੰਜਾਬ ਨੂੰ ਇਸ ਗੱਲ ਦਾ ਮਾਣ ਹੈ ਕਿ ਜਦੋਂ ਕੁੱਝ ਇੱਕ ਨੂੰ ਛੱਡ ਕੇ ਦੇਸ ਦੀਆਂ ਬਹੁਤੀਆਂ ਹੋਰ ਰਾਜਨੀਤਿਕ ਪਾਰਟੀਆਂ ਦੇ ਵਰਕਰ ਡਰ ਕੇ ਜਾਂ ਸਰਕਾਰ ਦੇ ਦਬਾਅ ਹੇਠ ਚੁੱਪ ਹੋ ਗਏ ਸਨ, ਉਸ ਸਮੇਂ ਅਕਾਲੀ ਵਰਕਰਾਂ ਨੇ ਨਿਰੰਤਰ ਗ੍ਰਿਫਤਾਰੀਆਂ ਦੇ ਕੇ ਮੋਰਚੇ ਨੂੰ ਜਿਉਂਦਾ ਰੱਖਿਆ ਸੀ। ਐਮਰਜੈਂਸੀ ਵਿਰੁੱਧ ਅਕਾਲੀਆਂ ਦਾ ਇਹ ਸੰਘਰਸ ਇੰਨਾ ਮਜਬੂਤ ਸੀ ਕਿ ਕਿਹਾ ਜਾਂਦਾ ਹੈ ਕਿ ਐਮਰਜੈਂਸੀ ਦੌਰਾਨ ਜੇਲ੍ਹ ਜਾਣ ਵਾਲੇ ਕੁੱਲ ਸਿਆਸੀ ਕੈਦੀਆਂ 'ਚੋਂ ਇੱਕ ਵੱਡਾ ਹਿੱਸਾ ਸਿੱਖਾਂ ਅਤੇ ਅਕਾਲੀ ਵਰਕਰਾਂ ਦਾ ਸੀ। ਅਕਾਲੀ ਦਲ ਅਤੇ ਕੁਝ ਇਤਿਹਾਸਕ ਸਰੋਤਾਂ ਅਨੁਸਾਰ 40,000 ਦੇ ਕਰੀਬ ਅਕਾਲੀ ਵਰਕਰਾਂ ਅਤੇ ਆਗੂਆਂ ਨੇ ਗ੍ਰਿਫਤਾਰੀਆਂ ਦਿੱਤੀਆਂ ਸਨ। ਸ੍ਰੋਮਣੀ ਅਕਾਲੀ ਦਲ ਨੇ ਇਸ ਇਤਿਹਾਸਿਕ ਸੰਘਰਸ ਦਾ ਆਰੰਭ 9 ਜੁਲਾਈ 1975 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਲੋਕਤੰਤਰ ਬਚਾਓ ਮੋਰਚਾ' ਦੀ ਸੁਰੂਆਤ ਨਾਲ ਕੀਤਾ। ਇਹ ਮੋਰਚਾ ਜੁਲਾਈ 1975 ਤੋਂ ਜਨਵਰੀ 1977 ਤੱਕ ਜਾਰੀ ਰਿਹਾ। ਜਨਵਰੀ 1977 'ਚ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਰਾਜਨੀਤਿਕ ਕੈਦੀਆਂ ਦੀ ਰਿਹਾਈ ਸੁਰੂ ਹੋਈ। ਸ੍ਰੀ ਅਕਾਲ ਤਖਤ ਸਾਹਿਬ ਦੇ ਅਹਾਤੇ ਤੋਂ ਨਿਯਮਤ ਤੌਰ 'ਤੇ ਜਥੇ ਨਿਕਲਦੇ ਸਨ ਜੋ ਗ੍ਰਿਫਤਾਰੀਆਂ ਦਿੰਦੇ ਸਨ। ਅਕਾਲੀ ਦਲ ਦੇ ਇਸ ਮੋਰਚੇ ਨੇ ਦੇਸ ਭਰ ਦੇ ਵਿਰੋਧੀ ਧਿਰ ਦੇ ਨੇਤਾਵਾਂ 'ਚ ਇੱਕ ਨਵੀਂ ਉਮੀਦ ਜਗਾਈ ਸੀ। ਜੇਪੀ ਅਤੇ ਹੋਰ ਵਿਰੋਧੀ ਨੇਤਾਵਾਂ ਨੇ ਅਕਾਲੀ ਦਲ ਦੇ ਇਸ ਸੰਘਰਸ ਦੀ ਪ੍ਰਸੰਸਾ ਕੀਤੀ ਸੀ। ਐਮਰਜੈਂਸੀ ਦੌਰਾਨ ਸਰਕਾਰੀ ਪ੍ਰਚਾਰ ਤੰਤਰ ਨੇ ਅਕਾਲੀ ਦਲ ਦੇ ਸੰਘਰਸ ਨੂੰ ਦੇਸ-ਵਿਰੋਧੀ ਤੱਤਾਂ ਤੋਂ ਪ੍ਰੇਰਿਤ ਦੱਸਣ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਦੇ ਸਮੁੱਚੇ ਲੀਡਰਸ਼ਿਪ ਢਾਂਚੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। 21 ਮਾਰਚ 1977 ਨੂੰ ਐਮਰਜੈਂਸੀ ਖਤਮ ਹੋਈ ਅਤੇ ਚੋਣਾਂ ਹੋਈਆਂ। ਭਾਵੇਂ ਦੇਸ 'ਚ ਕਾਂਗਰਸ ਸੱਤਾ ਤੋਂ ਬਾਹਰ ਹੋ ਗਈ ਪਰ ਪੰਜਾਬ 'ਚ ਅਕਾਲੀ ਦਲ ਨੂੰ ਇਸ ਸੰਘਰਸ ਦਾ ਇਨਾਮ ਵੀ ਮਿਲਿਆ। 1977 ਦੀਆਂ ਵਿਧਾਨ ਸਭਾ ਚੋਣਾਂ 'ਚ ਜਨਤਾ ਪਾਰਟੀ ਨਾਲ ਗਠਜੋੜ ਕਰਕੇ ਅਕਾਲੀ ਦਲ ਨੇ ਪੰਜਾਬ ਵਿੱਚ ਸਰਕਾਰ ਬਣਾਈ।

ਗੁਰ ਕ੍ਰਿਪਾਲ ਸਿੰਘ ਅਸ਼ਕ

# ਪੈਸੇ ਦੀ ਸੁਚੱਜੀ ਵਰਤੋਂ

ਲਗਭਗ ਹਰ ਕਿਸੇ ਨੂੰ ਯਾਤਰਾ ਕਰਨੀ ਪੈਂਦੀ ਹੈ। ਜਦੋਂ ਉਹ ਘਰ ਛੱਡ ਕੇ ਕਿਸੇ ਹੋਰ ਜਗ੍ਹਾ ਜਾਂਦੇ ਹਨ, ਤਾਂ ਉਹ ਕਿਸੇ ਸਰਾਂ, ਧਰਮਸਾਲਾ ਜਾਂ ਹੋਟਲ 'ਚ ਰਹਿੰਦੇ ਹਨ। ਉੱਥੇ ਕੁਝ ਦਿਨ ਰਹਿਣ ਦਾ ਮਤਲਬ ਇਹ ਨਹੀਂ ਹੈ ਕਿ ਉਹ ਉਨ੍ਹਾਂ ਸੰਸਥਾਵਾਂ ਦੇ ਮਾਲਕ ਬਣ ਜਾਂਦੇ ਹਨ। ਜ਼ਿੰਦਗੀ 'ਚ ਵੀ ਸਥਿਤੀ ਇਹੀ ਹੁੰਦੀ ਹੈ। ਜੇਕਰ ਕੋਈ ਪੈਦਾ ਹੁੰਦਾ ਹੈ, ਤਾਂ ਮੌਤ ਤੈਅ ਹੈ। ਦੁਨੀਆਂ ਨੂੰ ਇਕ ਸਰਾਂ, ਧਰਮਸਾਲਾ ਜਾਂ ਹੋਟਲ ਸਮਝਣਾ ਚਾਹੀਦਾ ਹੈ ਅਤੇ ਆਪਣੀਆਂ ਸੰਸਾਰਿਕ ਜ਼ਿੰਮੇਵਾਰੀਆਂ ਨੂੰ ਹੁਨਰ ਨਾਲ ਨਿਭਾਉਣਾ ਚਾਹੀਦਾ ਹੈ, ਕਿਉਂਕਿ ਅੰਤ 'ਚ, ਕੋਈ ਵਿਅਕਤੀ ਕਿੰਨਾ ਵੀ ਭੌਤਿਕ ਤੌਰ 'ਤੇ ਅਮੀਰ ਕਿਉਂ ਨਾ ਹੋਵੇ, ਉਹ ਇਸ ਦੁਨੀਆਂ 'ਚ ਸਭ ਕੁਝ ਪਿੱਛੇ ਛੱਡ ਜਾਂਦਾ ਹੈ। ਇਕ ਕਹਾਣੀ ਹੈ ਕਿ ਇਕ ਬਹੁਤ ਅਮੀਰ ਆਦਮੀ ਸੁਭਾਅ ਤੋਂ ਬਹੁਤ ਕੰਜੂਸ ਸੀ। ਇਕ ਦਿਨ ਉਸਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਬਾਅਦ, ਜਦੋਂ ਉਸ ਦੇ ਨੌਕਰ ਨੇ ਉਸ ਦੀ ਖੁਸ਼ਹਾਲੀ ਦੇਖੀ ਅਤੇ ਵਿਆਹ ਕਰਵਾ ਲਿਆ, ਤਾਂ ਉਸ ਨੇ ਟਿੱਪਣੀ ਕੀਤੀ ਕਿ ਉਸ ਦਾ ਮਾਲਕ



ਕਿੰਨਾ ਮਹਾਨ ਸੀ, ਜੋ ਆਪਣੇ ਆਪ 'ਤੇ ਪੈਸਾ ਵੀ ਖਰਚ ਨਹੀਂ ਕਰਦਾ ਸੀ। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਉਹ ਸਾਡੇ ਲਈ ਪੈਸਾ ਬਚਾ ਰਿਹਾ ਸੀ? ਦੌਲਤ ਦੀਆਂ ਤਿੰਨ ਅਵਸਥਾਵਾਂ ਹਨ: ਭੋਗ, ਦਾਨ ਅਤੇ ਵਿਨਾਸ। ਇਸ ਲਈ, ਕਿਸੇ ਨੂੰ ਸਿਰਫ ਇਹ ਸੋਚ ਕੇ ਪੈਸਾ ਇਕੱਠਾ ਨਹੀਂ ਕਰਨਾ ਚਾਹੀਦਾ ਕਿ ਪੈਸਾ ਹੀ ਜ਼ਿੰਦਗੀ 'ਚ ਸਭ ਕੁਝ ਹੈ। ਪੈਸੇ ਨੂੰ ਨਿੱਜੀ ਲਾਭ ਦੇ ਨਾਲ-ਨਾਲ ਦਾਨ ਲਈ ਵੀ ਸਮਝਦਾਰੀ ਨਾਲ ਵਰਤਿਆ ਜਾਣਾ ਚਾਹੀਦਾ ਹੈ। ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਨਹੀਂ ਤਾਂ, ਇਕੱਠੀ ਕੀਤੀ ਦੌਲਤ ਕਿਸੇ ਹੋਰ ਦੁਆਰਾ ਵਰਤੀ ਜਾਂਦੀ ਹੈ। ਮਰਨ ਵਾਲੇ ਵਿਅਕਤੀ ਦਾ ਪਰਿਵਾਰ ਡਾਕਟਰ ਨੂੰ ਆਪਣੇ ਅਜੀਜ ਨੂੰ ਬਚਾਉਣ ਲਈ ਕਹਿੰਦਾ ਹੈ, ਭਾਵੇਂ ਇਸ ਦੀ ਕੀਮਤ ਕਿੰਨੀ ਵੀ ਹੋਵੇ ਪਰ ਡਾਕਟਰ ਜਵਾਬ ਦਿੰਦਾ ਹੈ ਕਿ ਜੇਕਰ ਪੈਸਾ ਮੌਤ ਨੂੰ ਰੋਕ ਸਕਦਾ ਹੈ, ਤਾਂ ਲੋਕ ਧਰਤੀ 'ਤੇ ਨਹੀਂ ਮਰਦੇ। ਇਸ ਲਈ, ਦੁਨੀਆਂ 'ਚ ਇਕ ਸਰਾਂ ਜਾਂ ਕਿਸੇ ਰੈਣ ਬਸੇਰੇ ਵਾਂਗ ਰਹਿਣਾ ਚਾਹੀਦਾ ਹੈ, ਨਾ ਕਿ ਇਸ ਮਾਲਕ ਵਜੋਂ। ਇੱਥੇ ਆਪਣੇ ਆਪ ਨੂੰ ਕਿਰਾਏਦਾਰ ਸਮਝਣਾ ਬਿਹਤਰ ਹੈ। ਕੋਈ ਵੀ ਨਹੀਂ ਜਾਣਦਾ ਕਿ ਜ਼ਿੰਦਗੀ ਕਦੋਂ ਖਮ ਹੋਵੇਗੀ, ਇਸ ਲਈ ਸੁਰੂ ਤੋਂ ਹੀ ਚੰਗੇ ਕੰਮ 'ਚ ਰੁੱਝੋ। ਧਾਰਮਿਕ ਕਰਤੱਵਾਂ ਨੂੰ ਨਿਭਾਉਣ ਲਈ ਬੁਢਾਪੇ ਤੱਕ ਇੰਤਜਾਰ ਨਾ ਕਰੋ। ਯਾਦ ਰੱਖੋ ਕਿ ਧਰਮ ਅਨੁਸਾਰ ਧਾਰਮਿਕ ਕਰਮ ਕਰਨ ਨਾਲ ਪ੍ਰਸਿੱਧੀ ਮਿਲਦੀ ਹੈ। ਪ੍ਰਸਿੱਧੀ, ਬਹੁਤ ਜ਼ਿਆਦਾ ਦੌਲਤ ਨਹੀਂ, ਉਹ ਹੈ ਜੋ ਮੌਤ ਦੇ ਨਾਲ ਮਰ ਜਾਂਦੀ ਹੈ।

ਸਲੀਲ ਪਾਂਡੇ

# ਨਾਗਰਿਕਤਾ ਦਾ ਪ੍ਰਮਾਣ-ਪੱਤਰ

ਹਾਲੀਆ ਦਿਨਾਂ 'ਚ, ਜਦੋਂ ਵਿਦੇਸ ਮੰਤਰਾਲੇ ਨੇ ਕਿਹਾ ਕਿ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ ਹੈ, ਬਲਕਿ ਇਕ ਯਾਤਰਾ ਦਸਤਾਵੇਜ ਹੈ, ਤਾਂ ਇਸ ਮੁੱਦੇ ਨੂੰ ਲੈ ਕੇ ਵੱਡੀ ਬਹਿਸ ਛਿੜ ਗਈ। ਇਸ ਮਾਮਲੇ ਨੂੰ ਲੈ ਕੇ ਬਹੁਤ ਸਾਰੇ ਲੋਕਾਂ ਨੂੰ ਕਈ ਤਰ੍ਹਾਂ ਦੇ ਸ਼ੱਕ ਹੋਏ ਅਤੇ ਇਸ ਨੂੰ ਲੈ ਕੇ ਉਨ੍ਹਾਂ ਵੱਲੋਂ ਕਈ ਤਰ੍ਹਾਂ ਦੇ ਸਵਾਲ ਕੀਤੇ ਜਾਣ ਲੱਗੇ ਕਿ ਜੇਕਰ ਪਾਸਪੋਰਟ ਨੂੰ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਂਦਾ ਹੈ ਤਾਂ ਇਕ ਭਾਰਤੀ ਨਾਗਰਿਕ ਵਿਦੇਸ 'ਚ ਆਪਣੀ ਨਾਗਰਿਕਤਾ ਨੂੰ ਕਿਵੇਂ ਸਾਬਤ ਕਰ ਸਕਦਾ ਹੈ। ਇਸ ਮਾਮਲੇ ਦੇ ਨਾਲ-ਨਾਲ ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਇਹ ਵੀ ਹੁਣ ਤੱਕ ਪੱਕਾ ਯਕੀਨ ਰਿਹਾ ਹੈ ਕਿ ਪਾਸਪੋਰਟ ਨਾਗਰਿਕਤਾ ਦਾ ਇਕ ਭਰੋਸੇਯੋਗ ਸਬੂਤ ਹੈ। ਇਹ ਇਸ ਲਈ ਹੈ ਕਿਉਂਕਿ ਪਾਸਪੋਰਟ ਪੂਰੀ ਤਰ੍ਹਾਂ ਜਾਂਚ ਤੋਂ ਬਾਅਦ ਹੀ ਮੁਲਕ ਦੇ ਬਾਸ਼ਿੰਦਿਆਂ ਨੂੰ ਜਾਰੀ ਕੀਤੇ ਜਾਂਦੇ ਹਨ ਅਤੇ ਪਾਸਪੋਰਟ ਵਿਭਾਗ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਦੂਜੇ ਦੇਸਾਂ ਦੇ ਨਾਗਰਿਕ ਭਾਰਤੀ ਪਾਸਪੋਰਟ ਪ੍ਰਾਪਤ ਨਹੀਂ ਕਰ ਸਕਦੇ। ਜੇਕਰ ਕੋਈ ਗਲਤ ਜਾਣਕਾਰੀ ਦੇ ਕੇ ਪਾਸਪੋਰਟ ਹਾਸਿਲ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਜਾਯੋਗ ਕਾਰਵਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੱਸਿਆ ਸਿਰਫ ਇਹ ਨਹੀਂ ਹੈ ਕਿ ਪਾਸਪੋਰਟ ਨਾਗਰਿਕਤਾ ਦਾ ਸਬੂਤ ਨਹੀਂ ਹੈ। ਸਮੱਸਿਆ ਇਹ ਵੀ ਹੈ ਕਿ ਆਧਾਰ, ਡਰਾਈਵਿੰਗ ਲਾਇਸੈਂਸ, ਵੋਟਰ ਆਈਡੀ ਕਾਰਡ ਅਤੇ ਹੋਰ ਬਹੁਤ ਸਾਰੇ ਦਸਤਾਵੇਜਾਂ ਨੂੰ ਵੀ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਂਦਾ ਹੈ। ਅਜਿਹੇ ਵਿਚ ਦੇਸ਼ ਦੇ ਨਾਗਰਿਕਤਾਂ ਵਿਚ ਦੁਚਿੱਤੀ ਦਾ ਮਾਹੌਲ ਬਣਨਾ ਸੁਭਾਵਿਕ ਹੈ। ਚੋਣ ਕਮਿਸਨ ਅਤੇ ਸੁਪਰੀਮ ਕੋਰਟ ਨੇ ਵੀ ਚੋਣ ਸੂਚੀਆਂ ਦੀ ਵਿਸੇਸ ਤੀਬਰ ਸੋਧ (ਐੱਸਆਈਆਰ) ਦੌਰਾਨ ਇਹੀ ਕਿਹਾ ਸੀ। ਪਾਸਪੋਰਟ ਮੁੱਦੇ 'ਤੇ ਵਿਦੇਸ ਮੰਤਰਾਲੇ ਦੇ ਸਪੱਸਟੀਕਰਨ ਤੋਂ ਬਾਅਦ ਇਹ ਸਪੱਸਟ ਹੋ ਗਿਆ ਕਿ ਪਾਸਪੋਰਟ ਐਕਟ ਇਹ ਵੀ ਕਹਿੰਦਾ ਹੈ ਕਿ ਇਹ ਸਿਰਫ ਯਾਤਰਾ ਦੀ ਇਜਾਜਤ ਦੇਣ ਵਾਲਾ ਦਸਤਾਵੇਜ ਹੈ, ਨਾਗਰਿਕਤਾ ਦਾ ਸਰਟੀਫਿਕੇਟ ਨਹੀਂ। ਸਾਲ 1967 'ਚ ਸੰਸਦ ਦੁਆਰਾ ਪਾਸ ਕੀਤੇ ਗਏ ਪਾਸਪੋਰਟ ਐਕਟ ਦੇ ਅਨੁਸਾਰ ਕੇਂਦਰ ਸਰਕਾਰ ਉਨ੍ਹਾਂ ਵਿਅਕਤੀਆਂ ਨੂੰ




ਪਾਸਪੋਰਟ ਜਾਰੀ ਕਰ ਸਕਦੀ ਹੈ ਜੋ ਜਨਤਕ ਹਿੱਤ 'ਚ ਜਾਂ ਵਿਸੇਸ ਹਾਲਾਤ ਦੌਰਾਨ ਭਾਰਤ ਦੇ ਨਾਗਰਿਕ ਨਹੀਂ ਹਨ। ਇਸ ਐਕਟ ਦੇ ਪ੍ਰਬੰਧਾਂ ਦੇ ਆਧਾਰ 'ਤੇ ਬੰਬੇ ਹਾਈ ਕੋਰਟ ਨੇ ਇਕ ਮਾਮਲੇ 'ਚ ਇਹ ਵੀ ਫੈਸਲਾ ਸੁਣਾਇਆ ਕਿ ਪਾਸਪੋਰਟ ਨਾਗਰਿਕਤਾ ਦਾ ਸਰਟੀਫਿਕੇਟ ਨਹੀਂ ਹੈ। ਸਪੱਸਟ ਤੌਰ 'ਤੇ ਪਾਸਪੋਰਟ ਦੇ ਮੁੱਦੇ 'ਤੇ ਵਿਦੇਸ ਮੰਤਰਾਲੇ ਦੇ ਸਪੱਸਟੀਕਰਨ ਤੋਂ ਬਾਅਦ, ਇਸ ਮੁੱਦੇ 'ਤੇ ਸਿਆਸਤ ਕਰਨੀ ਵੀ ਕੋਈ ਜਾਇਜ ਚੀਜ ਨਹੀਂ ਹੈ। ਇਹ ਖਾਸ ਤੌਰ 'ਤੇ ਇਸ ਲਈ ਹੈ ਕਿਉਂਕਿ ਪਾਸਪੋਰਟ ਐਕਟ ਕਾਂਗਰਸ ਸਰਕਾਰ ਦੌਰਾਨ ਪਾਸ ਕੀਤਾ ਗਿਆ ਸੀ। ਜੇਕਰ ਪਾਸਪੋਰਟ ਸੱਚਮੁੱਚ ਨਾਗਰਿਕਤਾ ਦਾ ਸਰਟੀਫਿਕੇਟ ਹੁੰਦਾ ਤਾਂ ਇਸ ਨੂੰ ਐਕਟ 'ਚ ਪੂਰੀ ਤਰ੍ਹਾਂ ਨਾਲ ਸਪੱਸ਼ਟ ਕੀਤਾ ਗਿਆ ਹੁੰਦਾ।

ਨਾਗਰਿਕਾਂ ਨੂੰ ਨਾਗਰਿਕਤਾ ਐਕਟ-1955 ਦੇ ਤਹਿਤ ਤੈਅ ਕੀਤੀ ਜਾਂਦੀ ਹੈ। ਇਸ ਐਕਟ ਦੇ ਅਨੁਸਾਰ ਨਾਗਰਿਕਤਾ ਕੁਝ ਮੁੱਖ ਮਾਪਦੰਡਾਂ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ, ਜਿਵੇਂ ਕਿ ਜਨਮ ਅਤੇ ਪਰਿਵਾਰ। ਭਾਰਤ 'ਚ ਪੈਦਾ ਹੋਇਆ ਵਿਅਕਤੀ ਇਕ ਭਾਰਤੀ ਨਾਗਰਿਕ ਹੈ, ਜੇਕਰ ਉਸਦੇ ਮਾਤਾ-ਪਿਤਾ ਵੀ ਭਾਰਤ 'ਚ ਹੀ ਪੈਦਾ ਹੋਏ ਸਨ। ਇਸੇ ਤਰ੍ਹਾਂ ਭਾਰਤ ਤੋਂ ਬਾਹਰ ਪੈਦਾ ਹੋਇਆ ਵਿਅਕਤੀ ਵੀ ਇਕ ਭਾਰਤੀ ਨਾਗਰਿਕ ਹੋ ਸਕਦਾ ਹੈ, ਜੇਕਰ ਉਸ ਦੇ ਜਨਮ ਸਮੇਂ, ਉਸ ਦੇ ਮਾਪਿਆਂ 'ਚੋਂ ਇਕ ਵੀ ਭਾਰਤੀ ਨਾਗਰਿਕ ਸੀ। ਭਾਰਤੀ ਮੂਲ ਦੇ ਉਹ ਵਿਅਕਤੀ ਜੋ ਸੱਤ ਸਾਲਾਂ ਤੋਂ ਭਾਰਤ 'ਚ ਰਹਿ ਰਹੇ ਹਨ ਜਾਂ ਭਾਰਤੀ ਨਾਗਰਿਕਾਂ ਨਾਲ ਵਿਆਹੇ ਹੋਏ ਹਨ, ਉਹ ਵੀ ਭਾਰਤੀ ਨਾਗਰਿਕਤਾ ਪ੍ਰਾਪਤ ਕਰਨ ਦੇ ਯੋਗ ਹਨ। ਇਕ ਵਿਦੇਸੀ ਨਾਗਰਿਕ, ਜੋ 12 ਸਾਲਾਂ ਤੋਂ ਭਾਰਤ 'ਚ ਰਹਿ ਰਿਹਾ ਹੈ, ਉਸ ਨੂੰ ਵੀ ਭਾਰਤੀ ਨਾਗਰਿਕਤਾ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੇਕਰ ਕੋਈ ਨਵਾਂ ਇਲਾਕਾ ਭਾਰਤ ਦਾ ਹਿੱਸਾ ਬਣ ਜਾਂਦਾ ਹੈ ਤਾਂ ਭਾਰਤ ਸਰਕਾਰ ਉਸ ਖੇਤਰ ਦੇ ਲੋਕਾਂ ਨੂੰ ਨਾਗਰਿਕਤਾ ਦੇ ਦਿੰਦੀ ਹੈ। ਵਿਅੰਗ ਵਜੋਂ ਜਦੋਂ ਕਿ ਇਹ ਐਕਟ ਨਾਗਰਿਕਤਾ ਤੈਅ ਕਰਨ ਦੇ ਨਿਯਮਾਂ ਨੂੰ ਸਪੱਸਟ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਇਹ ਭਾਰਤੀ ਨਾਗਰਿਕਾਂ ਨੂੰ ਇਕ ਵਿਲੱਖਣ ਪਛਾਣ ਪੱਤਰ ਜਾਰੀ ਨਹੀਂ ਕਰਦਾ, ਜਿਵੇਂ ਕਿ ਬਹੁਤ ਸਾਰੇ ਦੇਸਾਂ 'ਚ ਉੱਥੋਂ ਦੀਆਂ ਸਰਕਾਰਾਂ ਵੱਲੋਂ ਆਪਣੇ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਹੈ। ਇਹ ਸਾਡੇ ਦੇਸ 'ਚ ਨਹੀਂ ਕੀਤਾ ਜਾਂਦਾ ਹੈ, ਹਾਲਾਂਕਿ ਐਕਟ ਇਹ ਵੀ ਹੁਕਮ ਦਿੰਦਾ ਹੈ ਕਿ ਭਾਰਤ ਸਰਕਾਰ ਹਰ ਨਾਗਰਿਕ ਨੂੰ ਲਾਜਮੀ ਤੌਰ 'ਤੇ ਰਜਿਸਟਰ ਕਰੇ, ਇਕ ਰਾਸਟਰੀ ਪਛਾਣ ਪੱਤਰ ਜਾਰੀ ਕਰੇ ਅਤੇ ਨਾਗਰਿਕਾਂ ਦਾ ਰਜਿਸਟਰ (ਐੱਨਆਰਸੀ) ਤਿਆਰ ਕਰੇ। ਭਾਰਤ ਵਿੱਚ ਬਹੁਤ ਘੱਟ ਲੋਕਾਂ ਕੋਲ ਆਪਣੇ ਮਾਪਿਆਂ ਦੇ ਜਨਮ ਸਰਟੀਫਿਕੇਟ ਹਨ। ਬਹੁਤ ਸਾਰੇ ਲੋਕਾਂ ਕੋਲ ਆਪਣੇ ਵੀ ਨਹੀਂ ਹਨ। ਇਸ ਲਈ, ਜੇਕਰ ਨੌਕਰਸਾਹੀ ਕਿਸੇ ਕਾਰਨ ਕਰਕੇ ਕਿਸੇ ਦੀ ਨਾਗਰਿਕਤਾ 'ਤੇ ਸਵਾਲ ਚੁੱਕਦੀ ਹੈ, ਤਾਂ ਉਨ੍ਹਾਂ ਲਈ ਇਹ ਸਾਬਤ ਕਰਨਾ ਮੁਸਕਲ ਹੋ ਜਾਂਦਾ ਹੈ ਕਿ ਉਹ ਭਾਰਤੀ ਨਾਗਰਿਕ ਹਨ। ਹੁਣ ਜਦੋਂ ਵਿਦੇਸ ਮੰਤਰਾਲੇ ਨੇ ਸਪੱਸਟ ਕਰ ਦਿੱਤਾ ਹੈ ਕਿ ਪਾਸਪੋਰਟ ਨਾਗਰਿਕਤਾ ਦਾ ਸਰਟੀਫਿਕੇਟ ਨਹੀਂ ਹੈ, ਤਾਂ ਸਰਕਾਰ ਲਈ ਇਹ ਸਪੱਸਟ ਕਰਨਾ ਸਮਝਦਾਰੀ ਹੋਵੇਗੀ ਕਿ ਕੀ ਉਹ ਭਾਰਤੀ ਨਾਗਰਿਕਾਂ ਦੀ ਨਾਗਰਿਕਤਾ ਸਾਬਤ ਕਰਨ ਲਈ ਕੋਈ ਪਛਾਣ ਪੱਤਰ ਜਾਰੀ ਕਰਨ ਦੀ ਯੋਜਨਾ ਬਣਾ ਰਹੀ ਹੈ। ਜਦੋਂ ਲਾਲ ਕ੍ਰਿਸਨ ਅਡਵਾਨੀ ਗ੍ਰਹਿ ਮੰਤਰੀ ਸਨ, ਤਾਂ ਉਨ੍ਹਾਂ ਨੇ ਨਾਗਰਿਕਤਾ ਨੂੰ ਪ੍ਰਮਾਣਿਤ ਕਰਨ ਲਈ ਰਾਸਟਰੀ ਨਾਗਰਿਕ ਰਜਿਸਟਰ (ਐੱਨਆਰਸੀ) ਬਣਾਉਣ ਦੀ ਸੁਰੂਆਤ ਕੀਤੀ ਪਰ ਇਹ ਅੱਗੇ ਵਧਣ 'ਚ ਅਸਫਲ ਰਿਹਾ। ਇਸ ਤੋਂ ਬਾਅਦ ਮਨਮੋਹਨ ਸਿੰਘ ਦੀ ਸਰਕਾਰ ਦੌਰਾਨ ਗ੍ਰਹਿ ਮੰਤਰੀ ਵਜੋਂ ਚਿਦੰਬਰਮ ਨੇ ਆਧਾਰ ਨੂੰ ਐੱਨਆਰਸੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਪਰ ਇਹ ਕੋਸ਼ਿਸ਼ ਵੀ ਅਸਫਲ ਰਹੀ ਅਤੇ ਆਧਾਰ ਇਕ ਪਛਾਣ ਪੱਤਰ ਵਜੋਂ ਜਾਇਜ ਰਿਹਾ। ਇਸ ਤੋਂ ਬਾਅਦ ਜਦੋਂ ਮੋਦੀ ਸਰਕਾਰ ਨੇ ਨਾਗਰਿਕਤਾ ਕਾਨੂੰਨ 'ਚ ਸੋਧ ਕੀਤੀ ਤਾਂ ਇਸ 'ਚ ਕਿਹਾ ਗਿਆ ਕਿ ਇਸ ਤੋਂ ਬਾਅਦ ਐੱਨਆਰਸੀ ਤਿਆਰ ਕੀਤਾ ਜਾਵੇਗਾ ਪਰ ਵਿਰੋਧੀ ਪਾਰਟੀਆਂ ਨੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਵਿਰੁੱਧ ਮੁਹਿੰਮ ਚਲਾਈ। ਇਸ ਦੇ ਨਤੀਜੇ ਵਜੋਂ ਕਾਨੂੰਨ ਨੂੰ ਲਾਗੂ ਕਰਨ 'ਚ ਦੇਰੀ ਹੋਈ ਅਤੇ ਐੱਨਆਰਸੀ ਪ੍ਰਕਿਰਿਆ ਨੂੰ ਹੀ ਟਾਲ ਦਿੱਤਾ ਗਿਆ। ਘੁਸਪੈਠੀਆਂ ਦੀ ਪਛਾਣ ਕਰਨ ਲਈ ਐੱਨਆਰਸੀ ਦੀ ਜਰੂਰਤ ਪ੍ਰਗਟ ਕੀਤੀ ਗਈ।

ਐੱਨਆਰਸੀ ਤੋਂ ਬਾਅਦ, ਐੱਸਆਈਆਰ ਰਾਹੀਂ ਘੁਸਪੈਠੀਆਂ ਦੀ ਪਛਾਣ ਕਰਨ ਦੇ ਯਤਨ ਕੀਤੇ ਗਏ ਸਨ ਪਰ ਹਰ ਕੋਈ ਜਾਣਦਾ ਹੈ ਕਿ ਐੱਸਆਈਆਰ ਘੁਸਪੈਠੀਆਂ ਦੀ ਪਛਾਣ ਕਰਨ ਲਈ ਇਕ ਬੇਦਾਗ ਤਰੀਕਾ ਨਹੀਂ ਹੈ। ਚੋਣ ਕਮਿਸਨ ਸਿਰਫ ਇਹ ਯਕੀਨੀ ਬਣਾਉਂਦਾ ਹੈ ਕਿ ਵੋਟਰ ਆਈਡੀ ਕਾਰਡ ਸਿਰਫ ਭਾਰਤੀ ਨਾਗਰਿਕਾਂ ਨੂੰ ਜਾਰੀ ਕੀਤੇ ਜਾਣ। ਇਹ ਕਿਸੇ ਅਜਿਹੇ ਵਿਅਕਤੀ ਨੂੰ ਵੋਟਰ ਆਈਡੀ ਕਾਰਡ ਜਾਰੀ ਕਰਨ ਤੋਂ ਇਨਕਾਰ ਕਰ ਸਕਦਾ ਹੈ, ਜਿਸਦੀ ਨਾਗਰਿਕਤਾ 'ਤੇ ਉਸ ਨੂੰ ਸੱਕ ਹੈ, ਪਰ ਇਹ ਸਾਬਤ ਕਰਨਾ ਉਸ ਦਾ ਕੰਮ ਨਹੀਂ ਹੈ ਕਿ ਕੋਈ ਵਿਅਕਤੀ ਭਾਰਤੀ ਨਾਗਰਿਕ ਹੈ ਜਾਂ ਨਹੀਂ। ਇਹ ਗ੍ਰਹਿ ਮੰਤਰਾਲੇ ਦੀ ਜ਼ਿੰਮੇਵਾਰੀ ਹੈ। ਅਜਿਹੇ ਹਾਲਾਤਾਂ 'ਚ, ਸਰਕਾਰ ਲਈ ਨਾਗਰਿਕਤਾ ਸਾਬਤ ਕਰਨ ਵਾਲਾ ਦਸਤਾਵੇਜ ਜਾਰੀ ਕਰਨ ਦਾ ਪ੍ਰਬੰਧ ਕਰਨਾ ਜਰੂਰੀ ਹੋ ਜਾਂਦਾ ਹੈ। ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਅਜਿਹੇ ਦਸਤਾਵੇਜ ਬਾਰੇ ਸਹਿਮਤੀ ਹੋਣੀ ਚਾਹੀਦੀ ਹੈ। ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਭਾਰਤ ਵਰਗੇ ਮੁਲਕ 'ਚ ਬਹੁਤ ਸਾਰੇ ਦਸਤਾਵੇਜ ਧੋਖਾਧੜੀ ਨਾਲ ਤਿਆਰ ਕਰ ਲਏ ਜਾਂਦੇ ਹਨ। ਅਜਿਹੇ ਹਾਲਾਤ ਵਿਚ ਇਕ ਹੀ ਸਰਟੀਫਿਕੇਟ ਹੋਣਾ ਚਾਹੀਦਾ ਹੈ, ਜੋ ਮੁਲਕ ਦੇ ਨਾਗਰਿਕਾਂ ਨੂੰ ਉਨ੍ਹਾਂ ਦੀ ਨਾਗਰਿਕਤਾ ਸਾਬਤ ਕਰਨ ਦੀ ਵਕਾਲਤ ਕਰਦਾ ਹੋਵੇ।

**ਸੰਜੇ ਗੁਪਤ**

# ਤਹੱਈਆ ਕਰਕੇ ਛੁੱਟਦੈ ਨਸ਼ਾ

ਨਸ਼ਾ ਤਸਕਰੀ ਅਤੇ ਨਸ਼ਾਖੋਰੀ ਵਿਰੋਧੀ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਮਕਸਦ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਣੂ ਕਰਵਾਉਣਾ ਅਤੇ ਸਮਾਜ ਨੂੰ ਇਸ ਬੁਰਾਈ ਦੇ ਖਿਲਾਫ ਇਕਜੁੱਟ ਕਰਨਾ ਹੈ, ਨਸ਼ਾ ਕੇਵਲ ਇਕ ਵਿਅਕਤੀ ਦੀ ਸਿਹਤ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਬਲਕਿ ਪਰਿਵਾਰਾਂ, ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਗੰਭੀਰ ਚੁਣੌਤੀ ਬਣ ਜਾਂਦਾ ਹੈ। ਅੱਜ ਨਸ਼ਿਆਂ ਦੀ ਸਮੱਸਿਆ ਵਿਸ਼ਵ ਪੱਧਰ 'ਤੇ ਚਿੰਤਾ ਦਾ ਵਿਸ਼ਾ ਹੈ, ਖਾਸਕਰ ਨੌਜਵਾਨ ਵਰਗ ਇਸ ਦੇ ਸਭ ਤੋਂ ਵੱਧ ਪ੍ਰਭਾਵ ਹੇਠ ਆ ਰਿਹਾ ਹੈ। ਬੇਰੁਜ਼ਗਾਰੀ, ਮਾੜੀ ਸੰਗਤ, ਤਣਾਅ, ਸਮਾਜਿਕ ਦਬਾਅ ਅਤੇ ਆਸਾਨੀ ਨਾਲ ਨਸ਼ੀਲੇ ਪਦਾਰਥਾਂ ਦੀ ਉਪਲਬਧਤਾ ਕਈ ਵਾਰ ਨੌਜਵਾਨਾਂ ਨੂੰ ਇਸ ਰਾਹ ਵੱਲ ਧੱਕ ਦਿੰਦੇ ਹਨ। ਨਸ਼ਿਆਂ ਦੀ ਲਤ ਇਨਸਾਨ ਦੀ ਸਰੀਰਕ, ਮਾਨਸਿਕ ਅਤੇ ਆਰਥਿਕ ਸਥਿਤੀ ਨੂੰ ਖੋਖਲਾ ਕਰ ਦਿੰਦੀ ਹੈ। ਇਸ ਕਾਰਨ ਅਪਰਾਧ, ਘਰੇਲੂ ਹਿੰਸਾ, ਸੜਕ ਹਾਦਸਿਆਂ ਅਤੇ ਸਮਾਜਿਕ ਅਸਥਿਰਤਾ 'ਚ ਵੀ ਵਾਧਾ ਹੁੰਦਾ ਹੈ। ਪੰਜਾਬ ਵਰਗੇ ਸੂਬੇ ਲਈ ਇਹ ਮੁੱਦਾ ਹੋਰ ਵੀ ਸੰਵੇਦਨਸ਼ੀਲ ਹੈ, ਪੰਜਾਬ ਦੀ ਨੌਜਵਾਨ ਸ਼ਕਤੀ ਦੇਸ਼ ਦੀ ਤਾਕਤ ਹੈ ਅਤੇ ਇਸ ਤਾਕਤ ਨੂੰ ਨਸ਼ਿਆਂ ਦੀ ਲਪੇਟ ਤੋਂ ਬਚਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਨੌਜਵਾਨਾਂ ਵੱਲੋਂ ਨਸ਼ੇ ਦੀ ਸ਼ੁਰੂਆਤ ਬੇਸ਼ੱਕ ਮੰਨੋਰੰਜਨ, ਨਕਲ, ਸ਼ੌਂਕ, ਫੁਕਰਾਪਣ ਜਾਂ ਕਿਸੇ ਅਸਫਲਤਾ ਕਾਰਨ ਕੀਤੀ ਜਾਂਦੀ ਹੈ ਪਰ ਬਾਅਦ 'ਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾਂ ਕਰ ਦਿੰਦੀ ਹੈ। ਜਦੋਂ ਨਸ਼ੇ ਦੀ ਪੂਰਤੀ ਨਹੀਂ ਹੁੰਦੀ ਤਾਂ ਨੌਜਵਾਨ ਅਤੇ ਕਿਸ਼ੋਰ ਬੇਖੌਫ ਅਪਰਾਧ ਜਿਵੇਂ ਚੋਰੀ, ਡਾਕਾ ਅਤੇ



ਲੁੱਟਾਂ-ਖੋਹਾਂ ਆਦਿ ਦਾ ਰਸਤਾ ਅਖਤਿਆਰ ਕਰ ਲੈਂਦੇ ਹਨ। ਨਸ਼ਿਆਂ ਨੇ ਕਈ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਹਨ। ਅਨੇਕਾਂ ਘਰਾਂ ਦੇ ਚੁੱਲ੍ਹੇ ਠੰਢੇ ਕਰ ਛੱਡੇ ਹਨ। ਭੁੱਕੀ, ਭੰਗ, ਅਫੀਮ, ਗਾਂਜਾ ਆਦਿ ਨਸ਼ਿਆਂ ਦੇ ਨਾਲ-ਨਾਲ ਹੁਣ ਸਿੰਥੈਟਿਕ ਡਰੱਗ ਅਤੇ ਮਹਿੰਗੇ ਨਸ਼ੇ ਚਰਸ, ਬਰਾਊਨ ਸ਼ੂਗਰ, ਸਮੈਕ, ਹੈਰੋਈਨ, ਟੀਕੇ, ਗੋਲੀਆਂ ਅਤੇ ਕੈਪਸੂਲ ਆਦਿ ਦੀ ਵਰਤੋਂ ਦਾ ਅੰਤ ਮੌਤ ਹੀ ਹੈ। ਸਰਕਾਰਾਂ ਵੱਲੋਂ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ, ਪੁਲਿਸ ਅਤੇ ਹੋਰ ਏਜੰਸੀਆਂ ਦੀ ਚੌਕਸੀ ਅਤੇ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਦੀ ਸਥਾਪਨਾ ਵਰਗੇ ਕਦਮ ਚੁੱਕੇ ਜਾ ਰਹੇ ਹਨ ਪਰ ਸਿਰਫ ਸਰਕਾਰੀ ਯਤਨ ਹੀ ਕਾਫੀ ਨਹੀਂ ਹਨ। ਇਸ ਸਮੱਸਿਆ ਦਾ ਹੱਲ ਸਮਾਜ ਦੇ ਹਰ ਵਰਗ ਦੀ ਹਿੱਸੇਦਾਰੀ ਨਾਲ ਸੰਭਵ ਹੈ, ਤਾਂ ਹੀ ਕਿਹਾ ਜਾਂਦਾ ਕੇ ਨਸ਼ੇ ਤੋਂ ਨਫਰਤ ਕਰੋ ਨਸ਼ੇ ਕਰਨ ਵਾਲੇ ਤੋਂ ਨਹੀਂ। ਨਸ਼ੇ ਕਰਨ ਵਾਲੇ ਕਿਸੇ ਵਿਅਕਤੀ ਨੂੰ ਨਸ਼ੇੜੀ ਜਾਂ ਅਮਲੀ ਕਹਿਣਾ ਵੀ ਗਲਤ ਹੈ। ਉਸ ਨੂੰ ਇਕ ਬਿਮਾਰ ਜਾਂ ਮਾਨਸਿਕ ਪੀੜਤ ਵਿਅਕਤੀ ਦੇ ਵਾਂਗ ਹੀ ਸਮਝਣਾ ਅਤੇ ਉਸ ਦਾ ਸਹੀ ਇਲਾਜ ਕਰਵਾਉਣਾ ਅਤੇ ਉਸ ਦੀ ਮਦਦ ਕਰਨੀ ਚਾਹੀਦੀ ਹੈ। ਨਸ਼ਿਆਂ ਦੀ ਦਲ-ਦਲ 'ਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ 'ਚ ਉਨ੍ਹਾਂ ਦਾ ਰੁਤਬਾ ਮੁੜ ਸੁਰਜੀਤ ਕਰਨ ਲਈ ਸਿਹਤ ਵਿਭਾਗ ਵੱਲੋਂ ਡਰੱਗ-ਡੀ-ਅਡਿਕਸ਼ਨ ਪ੍ਰੋਗਰਾਮ ਤਹਿਤ 'ਨਸ਼ਿਆ ਨੂੰ ਕਹੋ ਨਾਂਹ-ਜ਼ਿੰਦਗੀ ਨੂੰ ਕਹੋ ਹਾਂ' ਦਾ ਸੁਨੇਹਾ ਦਿੱਤਾ ਜਾਂਦਾ ਹੈ। ਪੰਜਾਬ 'ਚ ਨਸ਼ਾਂ ਪੀੜਤਾਂ ਦੇ ਮੁਫਤ ਇਲਾਜ ਲਈ ਮੁਹੱਈਆ ਸਰਕਾਰੀ ਅਤੇ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਨਸ਼ਾ ਛੁਡਾਓ ਕੇਂਦਰ (ਨਵ-ਜੀਵਨ ਕੇਂਦਰ), ਓਟ ਕਲੀਨਿਕ ਅਤੇ ਮੁੜ ਵਸੇਬਾ ਕੇਂਦਰਾਂ (ਨਵ-ਨਿਰਮਾਣ ਕੇਂਦਰ) ਤੇ ਇਨ੍ਹਾਂ ਸੰਸਥਾਵਾਂ 'ਚ ਸੇਵਾਵਾਂ ਦੇ ਰਹੇ ਮੈਡੀਕਲ, ਕੌਂਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ-ਮੈਡੀਕਲ ਸਟਾਫ ਭਰਤੀ ਕਰਨਾ ਇਕ ਸ਼ਲਾਘਾਯੋਗ ਉਪਰਾਲਾ ਹੈ। ਇਨ੍ਹਾਂ ਸੈਂਟਰਾਂ 'ਚ ਮਰੀਜ਼ਾਂ ਲਈ ਖਾਣਾ, ਮਨੋਰੰਜਨ ਦੀਆਂ ਸੁਵਿਧਾਵਾਂ, ਯੋਗਾ-ਕਸਰਤ ਅਤੇ ਸਮਾਜ 'ਚ ਵਿਚਰਨ ਅਤੇ ਰੋਜ਼ੀ-ਰੋਟੀ ਦੇ ਕਾਬਲ ਬਣਾਉਣ ਲਈ ਕਿੱਤਾ ਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਹ ਠੀਕ ਹੈ ਕਿ ਸਰਕਾਰ ਵੱਲੋਂ ਚਲਾਏ ਯੁੱਧ ਨਸ਼ਾ ਵਿਰੁੱਧ ਤਹਿਤ ਸਿੱਖਿਆ, ਸਮਾਜਸੇਵੀ ਸੰਸਥਾਵਾਂ, ਪੰਚਾਇਤਾਂ ਅਤੇ ਨਸ਼ਾ ਵਿਰੋਧੀ ਕਮੇਟੀਆਂ ਦੇ ਆਪਸੀ ਸਹਿਯੋਗ ਅਤੇ ਪੁਲਿਸ ਵਿਭਾਗ ਦੀ ਵਿਆਪਕ ਕਾਰਵਾਈ, ਇਕਜੁੱਟਤਾ, ਸਖਤੀ ਅਤੇ ਠੋਸ ਨੀਤੀ ਨੇ ਅਨੇਕਾਂ ਹੀ ਘਰਾਂ ਨੂੰ ਉਜੜਣ ਤੋਂ ਬਚਾਅ ਲਿਆ ਹੈ, ਜਿੰਨਾਂ ਨੇ ਤਾਂ ਸਮਾਂ ਸਾਂਭ ਲਿਆ ਅਤੇ ਦ੍ਰਿੜ-ਇੱਛਾ ਨਾਲ ਨਸ਼ਾ ਛੱਡਣ ਦਾ ਤਹੱਈਆ ਕੀਤਾ, ਉਨਾਂ ਵਿਚੋਂ ਕੁਝ ਕੁ ਇਲਾਜ ਅਧੀਨ ਹਨ ਅਤੇ ਬਹੁਤੇ ਤਾਂ ਤੰਦਰੁਸਤ ਹੋ ਕੇ ਆਪਣੇ-ਆਪਣੇ ਪਰਿਵਾਰਾਂ ਨਾਲ ਇਸ ਖੂਬਸੂਰਤ ਜ਼ਿੰਦਗੀ ਦਾ ਅਨੰਦ ਵੀ ਮਾਣ ਰਹੇ ਹਨ ਪਰ ਕਈ ਅਜੇ ਵੀ ਹਨ ਜੋ ਨਸ਼ੇ ਦੇ ਪ੍ਰਕੋਪ ਤੋਂ ਨਹੀਂ ਬਚ ਸਕੇ। ਆਓ ਹੰਭਲਾ ਮਾਰੀਏ, ਕਿਤੇ ਇਹ ਨਸ਼ਿਆਂ ਦੀ ਅੱਗ ਸਾਡੇ ਆਪਣੇ ਘਰ ਤੱਕ ਹੀ ਨਾ ਪਹੁੰਚ ਜਾਵੇ, ਡਰੱਗ ਮਾਫੀਆ ਅਜਗਰ ਬਣ ਸਾਡੇ ਬੱਚਿਆਂ ਨੂੰ ਨਿਗਲਦਾ ਜਾ ਰਿਹਾ ਹੈ।

**ਡਾ. ਪ੍ਰਭਦੀਪ ਸਿੰਘ ਚਾਵਲਾ**

# ਏ ਆਈ 'ਤੇ ਕਾਰਪੋਰੇਟ ਏਕਾਧਿਕਾਰ ਤੇ ਡਿਜੀਟਲ ਗੁਲਾਮੀ

ਅਜੋਕੇ ਸੰਸਾਰ ਵਿੱਚ ਮਸਨੂਈ ਬੁੱਧੀ (ਆਰਟੀਫੀਸੀਅਲ ਇੰਟੈਲੀਜੈਂਸ) ਅਤੇ ਨਾਮਵਰ ਤਕਨੀਕੀ ਕੰਪਨੀਆਂ ਅਜਿਹੀ ਸਕਤੀ ਬਣ ਚੁੱਕੀਆਂ ਹਨ, ਜੋ ਸਾਡੇ ਰੋਜਮੱਰ੍ਹਾ ਦੇ ਕੰਮਕਾਜ ਤੋਂ ਲੈ ਕੇ ਰਾਜਨੀਤੀ ਅਤੇ ਕੌਮਾਂਤਰੀ ਸਬੰਧਾਂ ਤੱਕ ਹਰ ਖੇਤਰ 'ਤੇ ਡੂੰਘਾ ਪ੍ਰਭਾਵ ਪਾ ਰਹੀਆਂ ਹਨ। ਫੋਨ 'ਤੇ ਵੀਡੀਓ ਸੁਝਾਅ ਦੇਣ ਤੋਂ ਲੈ ਕੇ ਡਾਕਟਰੀ ਤੇ ਕਾਨੂੰਨੀ ਸਲਾਹਾਂ ਅਤੇ ਯੁੱਧ ਨੀਤੀ ਤੱਕ, ਹਰ ਥਾਂ ਏ ਆਈ ਆਪਣੀ ਮੌਜੂਦਗੀ ਦਰਜ ਕਰਵਾ ਰਹੀ ਹੈ। ਬੇਸ਼ੱਕ, ਇਸ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਇਆ ਹੈ, ਪਰ ਇਸ ਦੇ ਨਾਲ ਇੱਕ ਗੰਭੀਰ ਸਵਾਲ ਵੀ ਖੜ੍ਹਾ ਹੁੰਦਾ ਹੈ ਕਿ ਕੀ ਇਹ ਤਕਨੀਕ ਆਮ ਲੋਕਾਂ ਦੇ ਭਲੇ ਲਈ ਹੈ ਜਾਂ ਫਿਰ ਕੁਝ ਕੰਪਨੀਆਂ ਅਤੇ ਤਾਕਤਵਰ ਮੁਲਕਾਂ ਲਈ ਮੁਨਾਫਾ ਕਮਾਉਣ ਦਾ ਸਾਧਨ ਮਾਤਰ ਹੈ? ਸਕਤੀ ਦੇ ਇਸ ਕੇਂਦਰੀਕਰਨ ਨੇ ਦੁਨੀਆ ਭਰ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ, ਜਿਸ ਨਾਲ ਸਿਆਸੀ ਅਤੇ ਆਰਥਿਕ ਚਿੰਤਾਵਾਂ ਲਗਾਤਾਰ ਵਧ ਰਹੀਆਂ ਹਨ।

ਇਸੇ ਚਰਚਾ ਦੇ ਚੱਲਦਿਆਂ ਅਮਰੀਕਾ ਦੇ ਸਾਬਕਾ ਰਾਸਟਰਪਤੀ ਜੋਅ ਬਾਇਡਨ ਨੇ ਜਨਵਰੀ 2025 ਵਿੱਚ ਆਪਣੇ ਵਿਦਾਇਗੀ ਭਾਸਣ ਦੌਰਾਨ ਇੱਕ ਮਹੱਤਵਪੂਰਨ ਚਿਤਾਵਨੀ ਦਿੱਤੀ ਸੀ। ਉਨ੍ਹਾਂ ਨੇ ਅਮਰੀਕਾ ਨੂੰ ਇੱਕ ਨਵੇਂ ਖਤਰੇ ਤੋਂ ਜਾਣੂ ਕਰਵਾਇਆ, ਇੱਕ ਅਜਿਹਾ ਉੱਭਰਦਾ 'ਟੈੱਕ-ਉਦਯੋਗਿਕ ਕੰਪਲੈਕਸ' ਜੋ ਲੋਕਤੰਤਰ ਲਈ ਗੰਭੀਰ ਚੁਣੌਤੀ ਬਣ ਰਿਹਾ ਹੈ। ਇਹ ਚਿਤਾਵਨੀ ਸਾਲ 1961 ਵਿੱਚ ਰਾਸਟਰਪਤੀ ਡੀ ਡੀ ਆਈਜਨਹਾਵਰ ਵੱਲੋਂ 'ਫੌਜੀ-ਉਦਯੋਗਿਕ ਕੰਪਲੈਕਸ' ਬਾਰੇ ਦਿੱਤੀ ਗਈ ਇਤਿਹਾਸਕ ਚਿਤਾਵਨੀ ਨਾਲ ਮੇਲ ਖਾਂਦੀ ਹੈ। ਬਾਇਡਨ ਅਨੁਸਾਰ, ਟੈੱਕ ਅਰਬਪਤੀਆਂ ਅਤੇ ਵਿਸਾਲ ਤਕਨੀਕੀ ਕੰਪਨੀਆਂ ਦੇ ਹੱਥਾਂ ਵਿੱਚ ਦੌਲਤ ਅਤੇ ਤਾਕਤ ਦਾ ਇਕੱਠਾ ਹੋਣਾ ਖਤਰਨਾਕ ਰੂਪ ਅਖਤਿਆਰ ਕਰ ਰਿਹਾ ਹੈ, ਜੋ ਲੋਕਾਂ ਦੇ ਬੁਨਿਆਦੀ ਹੱਕਾਂ ਅਤੇ ਬਰਾਬਰ ਦੇ ਮੌਕਿਆਂ ਨੂੰ ਢਾਹ ਲਾ ਸਕਦਾ ਹੈ। ਸੋਸਲ ਮੀਡੀਆ ਰਾਹੀਂ ਫੈਲ ਰਹੀਆਂ ਗਲਤ ਖਬਰਾਂ, ਬੱਚਿਆਂ ਤੇ ਪਰਿਵਾਰਾਂ 'ਤੇ ਪੈਂਦੇ ਇਸ ਦੇ ਮਾੜੇ ਪ੍ਰਭਾਵਾਂ ਅਤੇ ਮਸਨੂਈ ਬੁੱਧੀ ਨੂੰ ਆਪਣੇ ਦੌਰ ਦੀ ਸਭ ਤੋਂ ਵੱਡੀ ਚੁਣੌਤੀ ਮੰਨਦਿਆਂ ਬਾਇਡਨ ਨੇ ਇਸ ਨੂੰ ਸਮਾਜ ਅਤੇ ਆਰਥਿਕਤਾ ਲਈ ਵੱਡਾ ਖਤਰਾ ਦੱਸਿਆ। ਇਹ ਚਿੰਤਾ ਉਸ ਵੇਲੇ ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ ਜਦੋਂ ਮੌਜੂਦਾ ਟਰੰਪ ਪ੍ਰਸਾਸਨ ਵਿੱਚ ਐਲਨ ਮਸਕ ਵਰਗੇ ਤਕਨੀਕੀ ਜਗਤ ਦੇ ਮੋਹਰੀਆਂ ਦਾ ਪ੍ਰਭਾਵ ਸਪੱਸਟ ਨਜਰ ਆ ਰਿਹਾ ਹੈ। ਸਿਲੀਕੌਨ ਵੈਲੀ ਦੀਆਂ ਦਿੱਗਜ ਕੰਪਨੀਆਂ ਜਿਵੇਂ ਕਿ ਗੂਗਲ, ਮੈਟਾ, ਐਮਾਜੋਨ, ਮਾਈਕਰੋਸੌਫਟ, ਐਪਲ ਅਤੇ ਓਪਨਏਆਈ ਅੱਜ ਵਿਸਵ ਸਿਆਸਤ ਅਤੇ ਆਰਥਿਕਤਾ 'ਤੇ ਉਸੇ ਤਰ੍ਹਾਂ ਹਾਵੀ ਹਨ, ਜਿਵੇਂ ਕਿਸੇ ਵੇਲੇ ਤੇਲ, ਆਟੋਮੋਬਾਈਲ ਅਤੇ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਹੁੰਦੀਆਂ ਸਨ। ਫਰਕ ਸਿਰਫ ਇੰਨਾ ਹੈ ਕਿ ਹੁਣ ਰਵਾਇਤੀ ਹਥਿਆਰਾਂ ਦੀ ਥਾਂ ਡੇਟਾ, ਐਲਗੋਰਿਦਮ ਅਤੇ ਕਲਾਊਡ ਸੇਵਾਵਾਂ ਨੇ ਲੈ ਲਈ ਹੈ। ਇਹ ਕੰਪਨੀਆਂ ਸਾਡੀ ਰੋਜਾਨਾ ਜੀਵਨ ਸੈਲੀ ਤੋਂ ਲੈ ਕੇ ਸਾਡੀਆਂ ਨਿੱਜੀ ਭਾਵਨਾਵਾਂ ਤੱਕ ਹਰ ਗਤੀਵਿਧੀ 'ਤੇ ਨਜਰ ਰੱਖ ਰਹੀਆਂ ਹਨ। ਸਾਡੇ ਕਲਿੱਕਾਂ, ਲਾਈਕਾਂ ਅਤੇ ਆਪਸੀ ਗੱਲਬਾਤ ਤੋਂ ਡੇਟਾ ਇਕੱਠਾ ਕਰਕੇ ਇਹ ਕੰਪਨੀਆਂ ਆਪਣੇ ਏ ਆਈ ਮਾਡਲਾਂ ਨੂੰ ਸਿੱਖਿਅਤ ਕਰਦੀਆਂ ਅਤੇ ਇਸੇ ਤੋਂ ਅੰਨ੍ਹਾ ਮੁਨਾਫਾ ਕਮਾਉਂਦੀਆਂ ਹਨ।




ਇਸ ਪ੍ਰਕਿਰਿਆ ਨੇ ਪੁਰਾਣੇ ਫੌਜੀ-ਉਦਯੋਗਿਕ ਗੱਠਜੋੜ ਨੂੰ ਤਕਨਾਲੋਜੀ ਨਾਲ ਜੋੜ ਕੇ ਨਵਾਂ ਵਿਕਰਾਲ ਰੂਪ ਦੇ ਦਿੱਤਾ ਹੈ। ਮਿਸਾਲ ਵਜੋਂ, ਮਸਨੂਈ ਬੁੱਧੀ ਦਾ ਜਿਹੜਾ ਮਾਡਲ ਤੁਹਾਨੂੰ ਔਨਲਾਈਨ ਖਰੀਦਦਾਰੀ ਦੇ ਸੁਝਾਅ ਦਿੰਦਾ ਹੈ, ਉਹੀ ਮਾਡਲ ਫੌਜ ਲਈ ਡਰੋਨਾਂ ਰਾਹੀਂ ਦੁਸਮਣ ਦੇ ਨਿਸਾਨੇ ਤੈਅ ਕਰਨ ਵਿੱਚ ਵੀ ਮਦਦ ਕਰ ਰਿਹਾ ਹੈ। ਅਮਰੀਕਾ ਵਿੱਚ 'ਪੈਲੈਂਟੀਰ' ਅਤੇ 'ਗੂਗਲ' ਵਰਗੀਆਂ ਕੰਪਨੀਆਂ ਰੱਖਿਆ ਵਿਭਾਗ ਨਾਲ ਵੱਡੇ ਸਮਝੌਤੇ ਕਰ ਰਹੀਆਂ ਹਨ ਜਦੋਂਕਿ ਦੂਜੇ ਪਾਸੇ ਚੀਨ ਵੀ ਆਪਣੀ ਏ ਆਈ ਤਕਨਾਲੋਜੀ ਦੀ ਵਰਤੋਂ ਰਾਜਨੀਤਿਕ ਨਿਗਰਾਨੀ ਅਤੇ ਫੌਜੀ ਉਦੇਸਾਂ ਲਈ ਬੜੀ ਤੇਜੀ ਨਾਲ ਕਰ ਰਿਹਾ ਹੈ। ਇਸ ਤਰ੍ਹਾਂ ਤਕਨਾਲੋਜੀ ਭੂ-ਸਿਆਸੀ ਮੈਦਾਨ ਵਿੱਚ ਫੈਸਲਾਕੁਨ ਭੂਮਿਕਾ ਨਿਭਾਉਣ ਲੱਗੀ ਹੈ, ਜੋ ਅਮਰੀਕਾ-ਚੀਨ ਦਰਮਿਆਨ ਆਧੁਨਿਕ ਤਕਨੀਕੀ ਜੰਗ ਦਾ ਮੁੱਖ ਧੁਰਾ ਬਣ ਚੁੱਕੀ ਹੈ।

ਕਿਰਤ ਦਾ ਸੰਕਲਪ ਹੁਣ ਰਵਾਇਤੀ ਸਰੀਰਕ ਮੁਸੱਕਤ ਦੇ ਦਾਇਰੇ ਤੋਂ ਨਿਕਲ ਕੇ ਜਟਿਲ ਡਿਜੀਟਲ ਪ੍ਰਬੰਧ ਵਿੱਚ ਤਬਦੀਲ ਹੋ ਚੁੱਕਾ ਹੈ। ਭਾਵੇਂ ਖੇਤੀਬਾੜੀ, ਉਸਾਰੀ ਅਤੇ ਲੌਜਿਸਟਿਕਸ ਵਰਗੇ ਖੇਤਰਾਂ ਵਿੱਚ ਮਨੁੱਖੀ ਮਿਹਨਤ ਅੱਜ ਵੀ ਬੁਨਿਆਦ ਹੈ, ਪਰ ਹੁਣ ਇਸ ਦੀ ਗਤੀ ਅਤੇ ਦਿਸਾ ਐਲਗੋਰਿਦਮ ਤੈਅ ਕਰਦੇ ਹਨ। ਅੱਜ ਦਾ ਮਜਦੂਰ ਸਿਰਫ ਪਸੀਨਾ ਹੀ ਨਹੀਂ ਵਹਾਉਂਦਾ ਸਗੋਂ ਆਪਣੇ ਹਰ ਕਦਮ ਨਾਲ 'ਡੇਟਾ' ਪੈਦਾ ਕਰਦਾ ਹੈ, ਜੋ ਕੰਪਨੀਆਂ ਦੇ ਮੁਨਾਫੇ ਵਧਾਉਣ ਦਾ ਮੁੱਖ ਸੰਦ ਬਣਦਾ ਹੈ। ਡਿਜੀਟਲ ਯੁੱਗ ਨੇ ਸਰੀਰਕ ਕਿਰਤ ਨੂੰ ਖਤਮ ਨਹੀਂ ਕੀਤਾ, ਸਗੋਂ ਇਸ ਨੂੰ ਤਕਨੀਕੀ ਨਿਗਰਾਨੀ ਦੇ ਢਾਂਚੇ ਵਿੱਚ ਪਰੋ ਦਿੱਤਾ ਹੈ ਜਿੱਥੇ ਕੰਮ ਦੀ ਪ੍ਰਕਿਰਤੀ ਅਤੇ ਮੁੱਲ ਦੋਵੇਂ ਬਦਲ ਗਏ ਹਨ। ਹੁਣ ਮਾਨਸਿਕ ਅਤੇ ਡਿਜੀਟਲ ਕਿਰਤ ਰਵਾਇਤੀ ਕੰਮਾਂ ਨੂੰ ਨਵੇਂ ਢੰਗ ਨਾਲ ਸੰਗਠਿਤ ਕਰ ਰਹੀ ਹੈ। ਲੋਕ ਆਪਣੇ ਗਿਆਨ, ਰਚਨਾਤਮਕਤਾ ਅਤੇ ਵਿਹਾਰ ਰਾਹੀਂ ਜੋ ਡੇਟਾ ਉਤਪੰਨ ਕਰਦੇ ਹਨ, ਕੰਪਨੀਆਂ ਉਸ ਦੀ ਵਰਤੋਂ ਆਪਣੀਆਂ ਮਸੀਨਾਂ ਨੂੰ ਸਿਖਾਉਣ ਲਈ ਕਰਦੀਆਂ ਹਨ। ਇਸ ਤਰ੍ਹਾਂ ਆਮ ਲੋਕਾਂ ਦਾ ਸਮਾਂ ਅਤੇ ਧਿਆਨ ਵੀ ਇੱਕ ਕਿਸਮ ਦੀ 'ਮੁਫਤ ਮਜਦੂਰੀ' ਬਣ ਗਿਆ ਹੈ, ਜਿਸ ਨਾਲ ਤਕਨੀਕੀ ਕੰਪਨੀਆਂ ਦੀ ਕਮਾਈ ਤਾਂ ਵਧ ਰਹੀ ਹੈ ਪਰ ਉਸ ਲਾਭ ਵਿੱਚ ਆਮ ਲੋਕਾਂ ਦਾ ਹਿੱਸਾ ਨਿਗੂਣਾ ਹੈ। ਨਤੀਜੇ ਵਜੋਂ, ਟੈੱਕ ਅਰਬਪਤੀਆਂ ਦੀ ਤਾਕਤ ਵਧ ਰਹੀ ਹੈ, ਪਰ 'ਗਿੱਗ ਇਕੌਨੌਮੀ' ਦੇ ਕਾਮੇ ਨਿਊਨਤਮ ਉਜਰਤਾਂ 'ਤੇ ਰਹਿ ਗਏ ਹਨ, ਜਿਸ ਨੇ ਵਰਗ-ਵੰਡ ਨੂੰ ਡੂੰਘੇਰਾ ਕਰ ਦਿੱਤਾ ਹੈ।

ਇਹ ਕੰਪਨੀਆਂ 'ਧਿਆਨ ਦੀ ਆਰਥਿਕਤਾ' ਰਾਹੀਂ ਲੋਕਾਂ ਦੀਆਂ ਰੁਚੀਆਂ, ਗੁੱਸੇ ਅਤੇ ਡਰ ਨੂੰ ਸਮਝ ਕੇ ਉਹੀ ਸਮੱਗਰੀ ਸਾਹਮਣੇ ਲਿਆਉਂਦੀਆਂ ਹਨ, ਜਿਸ ਨਾਲ ਯੂਜਰ ਪਲੇਟਫਾਰਮ ਉੱਤੇ ਵੱਧ ਤੋਂ ਵੱਧ ਸਮਾਂ ਬਿਤਾਵੇ। ਇਹ ਪ੍ਰਣਾਲੀ ਸਾਡੀਆਂ ਟਿੱਪਣੀਆਂ, ਸਿਆਸੀ ਰੁਝਾਨਾਂ ਅਤੇ ਖਪਤ ਦੀਆਂ ਆਦਤਾਂ ਨੂੰ ਪ੍ਰਭਾਵਿਤ ਕਰਦੀ ਹੈ। ਗਲਤ ਖਬਰਾਂ ਅਤੇ ਭਰਮ ਫੈਲਾਉਣ ਵਾਲੇ ਇਸ ਤੰਤਰ ਨੇ ਸਮਾਜਿਕ ਉਲਝਣ ਨੂੰ ਬਹੁਤ ਵਧਾ ਦਿੱਤਾ ਹੈ। ਦਰਅਸਲ, ਇਹ 'ਨਿਗਰਾਨੀ ਪੂੰਜੀਵਾਦ' ਦਾ ਉਹ ਰੂਪ ਹੈ ਜਿੱਥੇ ਮਨੁੱਖੀ ਨਿੱਜਤਾ 'ਤੇ ਇਸ ਕਦਰ ਡਾਕਾ ਮਾਰਿਆ ਜਾਂਦਾ ਹੈ ਕਿ ਤੁਹਾਡਾ ਹਰ ਛੋਟਾ ਕੰਮ ਡੇਟਾ ਬਣ ਕੇ ਉਨ੍ਹਾਂ ਦੇ ਮੁਨਾਫੇ ਦਾ ਸਾਧਨ ਬਣ ਜਾਂਦਾ ਹੈ।

ਆਲਮੀ ਪੱਧਰ 'ਤੇ ਵੀ ਇਸ ਦਾ ਅਸਰ ਸਪੱਸਟ ਹੈ। ਤੀਜੀ ਦੁਨੀਆ ਦੇ ਦੇਸਾਂ ਵਿੱਚ ਤਕਨੀਕੀ ਕੰਪਨੀਆਂ 'ਮੁਫਤ ਇੰਟਰਨੈੱਟ' ਦੇ ਨਾਂ 'ਤੇ ਲੋਕਾਂ ਦਾ ਕੀਮਤੀ ਡੇਟਾ ਇਕੱਠਾ ਕਰਕੇ ਲਾਹਾ ਖੱਟ ਰਹੀਆਂ ਹਨ। ਇਹ ਇੱਕ ਤਰ੍ਹਾਂ ਦਾ ਡਿਜੀਟਲ ਬਸਤੀਵਾਦ ਹੈ, ਜਿਸ ਰਾਹੀਂ ਉਹ ਇਨ੍ਹਾਂ ਮੁਲਕਾਂ 'ਤੇ ਆਪਣਾ ਪ੍ਰਭਾਵ ਵਧਾ ਰਹੀਆਂ ਹਨ। ਖਾੜੀ ਦੇਸਾਂ ਅਤੇ ਇਰਾਨ ਵਰਗੀਆਂ ਥਾਵਾਂ ਉੱਤੇ ਏ ਆਈ ਨੂੰ ਨਿਗਰਾਨੀ ਕਰਨ ਅਤੇ ਵਿਰੋਧੀ ਆਵਾਜਾਂ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ, ਜਿਸ ਵਿੱਚ ਪੱਛਮੀ ਤਕਨੀਕੀ ਕੰਪਨੀਆਂ ਸਹਿਯੋਗ ਦੇ ਰਹੀਆਂ ਹਨ। ਮਿਸਾਲ ਵਜੋਂ 'ਸਟਾਰਲਿੰਕ' ਨੇ ਖੁਦ ਨੂੰ ਸਰਬਉੱਚ ਮੰਨ ਕੇ ਇਰਾਨ ਦੀ ਰਾਜਸੱਤਾ ਦੀ ਮਨਜੂਰੀ ਤੋਂ ਬਿਨਾਂ ਹੀ ਉੱਥੇ ਆਪਣੀਆਂ ਸੇਵਾਵਾਂ ਪਹੁੰਚਾਉਣ ਦਾ ਫੈਸਲਾ ਕੀਤਾ। ਜੇਕਰ ਇਸ ਅਸੀਮ ਅਤੇ ਅਥਾਹ ਸਕਤੀ ਉੱਤੇ ਸਿਰਫ ਸਰਮਾਏਦਾਰ ਵਰਗ ਦਾ ਗਲਬਾ ਰਿਹਾ ਤਾਂ ਇਹ ਮਨੁੱਖਤਾ ਨੂੰ 'ਸਵੈ-ਇੱਛਤ ਡਿਜੀਟਲ ਗੁਲਾਮੀ' ਵੱਲ ਧੱਕ ਦੇਵੇਗੀ, ਜਿੱਥੇ ਲੋਕ ਬਿਨਾਂ ਕਿਸੇ ਜਬਰ ਦੇ ਖੁਦ ਐਲਗੋਰਿਦਮਾਂ ਦੇ ਅਧੀਨ ਹੋਣਾ ਪ੍ਰਵਾਨ ਕਰ ਲੈਣਗੇ। ਅਜਿਹੀ ਸਥਿਤੀ ਵਿੱਚ ਮਨੁੱਖ ਦੀ ਮੌਲਿਕ ਸੋਚ, ਸਿਰਜਣਾਤਮਕਤਾ ਅਤੇ ਆਜਾਦ ਚੇਤਨਾ ਹੌਲੀ-ਹੌਲੀ ਦਮ ਤੋੜ ਦੇਵੇਗੀ। ਇਸ ਗੰਭੀਰ ਚੁਣੌਤੀ ਦਾ ਅਸਲ ਸਥਾਈ ਹੱਲ ਇਹ ਹੈ ਕਿ ਮਸਨੂਈ ਬੁੱਧੀ, ਡੇਟਾ ਪ੍ਰਣਾਲੀ ਅਤੇ ਇਨ੍ਹਾਂ ਵਿਸਾਲ ਬਹੁ-ਕੌਮੀ ਤਕਨੀਕੀ ਕੰਪਨੀਆਂ ਨੂੰ ਨਿੱਜੀ ਮਲਕੀਅਤ ਦੇ ਸ਼ਿਕੰਜੇ ਵਿੱਚੋਂ ਮੁਕਤ ਕਰਵਾ ਕੇ ਜਨਤਕ ਅਤੇ ਸਾਂਝੀ ਮਲਕੀਅਤ ਅਧੀਨ ਲਿਆਂਦਾ ਜਾਵੇ।

ਭੂ-ਸਿਆਸੀ ਪੱਧਰ 'ਤੇ ਵੀ ਇਸ ਸਕਤੀ ਦਾ ਵਿਕੇਂਦਰੀਕਰਨ ਅਤੇ ਨਿਆਂਪੂਰਨ ਵੰਡ ਹੋਣੀ ਬੇਹੱਦ ਲਾਜਮੀ ਹੈ। ਅਜੋਕੇ ਦੌਰ ਵਿੱਚ ਕੁਝ ਮੁਲਕਾਂ ਅਤੇ ਕਾਰਪੋਰੇਟ ਘਰਾਣਿਆਂ ਨੇ ਇਸ ਤਕਨਾਲੋਜੀ 'ਤੇ ਆਪਣਾ ਏਕਾਧਿਕਾਰ ਜਮਾਇਆ ਹੋਇਆ ਹੈ, ਜੋ ਵਿਸਵ ਸ਼ਾਂਤੀ ਅਤੇ ਜਮਹੂਰੀਅਤ ਲਈ ਵੱਡਾ ਖਤਰਾ ਹੈ। ਜਦੋਂ ਤੱਕ ਮਸਨੂਈ ਬੁੱਧੀ ਦੀ ਲਗਾਮ ਕੁਝ ਤਾਕਤਵਰ ਹੱਥਾਂ ਵਿੱਚ ਰਹੇਗੀ, ਉਦੋਂ ਤੱਕ ਇਸ ਦੀ ਵਰਤੋਂ ਜੰਗਾਂ, ਨਿਗਰਾਨੀ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਹੁੰਦੀ ਰਹੇਗੀ। ਅਜਿਹਾ ਕਰਕੇ ਹੀ ਮਸਨੂਈ ਬੁੱਧੀ ਨੂੰ ਨਵੇਂ ਸਾਮਰਾਜਵਾਦੀ ਹਥਿਆਰ ਵਜੋਂ ਵਰਤੇ ਜਾਣ ਤੋਂ ਰੋਕਿਆ ਅਤੇ ਮਨੁੱਖੀ ਆਜਾਦੀ, ਬਰਾਬਰੀ ਤੇ ਮੁਕਤੀ ਦਾ ਸੱਚਾ ਵਸੀਲਾ ਬਣਾਇਆ ਜਾ ਸਕਦਾ ਹੈ। ਅਜਿਹੇ ਨਿਆਂਸੀਲ, ਚੇਤੰਨ ਅਤੇ ਸੁਰੱਖਿਅਤ ਭਵਿੱਖ ਦੀ ਸਿਰਜਣਾ ਲਈ ਅੱਜ ਵਿਸਵ ਭਰ ਦੇ ਲੋਕਾਂ ਨੂੰ ਇੱਕਜੁੱਟ ਹੋ ਕੇ ਇਸ ਨਵੀਂ ਡਿਜੀਟਲ ਚੁਣੌਤੀ ਖਿਲਾਫ ਇੱਕ ਵਿਆਪਕ ਆਵਾਜ ਬੁਲੰਦ ਕਰਨੀ ਪਵੇਗੀ। ਸਮਾਂ ਆ ਗਿਆ ਹੈ ਕਿ ਤਕਨਾਲੋਜੀ ਦੇ ਵਿਕਾਸ ਨੂੰ ਮੁੱਠੀ ਭਰ ਮੁਨਾਫਾਖੋਰਾਂ ਦੀਆਂ ਤਿਜੋਰੀਆਂ ਭਰਨ ਦਾ ਸਾਧਨ ਬਣਨ ਤੋਂ ਰੋਕਿਆ ਜਾਵੇ ਅਤੇ ਇਸ ਦਾ ਰੁਖ ਸਮੁੱਚੀ ਲੋਕਾਈ ਦੇ ਭਲੇ ਤੇ ਇੱਕ ਸੁਖਾਵੇਂ ਸੰਸਾਰ ਦੀ ਸਿਰਜਣਾ ਵੱਲ ਮੋੜਿਆ ਜਾਵੇ।

ਇੱਕ ਹੈਰਾਨਕੁਨ ਤੱਥ ਇਹ ਹੈ ਕਿ ਮਹਿਜ ਗੂਗਲ, ਮੈਟਾ ਅਤੇ ਐਮਾਜੋਨ ਵਰਗੀਆਂ ਤਿੰਨ ਵੱਡੀਆਂ ਕੰਪਨੀਆਂ ਅੱਜ ਦੁਨੀਆ ਭਰ ਦੇ ਲਗਪਗ 8 ਅਰਬ ਲੋਕਾਂ ਦੀ ਰੋਜਾਨਾ ਡਿਜੀਟਲ ਗਤੀਵਿਧੀ 'ਤੇ ਨਜਰ ਰੱਖ ਰਹੀਆਂ ਹਨ। ਇਸ ਡੇਟਾ ਦੇ ਸਿਰ 'ਤੇ ਇਹ ਕੰਪਨੀਆਂ ਹਰ ਸਾਲ ਲੱਖਾਂ-ਕਰੋੜਾਂ ਡਾਲਰਾਂ ਦਾ ਮੁਨਾਫਾ ਕਮਾਉਂਦੀਆਂ ਹਨ ਜਦੋਂਕਿ ਇਸ ਡੇਟਾ ਨੂੰ ਪੈਦਾ ਕਰਨ ਵਾਲੇ ਅਰਬਾਂ ਲੋਕਾਂ ਨੂੰ ਬਦਲੇ ਵਿੱਚ ਇੱਕ ਧੇਲਾ ਵੀ ਹਾਸਲ ਨਹੀਂ ਹੁੰਦਾ। ਮੌਜੂਦਾ ਦੌਰ ਵਿੱਚ ਆਰਟੀਫੀਸੀਅਲ ਇੰਟੈਲੀਜੈਂਸ ਦੀ ਜੰਗ ਅਤੇ ਹਥਿਆਰਾਂ ਵਜੋਂ ਵਰਤੋਂ ਸਭ ਤੋਂ ਵੱਡਾ ਖਤਰਾ ਬਣ ਕੇ ਉੱਭਰੀ ਹੈ। ਇਜਰਾਈਲ ਵੱਲੋਂ ਗਾਜਾ ਪੱਟੀ ਵਿੱਚ ਵਰਤੀ ਗਈ 'ਲੈਵੈਂਡਰ' ਪ੍ਰਣਾਲੀ ਵਰਗੀਆਂ ਤਕਨੀਕਾਂ ਮਨੁੱਖੀ ਦਖਲ ਤੋਂ ਬਿਨਾਂ ਹੀ ਖੁਦਮੁਖਤਿਆਰ ਤਰੀਕੇ ਨਾਲ ਨਿਸਾਨੇ ਚੁਣ ਰਹੀਆਂ ਹਨ। 'ਲੈਵੈਂਡਰ' ਅਸਲ ਵਿੱਚ ਏ ਆਈ ਆਧਾਰਿਤ ਨਿਸਾਨਾਬੰਦੀ ਪ੍ਰਣਾਲੀ ਹੈ, ਜਿਸ ਨੂੰ ਇਜਰਾਈਲੀ ਫੌਜ ਦੀ ਨਿਪੁੰਨ ਖੁਫੀਆ ਇਕਾਈ 'ਯੂਨਿਟ 8200' ਨੇ ਵਿਕਸਿਤ ਕੀਤਾ ਹੈ। ਇਹ ਪ੍ਰਣਾਲੀ ਵੱਡੇ ਪੱਧਰ 'ਤੇ ਉਪਲਬਧ ਨਿਗਰਾਨੀ ਡੇਟਾ ਦਾ ਵਿਸਲੇਸਣ ਕਰਕੇ ਫਲਸਤੀਨੀਆਂ ਨੂੰ ਹਮਾਸ ਜਾਂ ਇਸਲਾਮਿਕ ਜਹਾਦ ਨਾਲ ਜੋੜਦੀ ਅਤੇ ਉਨ੍ਹਾਂ ਨੂੰ ਫੌਜੀ ਨਿਸਾਨਿਆਂ ਵਜੋਂ ਚਿੰਨ੍ਹਿਤ ਕਰਦੀ ਹੈ। ਰਿਪੋਰਟਾਂ ਮੁਤਾਬਿਕ ਜੰਗ ਦੇ ਸੁਰੂਆਤੀ ਹਫਤਿਆਂ ਦੌਰਾਨ ਇਸ ਪ੍ਰਣਾਲੀ ਨੇ ਲਗਪਗ 37,000 ਫਲਸਤੀਨੀਆਂ ਨੂੰ ਸੱਕੀ ਮੈਂਬਰਾਂ ਵਜੋਂ ਚਿੰਨ੍ਹਿਤ ਕੀਤਾ ਅਤੇ ਉਨ੍ਹਾਂ ਦੇ ਘਰਾਂ ਨੂੰ ਬੰਬਾਰੀ ਦਾ ਨਿਸਾਨਾ ਬਣਾਇਆ ਗਿਆ। ਇਸ ਪ੍ਰਕਿਰਿਆ ਨੇ ਫੌਜੀ ਫੈਸਲਿਆਂ ਵਿੱਚ ਮਨੁੱਖੀ ਸੰਵੇਦਨਾ ਤੇ ਸੋਚ ਨੂੰ ਬਹੁਤ ਸੀਮਤ ਕਰ ਦਿੱਤਾ, ਜਿਸ ਕਾਰਨ ਵੱਡੀ ਗਿਣਤੀ ਬੇਗੁਨਾਹ ਨਾਗਰਿਕਾਂ ਦੀਆਂ ਮੌਤਾਂ ਹੋਈਆਂ। ਇਸ ਤੋਂ ਇਲਾਵਾ, ਸਾਈਬਰ ਹਮਲੇ ਅਤੇ ਖੁਦਮੁਖਤਿਆਰ ਡਰੋਨ ਵੀ ਹੁਣ ਏਆਈ ਰਾਹੀਂ ਸੰਚਾਲਿਤ ਹੋ ਰਹੇ ਹਨ। ਇਹ ਸਭ ਕੁਝ ਆਲਮੀ ਭੂ-ਸਿਆਸਤ ਵਿੱਚ ਸਕਤੀ ਪ੍ਰਦਰਸਨ ਦੀ ਨਵੀਂ ਖੇਡ ਬਣ ਚੁੱਕਾ ਹੈ, ਜਿਸ ਵਿੱਚ ਅਮਰੀਕਾ, ਚੀਨ ਅਤੇ ਰੂਸ ਵਰਗੇ ਸਕਤੀਸਾਲੀ ਮੁਲਕ ਇਸ ਤਕਨਾਲੋਜੀ ਨੂੰ ਆਪਣੇ ਸਿਆਸੀ ਮਨੋਰਥਾਂ ਲਈ ਵਰਤ ਰਹੇ ਹਨ।

ਜੇਕਰ ਇਸ ਬੇਅੰਤ ਤਾਕਤ ਉੱਤੇ ਪੂੰਜੀਵਾਦੀ ਵਰਗ ਦਾ ਗਲਬਾ ਬਣਿਆ ਰਿਹਾ ਤਾਂ ਇਹ ਮਨੁੱਖਤਾ ਨੂੰ ਇੱਕ ਅਜਿਹੀ 'ਸਵੈ-ਇੱਛਿਤ ਡਿਜੀਟਲ ਗੁਲਾਮੀ' ਵੱਲ ਧੱਕ ਦੇਵੇਗਾ ਜਿੱਥੇ ਲੋਕ ਖੁਦ ਐਲਗੋਰਿਦਮਾਂ ਦੇ ਅਧੀਨ ਹੋਣਾ ਪ੍ਰਵਾਨ ਕਰ ਲੈਣਗੇ ਅਤੇ ਉਨ੍ਹਾਂ ਦੀ ਸੁਤੰਤਰ ਸੋਚ ਦਾ ਦਾਇਰਾ ਸੁੰਗੜਦਾ ਜਾਵੇਗਾ। ਲਿਹਾਜਾ, ਇਸ ਦਾ ਅਸਲ ਹੱਲ ਏ ਆਈ, ਡੇਟਾ ਅਤੇ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਪੂੰਜੀਪਤੀਆਂ ਦੀ ਨਿੱਜੀ ਮਲਕੀਅਤ ਵਿੱਚੋਂ ਮੁਕਤ ਕਰਵਾ ਕੇ ਜਨਤਕ/ਸਾਂਝੀ ਮਲਕੀਅਤ ਅਧੀਨ ਲਿਆਉਣਾ ਹੈ। ਸਿਰਫ ਇਸੇ ਰੂਪ ਵਿੱਚ ਇਸ ਉੱਨਤ ਤਕਨਾਲੋਜੀ ਨੂੰ ਲੋਕ-ਭਲਾਈ, ਸਮਾਜਿਕ ਬਰਾਬਰੀ ਅਤੇ ਮਨੁੱਖੀ ਵਿਕਾਸ ਦੇ ਲੇਖੇ ਲਾਇਆ ਜਾ ਸਕਦਾ ਹੈ। ਭੂ-ਸਿਆਸੀ ਪੱਧਰ 'ਤੇ ਵੀ ਇਸ ਸਕਤੀ ਨੂੰ ਬਰਾਬਰੀ ਦੇ ਆਧਾਰ 'ਤੇ ਵੰਡਣਾ ਲਾਜਮੀ ਹੈ ਤਾਂ ਜੋ ਇਹ ਕੁਝ ਗਿਣੇ-ਚੁਣੇ ਦੇਸਾਂ ਅਤੇ ਕਾਰਪੋਰੇਸਨਾਂ ਦਾ ਏਕਾਧਿਕਾਰ ਨਾ ਬਣ ਸਕੇ। ਇਸ ਰਣਨੀਤੀ ਰਾਹੀਂ ਹੀ ਏ ਆਈ ਨੂੰ ਮਨੁੱਖਤਾ ਦੀ ਮੁਕਤੀ ਦਾ ਸਾਧਨ ਬਣਾਇਆ ਜਾ ਸਕਦਾ ਹੈ, ਨਾ ਕਿ ਕਿਸੇ ਨਵੀਂ ਦਮਨਕਾਰੀ ਸਕਤੀ ਦਾ ਹਥਿਆਰ।

ਹਰਸ਼ਵਿੰਦਰ

# ਆਜ਼ਾਦ ਭਾਰਤ ਵਿੱਚ ਫਾਂਸੀ ਦੀ ਸਜ਼ਾ ਪਾਉਣ ਵਾਲੀਆਂ ਔਰਤਾਂ

ਭਾਰਤ ਦੇ ਇਤਿਹਾਸ ਵਿੱਚ ਫਾਂਸੀ ਦੀ ਸਜਾ ਹਮੇਸਾ ਹੀ ਸਭ ਤੋਂ ਕਠੋਰ ਅਤੇ ਚਰਚਿਤ ਸਜਾ ਮੰਨੀ ਜਾਂਦੀ ਰਹੀ ਹੈ। ਆਜਾਦੀ ਤੋਂ ਬਾਅਦ ਦੇਸ ਵਿੱਚ ਬਹੁਤ ਘੱਟ ਔਰਤਾਂ ਅਜਿਹੀਆਂ ਰਹੀਆਂ ਹਨ ਜਿਨ੍ਹਾਂ ਨੂੰ ਅਦਾਲਤਾਂ ਵੱਲੋਂ ਮੌਤ ਦੀ ਸਜਾ ਸੁਣਾਈ ਗਈ ਹੋਵੇ। ਪਰ ਜਿਨ੍ਹਾਂ ਮਹਿਲਾਵਾਂ ਦੇ ਨਾਮ ਇਸ ਸੂਚੀ ਵਿੱਚ ਦਰਜ ਹਨ, ਉਨ੍ਹਾਂ ਦੇ ਜੁਰਮਾਂ ਨੇ ਪੂਰੇ ਦੇਸ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਨ੍ਹਾਂ ਮਾਮਲਿਆਂ ਨੇ ਨਾ ਸਿਰਫ ਕਾਨੂੰਨੀ ਪ੍ਰਣਾਲੀ ਨੂੰ ਚੁਣੌਤੀ ਦਿੱਤੀ, ਸਗੋਂ ਸਮਾਜ ਨੂੰ ਵੀ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਮਨੁੱਖ ਕਿੰਨਾ ਨਿਰਦਈ ਹੋ ਸਕਦਾ ਹੈ।

**ਰਤਨ ਬਾਈ ਜੈਨ: ਆਜਾਦ ਭਾਰਤ ਵਿੱਚ ਫਾਂਸੀ ਪਾਉਣ ਵਾਲੀ ਪਹਿਲੀ ਔਰਤ**

ਰਤਨ ਬਾਈ ਜੈਨ ਦਾ ਨਾਮ ਆਜਾਦ ਭਾਰਤ ਦੇ ਇਤਿਹਾਸ ਵਿੱਚ ਇੱਕ ਖੌਫਨਾਕ ਅਧਿਆਇ ਵਜੋਂ ਦਰਜ ਹੈ। ਉਸ ਨੂੰ ਆਜਾਦ ਭਾਰਤ ਵਿੱਚ ਫਾਂਸੀ ਦਿੱਤੀ ਜਾਣ ਵਾਲੀ ਪਹਿਲੀ ਮਹਿਲਾ ਮੰਨਿਆ ਜਾਂਦਾ ਹੈ। ਰਤਨ ਬਾਈ ਇੱਕ ਸਟੇਰਿਲਿਟੀ ਕਲੀਨਿਕ ਚਲਾਉਂਦੀ ਸੀ, ਜਿੱਥੇ ਕਈ ਕੁੜੀਆਂ ਕੰਮ ਕਰਦੀਆਂ ਸਨ। ਦੋਸ ਲੱਗਾ ਕਿ ਉਸ ਨੇ ਆਪਣੇ ਕਲੀਨਿਕ ਵਿੱਚ ਕੰਮ ਕਰਨ ਵਾਲੀਆਂ ਤਿੰਨ ਨੌਜਵਾਨ ਕੁੜੀਆਂ ਨੂੰ ਜਹਿਰ ਦੇ ਕੇ ਮਾਰ ਦਿੱਤਾ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਜਾਂਚ ਵਿੱਚ ਕਈ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਅਦਾਲਤ ਵਿੱਚ ਪੇਸ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਰਤਨ ਬਾਈ ਜੈਨ ਨੂੰ ਦੋਸੀ ਕਰਾਰ ਦਿੱਤਾ ਗਿਆ ਅਤੇ ਉਸ ਨੂੰ ਮੌਤ ਦੀ ਸਜਾ ਸੁਣਾਈ ਗਈ। 3 ਜਨਵਰੀ 1955 ਨੂੰ ਤਿਹਾੜ ਜੇਲ੍ਹ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਉਸ ਵੇਲੇ ਇਹ ਘਟਨਾ ਪੂਰੇ ਦੇਸ ਵਿੱਚ ਚਰਚਾ ਦਾ ਕੇਂਦਰ ਬਣ ਗਈ ਸੀ, ਕਿਉਂਕਿ ਕਿਸੇ ਔਰਤ ਨੂੰ ਫਾਂਸੀ ਦਿੱਤੇ ਜਾਣਾ ਬਹੁਤ ਹੀ ਅਸਾਧਾਰਣ ਮੰਨਿਆ ਜਾਂਦਾ ਸੀ।



**ਸਬਨਮ ਅਲੀ: ਆਪਣੇ ਹੀ ਪਰਿਵਾਰ ਦੇ ਕਤਲ ਦੀ ਦੋਸੀ**

ਭਾਰਤ ਦੇ ਸਭ ਤੋਂ ਚਰਚਿਤ ਅਤੇ ਸਨਸਨੀਖੇਜ ਮਹਿਲਾ ਅਪਰਾਧਿਕ ਮਾਮਲਿਆਂ ਵਿੱਚ ਸਬਨਮ ਅਲੀ ਦਾ ਕੇਸ ਸਭ ਤੋਂ ਉੱਪਰ ਗਿਣਿਆ ਜਾਂਦਾ ਹੈ। ਉੱਤਰ ਪ੍ਰਦੇਸ ਦੇ ਅਮਰੋਹਾ ਜ਼ਿਲ੍ਹੇ ਵਿੱਚ 2008 ਵਿੱਚ ਹੋਏ ਇਸ ਹੱਤਿਆਕਾਂਡ ਨੇ ਪੂਰੇ ਦੇਸ ਨੂੰ ਹਿਲਾ ਦਿੱਤਾ ਸੀ। ਸਬਨਮ ਨੇ ਆਪਣੇ ਪ੍ਰੇਮੀ ਸਲੀਮ ਨਾਲ ਮਿਲ ਕੇ ਆਪਣੇ ਹੀ ਪਰਿਵਾਰ ਦੇ ਸੱਤ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਸੀ। ਮਾਰੇ ਗਏ ਲੋਕਾਂ ਵਿੱਚ ਉਸ ਦੇ ਮਾਪੇ, ਭਰਾ, ਭਾਬੀ ਅਤੇ ਪਰਿਵਾਰ ਦੇ ਹੋਰ ਮੈਂਬਰ ਸਾਮਲ ਸਨ। ਦੱਸਿਆ ਗਿਆ ਕਿ ਸਬਨਮ ਆਪਣੇ ਪ੍ਰੇਮ ਸੰਬੰਧਾਂ ਕਾਰਨ ਪਰਿਵਾਰ ਤੋਂ ਨਾਰਾਜ ਸੀ ਅਤੇ ਇਸੇ ਕਾਰਨ ਉਸ ਨੇ ਇਹ ਖੌਫਨਾਕ ਸਾਜ਼ਿਸ ਰਚੀ। ਇਸ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਇਸ ਨੂੰ "ਰੇਅਰੇਸਟ ਆਫ ਰੇਅਰ" ਕੇਸ ਕਰਾਰ ਦਿੱਤਾ ਅਤੇ 2010 ਵਿੱਚ ਸਬਨਮ ਅਤੇ ਸਲੀਮ ਨੂੰ ਮੌਤ ਦੀ ਸਜਾ ਸੁਣਾਈ ਗਈ। ਸਬਨਮ ਉਹ ਪਹਿਲੀ ਮਹਿਲਾ ਕੈਦੀ ਬਣੀ ਜਿਸ ਦੀ ਫਾਂਸੀ ਲਈ ਮਥੁਰਾ ਜੇਲ੍ਹ ਵਿੱਚ ਤਿਆਰੀਆਂ ਤੱਕ ਕਰ ਲਈਆਂ ਗਈਆਂ। ਮਥੁਰਾ ਜੇਲ੍ਹ ਭਾਰਤ ਦੀ ਇਕੱਲੀ ਅਜਿਹੀ ਜੇਲ੍ਹ ਮੰਨੀ ਜਾਂਦੀ ਹੈ ਜਿੱਥੇ ਮਹਿਲਾਵਾਂ ਲਈ ਵੱਖਰਾ ਫਾਂਸੀ ਘਰ ਮੌਜੂਦ ਹੈ। ਹਾਲਾਂਕਿ, ਕਈ ਰਹਿਮ ਯਾਚਿਕਾਵਾਂ, ਕਾਨੂੰਨੀ ਅਪੀਲਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਦਖਲਾਂ ਕਾਰਨ ਉਸ ਦੀ ਫਾਂਸੀ ਲਗਾਤਾਰ ਟਲਦੀ ਰਹੀ। ਇਹ ਕੇਸ ਅੱਜ ਵੀ ਭਾਰਤੀ ਨਿਆਂ ਪ੍ਰਣਾਲੀ ਵਿੱਚ ਇੱਕ ਵੱਡੀ ਚਰਚਾ ਦਾ ਵਿਸਾ ਹੈ।

**ਰੇਣੂਕਾ ਸ਼ਿੰਦੇ ਅਤੇ ਸੀਮਾ ਗਾਵਿਤ: ਮਾਸੂਮ ਬੱਚਿਆਂ ਦੀਆਂ ਕਾਤਲ ਭੈਣਾਂ**

ਮਹਾਰਾਸਟਰ ਦੀਆਂ ਦੋ ਭੈਣਾਂ ਰੇਣੂਕਾ ਸ਼ਿੰਦੇ ਅਤੇ ਸੀਮਾ ਗਾਵਿਤ ਦਾ ਨਾਮ ਭਾਰਤ ਦੀਆਂ ਸਭ ਤੋਂ ਨਿਰਦਈ ਮਹਿਲਾ ਅਪਰਾਧੀਆਂ ਵਿੱਚ ਲਿਆ ਜਾਂਦਾ ਹੈ। ਦੋਹਾਂ 'ਤੇ ਦੋਸ ਸੀ ਕਿ ਉਹ ਛੋਟੇ ਬੱਚਿਆਂ ਨੂੰ ਅਗਵਾ ਕਰਦੀਆਂ ਸਨ ਅਤੇ ਉਨ੍ਹਾਂ ਨੂੰ ਚੋਰੀ ਅਤੇ ਹੋਰ ਅਪਰਾਧਿਕ ਕੰਮਾਂ ਵਿੱਚ ਵਰਤਦੀਆਂ ਸਨ। ਜਦੋਂ ਬੱਚੇ ਉਨ੍ਹਾਂ ਲਈ "ਖਤਰਾ" ਬਣ ਜਾਂਦੇ, ਤਾਂ ਉਹ ਉਨ੍ਹਾਂ ਦੀ ਹੱਤਿਆ ਕਰ ਦਿੰਦੀਆਂ ਸਨ। ਜਾਂਚ ਏਜੰਸੀਆਂ ਮੁਤਾਬਕ, ਇਹ ਦੋਹਾਂ ਭੈਣਾਂ ਕਈ ਬੱਚਿਆਂ ਦੇ ਅਗਵਾ ਅਤੇ ਕਤਲ ਵਿੱਚ ਸਾਮਲ ਸਨ। ਇਸ ਮਾਮਲੇ ਨੇ ਦੇਸ ਭਰ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਸੀ। 2001 ਵਿੱਚ ਅਦਾਲਤ ਨੇ ਦੋਹਾਂ ਨੂੰ ਮੌਤ ਦੀ ਸਜਾ ਸੁਣਾਈ। ਪਰ ਲੰਬੇ ਸਮੇਂ ਤੋਂ ਚੱਲ ਰਹੀਆਂ ਅਪੀਲਾਂ, ਰਹਿਮ ਯਾਚਿਕਾਵਾਂ ਅਤੇ ਕਾਨੂੰਨੀ ਕਾਰਵਾਈ ਕਾਰਨ ਅਜੇ ਤੱਕ ਉਨ੍ਹਾਂ ਦੀ ਫਾਂਸੀ ਨਹੀਂ ਹੋ ਸਕੀ।

**ਫਾਂਸੀ ਦੀ ਸਜਾ ਅਤੇ ਭਾਰਤੀ ਨਿਆਂ ਪ੍ਰਣਾਲੀ**

ਭਾਰਤ ਵਿੱਚ ਮੌਤ ਦੀ ਸਜਾ ਸਿਰਫ ਉਨ੍ਹਾਂ ਮਾਮਲਿਆਂ ਵਿੱਚ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਅਦਾਲਤ "ਰੇਅਰੇਸਟ ਆਫ ਰੇਅਰ" ਮੰਨਦੀ ਹੈ। ਸੁਪਰੀਮ ਕੋਰਟ ਕਈ ਵਾਰ ਕਹਿ ਚੁੱਕੀ ਹੈ ਕਿ ਇਹ ਸਜਾ ਸਿਰਫ ਉਸ ਵੇਲੇ ਦਿੱਤੀ ਜਾਵੇ ਜਦੋਂ ਜੁਰਮ ਬਹੁਤ ਹੀ ਨਿਰਦਈ ਅਤੇ ਮਨੁੱਖਤਾ ਨੂੰ ਝੰਝੋੜ ਦੇਣ ਵਾਲਾ ਹੋਵੇ। ਮਹਿਲਾਵਾਂ ਨੂੰ ਫਾਂਸੀ ਦੀ ਸਜਾ ਮਿਲਣ ਦੇ ਮਾਮਲੇ ਬਹੁਤ ਘੱਟ ਹਨ, ਜਿਸ ਕਾਰਨ ਇਹ ਕੇਸ ਹੋਰ ਵੀ ਵੱਧ ਚਰਚਿਤ ਬਣ ਜਾਂਦੇ ਹਨ। ਇਨ੍ਹਾਂ ਮਾਮਲਿਆਂ ਨੇ ਇੱਕ ਵਾਰ ਫਿਰ ਇਹ ਸਾਬਤ ਕੀਤਾ ਕਿ ਕਾਨੂੰਨ ਦੇ ਸਾਹਮਣੇ ਨਾ ਲਿੰਗ ਮਹੱਤਵ ਰੱਖਦਾ ਹੈ ਅਤੇ ਨਾ ਹੀ ਸਮਾਜਿਕ ਦਰਜਾ ਜੇ ਜੁਰਮ ਗੰਭੀਰ ਹੋਵੇ ਤਾਂ ਸਜਾ ਵੀ ਉਤਨੀ ਹੀ ਕਠੋਰ ਹੁੰਦੀ ਹੈ। ਇਹ ਸਾਰੀਆਂ ਘਟਨਾਵਾਂ ਅੱਜ ਵੀ ਭਾਰਤ ਦੇ ਅਪਰਾਧਿਕ ਇਤਿਹਾਸ ਦੇ ਸਭ ਤੋਂ ਡਰਾਉਣੇ ਅਤੇ ਚਰਚਿਤ ਅਧਿਆਇਆਂ ਵਿੱਚ ਸਾਮਲ ਹਨ।

ਸੁਖਮਿੰਦਰ ਭੰਗੂ

# ਕੁਦਰਤ ਦੇ ਬਦਲਦੇ ਮਿਜਾਜ਼

ਪਿਛਲੇ ਸਾਲ ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਨੇ ਜੋ ਤਬਾਹੀ ਮਚਾਈ ਸੀ, ਉਸ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ। ਇਸ ਕੁਦਰਤੀ ਆਫ਼ਤ ਨੇ ਇਤਿਹਾਸ ਦਾ ਉਹ ਕਾਲਾ ਵਰਕਾ ਲਿਖਿਆ ਜਿਸ ਨੂੰ ਲੰਮੇ ਸਮਿਆਂ ਤੱਕ ਭੁਲਾਇਆ ਨਹੀਂ ਜਾ ਸਕੇਗਾ।

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ, ਫਾਜ਼ਿਲਕਾ, ਅੰਮ੍ਰਿਤਸਰ, ਫ਼ਿਰੋਜ਼ਪੁਰ ਤੇ ਪਠਾਨਕੋਟ ਵਿਚ ਅਨੇਕ ਪਿੰਡਾਂ ਦੇ ਲੋਕ ਬੇਘਰ ਹੋ ਗਏ, ਪਸ਼ੂ ਰੁੜ੍ਹ ਗਏ ਤੇ ਜ਼ਮੀਨਾਂ ਵਿਚ ਰੇਤਾ ਆਉਣ ਨਾਲ ਵਾਹੀਯੋਗ ਨਹੀਂ ਰਹੀਆਂ। ਇਹ ਸੰਤਾਪ ਹੰਢਾਉਣ ਤੋਂ ਬਾਅਦ ਵੀ ਹਿੰਮਤੀ ਤੇ ਮਿਹਨਤਕਸ਼ ਲੋਕਾਂ ਨੇ ਹੌਸਲਾ ਨਹੀਂ ਹਾਰਿਆ ਤੇ ਜ਼ਿੰਦਗੀ ਨੂੰ ਮੁੜ ਲੀਹ 'ਤੇ ਚਾੜ੍ਹ ਲਿਆ।

ਮਾਧੋਪੁਰ ਹੈੱਡਵਰਕਸ ਦੇ ਚਾਰ ਗੇਟਾਂ ਦਾ ਨੁਕਸਾਨਿਆ ਜਾਣਾ ਅਤੇ ਹਜ਼ਾਰਾਂ ਏਕੜ ਫ਼ਸਲਾਂ ਦਾ ਤਬਾਹ ਹੋਣਾ ਇਸ ਗੱਲ ਦਾ ਗਵਾਹ ਹੈ ਕਿ ਕੁਦਰਤ ਦੇ ਕਹਿਰ ਅੱਗੇ ਮਨੁੱਖੀ ਇੰਤਜ਼ਾਮ ਕਿੰਨੇ ਬੌਣੇ ਸਾਬਿਤ ਹੁੰਦੇ ਹਨ। ਕਈ ਵਾਰ ਮਨੁੱਖੀ ਅਵੇਸਲੀਆਂ ਕਾਰਗੁਜ਼ਾਰੀਆਂ ਵੀ ਕੁਦਰਤ ਨੂੰ ਵਿਕਰਾਲ ਰੂਪ ਧਾਰਨ ਲਈ ਮਜਬੂਰ ਕਰ ਦਿੰਦੀਆਂ ਹਨ। ਸਮੇਂ ਸਿਰ ਸਰਕਾਰਾਂ ਤੇ ਪ੍ਰਸ਼ਾਸਨ ਵੱਲੋਂ ਪੁਖ਼ਤਾ ਇੰਤਜ਼ਾਮ ਨਾ ਕਰਨ ਦਾ ਦੋਸ਼ ਅਕਸਰ ਕੁਦਰਤ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ ਪਰ ਇਸ ਵਾਰ ਪ੍ਰਸ਼ਾਸਨ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਯਾਨੀ ਬੀਬੀਐੱਮਬੀ ਪਿਛਲੀਆਂ ਗ਼ਲਤੀਆਂ ਤੋਂ ਸਬਕ ਲੈਂਦਿਆਂ ਸਮੇਂ ਤੋਂ ਪਹਿਲਾਂ ਹੀ ਚੌਕਸ ਨਜ਼ਰ ਆ ਰਿਹਾ ਹੈ। ਹਾਲਾਂਕਿ, ਇਸ ਵਾਰ ਮੌਨਸੂਨ ਅਤੇ ਪ੍ਰੀ-ਮੌਨਸੂਨ ਦੇ ਸ਼ੁਰੂਆਤੀ ਦੌਰ ਵਿਚ ਹੀ



ਗੁਰਦਾਸਪੁਰ ਦੇ ਇਲਾਕੇ ਵਿਚ ਅੱਪਰ ਬਾਰੀ ਦੁਆਬ ਨਹਿਰ ਵਿਚ ਪਏ 100 ਕੁ ਫੁੱਟ ਦੇ ਪਾੜ ਨੇ ਪ੍ਰਸ਼ਾਸਨਿਕ ਤਿਆਰੀਆਂ ਦੀ ਪੋਲ ਖੋਲ੍ਹ ਦਿੱਤੀ ਹੈ ਜਿਸ ਕਾਰਨ ਕਈ ਪਿੰਡਾਂ ਵਿਚ ਫਿਰ ਤੋਂ ਹੜ੍ਹਾਂ ਵਰਗੀ ਸਥਿਤੀ ਬਣ ਗਈ ਅਤੇ ਕਿਸਾਨਾਂ ਦੀ ਮਿਹਨਤ ਪਾਣੀ ਵਿਚ ਵਹਿ ਗਈ।

ਇਨ੍ਹਾਂ ਹਾਲਾਤ ਨੂੰ ਦੇਖਦਿਆਂ ਸਰਕਾਰਾਂ ਨੇ ਡੈਮਾਂ ਵਿੱਚੋਂ ਪਹਿਲਾਂ ਹੀ ਥੋੜ੍ਹਾ-ਥੋੜ੍ਹਾ ਵਾਧੂ ਪਾਣੀ ਛੱਡਦੇ ਰਹਿਣ ਦੇ ਨਿਰਦੇਸ਼ ਜਾਰੀ ਕੀਤੇ ਸਨ ਤਾਂ ਜੋ ਅਚਾਨਕ ਆਉਣ ਵਾਲੇ ਹੜ੍ਹਾਂ ਦੇ ਪਾਣੀ ਨੂੰ ਸੰਭਾਲਿਆ ਜਾ ਸਕੇ। ਪਰ ਕੁਦਰਤ ਦੀ ਖੇਡ ਨਿਰਾਲੀ ਅਤੇ ਅਣਕਿਆਸੀ ਹੈ। ਅਜੋਕੇ ਸਮੇਂ ਵਿਚ ਜਦੋਂ 'ਅਲ ਨੀਨੋ' ਦੇ ਪ੍ਰਭਾਵ ਕਾਰਨ ਮੌਨਸੂਨ ਦੀ ਰਫ਼ਤਾਰ ਮੱਠੀ ਪੈ ਗਈ ਹੈ ਤਾਂ ਅਜਿਹਾ ਪ੍ਰਤੀਤ ਹੋ ਰਿਹਾ ਹੈ ਜਿਵੇਂ ਮੌਨਸੂਨ ਰੁੱਸ ਗਿਆ ਹੋਵੇ। ਇਸ ਸੁਸਤ ਰਫ਼ਤਾਰ ਕਾਰਨ ਹੁਣ ਡੈਮਾਂ ਵਿਚ ਪਾਣੀ ਦੇ ਪੱਧਰ ਦੀ ਕਮੀ ਮਹਿਸੂਸ ਹੋਣ ਲੱਗ ਪਈ ਹੈ ਜੋ ਖੇਤੀਬਾੜੀ ਅਤੇ ਬਿਜਲੀ ਉਤਪਾਦਨ ਲਈ ਇਕ ਨਵੀਂ ਚਿੰਤਾ ਦਾ ਵਿਸ਼ਾ ਹੈ। ਇਕ ਪਾਸੇ ਜਿੱਥੇ ਹੜ੍ਹਾਂ ਦਾ ਡਰ ਪ੍ਰਸ਼ਾਸਨ ਦੀ ਰਾਤਾਂ ਦੀ ਨੀਂਦ ਹਰਾਮ ਕਰਦਾ ਹੈ, ਉੱਥੇ ਹੀ ਦੂਜੇ ਪਾਸੇ ਮੌਨਸੂਨ ਦੀ ਬੇਰੁਖ਼ੀ ਕਾਰਨ ਸੋਕੇ ਵਰਗੇ ਹਾਲਾਤ ਪੈਦਾ ਹੋਣ ਦਾ ਖ਼ਤਰਾ ਸਿਰ 'ਤੇ ਮੰਡਰਾਉਣ ਲੱਗ ਪੈਂਦਾ ਹੈ। ਮੌਸਮ ਵਿਗਿਆਨੀਆਂ ਦੀਆਂ ਭਵਿੱਖਬਾਣੀਆਂ ਮੁਤਾਬਕ 'ਅਲ ਨੀਨੋ' ਦੇ ਪ੍ਰਭਾਵ ਕਾਰਨ ਮੌਨਸੂਨ ਵਿਚ ਦੇਰੀ ਜਾਂ ਕਮੀ ਆਉਣਾ ਸੁਭਾਵਿਕ ਹੈ ਪਰ ਇਸੇ ਦੌਰਾਨ ਕੁਝ ਰਾਹਤ ਭਰੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਮੌਨਸੂਨ ਨੇ ਇਕ ਵਾਰ ਫਿਰ ਰਫ਼ਤਾਰ ਫੜਨੀ ਸ਼ੁਰੂ ਕਰ ਦਿੱਤੀ ਹੈ ਜਿਸ ਕਾਰਨ ਭਾਰਤ ਦੇ ਕਈ ਹਿੱਸਿਆਂ ਵਿਚ ਚੰਗੀ ਬਾਰਿਸ਼ ਦੇਖਣ ਨੂੰ ਮਿਲ ਰਹੀ ਹੈ। ਉੱਤਰੀ ਭਾਰਤ ਅਤੇ ਖ਼ਾਸ ਤੌਰ 'ਤੇ ਪੰਜਾਬ ਵੱਲ ਆਉਂਦਿਆਂ ਮੌਨਸੂਨ ਦਾ ਕਿਹੋ ਜਿਹਾ ਰੁਖ਼ ਰਹੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਜੇਕਰ ਮੌਨਸੂਨ ਦੀ ਇਹ ਨਾਰਾਜ਼ਗੀ ਦੂਰ ਹੁੰਦੀ ਹੈ ਅਤੇ ਇਹ ਭਰਪੂਰ ਵਰ੍ਹਦਾ ਹੈ ਤਾਂ ਇਹ ਜਿੱਥੇ ਔੜ ਮਾਰੀ ਧਰਤ ਅਤੇ ਡੈਮਾਂ ਲਈ ਸੰਜੀਵਨੀ ਸਿੱਧ ਹੋਵੇਗਾ, ਉੱਥੇ ਹੀ ਪ੍ਰਸ਼ਾਸਨ ਲਈ ਹੜ੍ਹਾਂ ਦੇ ਪ੍ਰਬੰਧਨ ਦੀ ਇਕ ਵੱਡੀ ਚੁਣੌਤੀ ਵੀ ਖੜ੍ਹੀ ਕਰੇਗਾ। ਸਰਕਾਰਾਂ ਅਤੇ ਸਬੰਧਤ ਵਿਭਾਗਾਂ ਲਈ ਹੁਣ ਇਹ ਬੇਹੱਦ ਜ਼ਰੂਰੀ ਹੈ ਕਿ ਉਹ 'ਨਾ ਬਹੁਤੀ ਅੰਨ੍ਹੇਵਾਹ ਵਰਖਾ' ਅਤੇ 'ਨਾ ਹੀ ਪੂਰੇ ਸੋਕੇ' ਦੀ ਸਥਿਤੀ ਯਾਨੀ ਦੋਵਾਂ ਹਾਲਾਤਾਂ ਲਈ ਬਰਾਬਰ ਤਿਆਰ ਰਹਿਣ। ਕੁਦਰਤ ਦਾ ਭੇਤ ਨਹੀਂ ਪਾਇਆ ਜਾ ਸਕਦਾ। ਗੁਰੂ ਵਾਕ ਹੈ 'ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ'। ਸੋ, ਸੁਚੱਜੀਆਂ ਨੀਤੀਆਂ ਤੇ ਅਗਾਊਂ ਤਿਆਰੀਆਂ ਨਾਲ ਨੁਕਸਾਨ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ।

ਸੁਖਜਿੰਦਰ

# ਪੜ੍ਹੇ ਬਿਨਾਂ ਪਾਸ ਕਰੋ



ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ2026 ਨੂੰ ਲੈ ਕੇ ਪੰਜਾਬ ਦੀ ਸਿਆਸਤ 'ਚ ਛਿੜਿਆ ਵਿਵਾਦ ਹੁਣ ਸਿਰਫ ਇਕ ਬਿੱਲ ਦਾ ਵਿਵਾਦ ਨਹੀਂ ਰਿਹਾ। ਇਸ ਨੇ ਵਿਧਾਨ ਸਭਾ ਦੀ ਭਰੋਸੇਯੋਗਤਾ, ਕੈਬਨਿਟ ਦੀ ਕਾਰਜਪ੍ਰਣਾਲੀ ਅਤੇ ਲੋਕਤੰਤਰੀ ਪ੍ਰਕਿਰਿਆ ਦੀ ਗੰਭੀਰਤਾ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਜਦੋਂ ਸੱਤਾਧਾਰੀ ਪਾਰਟੀ ਦੇ ਹੀ ਵਿਧਾਇਕ ਇਹ ਮੰਨਣ ਲੱਗ ਪੈਣ ਕਿ ਉਨ੍ਹਾਂ ਨੇ ਬਿੱਲ ਪੜ੍ਹਿਆ ਹੀ ਨਹੀਂ ਸੀ, ਤਾਂ ਇਹ ਕਿਸੇ ਇਕ ਵਿਅਕਤੀ ਦੀ ਭੁੱਲ ਨਹੀਂ, ਸਗੋਂ ਪੂਰੇ ਪ੍ਰਬੰਧ ਦੀ ਨਾਕਾਮੀ ਦਾ ਸਬੂਤ ਹੈ। ਸਵਾਲ ਇਹ ਨਹੀਂ ਕਿ ਬਿੱਲ ਚੰਗਾ ਸੀ ਜਾਂ ਮਾੜਾ; ਸਵਾਲ ਇਹ ਹੈ ਕਿ ਕੀ ਕਾਨੂੰਨ ਇਸੇ ਤਰ੍ਹਾਂ ਬਣਦੇ ਹਨ? ਵਿਧਾਨ ਸਭਾ ਲੋਕਤੰਤਰ ਦਾ ਮੰਦਿਰ ਕਹੀ ਜਾਂਦੀ ਹੈ ਪਰ ਜੇ ਉਸੇ ਮੰਦਰ 'ਚ ਸਰਧਾ ਦੀ ਥਾਂ ਕਾਹਲੀ, ਵਿਚਾਰ ਦੀ ਥਾਂ ਰਸਮੀ ਕਾਰਵਾਈ ਅਤੇ ਬਹਿਸ ਦੀ ਥਾਂ ਸਿਰਫ ਬਹੁਮਤ ਦੀ ਗਿਣਤੀ ਰਹਿ ਜਾਵੇ, ਤਾਂ ਫਿਰ ਉਹ ਲੋਕਤੰਤਰ ਨਹੀਂ, ਸਿਰਫ ਸੱਤਾ ਦਾ ਪ੍ਰਦਰਸਨ ਰਹਿ ਜਾਂਦਾ ਹੈ। ਕਾਨੂੰਨ ਕਾਗਜ ਦੇ ਕੁਝ ਸਫੇ ਨਹੀਂ ਹੁੰਦੇ। ਉਨ੍ਹਾਂ ਦੀ ਹਰ ਲਾਈਨ ਨਾਗਰਿਕਾਂ ਦੇ ਹੱਕਾਂ, ਫਰਜਾਂ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ। ਅਜਿਹੇ ਦਸਤਾਵੇਜ ਜੇ ਵਿਧਾਇਕਾਂ ਨੂੰ ਸਦਨ 'ਚ ਦਾਖਲ ਹੋਣ ਤੋਂ ਕੁਝ ਮਿੰਟ ਪਹਿਲਾਂ ਫੜਾ ਦਿੱਤੇ ਜਾਣ, ਤਾਂ ਇਹ ਵਿਧਾਇਕਾਂ ਦਾ ਨਹੀਂ, ਲੋਕਾਂ ਦੇ ਭਰੋਸੇ ਦਾ ਅਪਮਾਨ ਹੈ। ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਚਰਚਾ ਸਿਰਫ ਵਿਧਾਇਕਾਂ ਤੱਕ ਸੀਮਤ ਨਹੀਂ ਰਹੀ। ਇਹ ਵੀ ਸਾਹਮਣੇ ਆਇਆ ਕਿ ਕਈ ਵਾਰ ਕੈਬਨਿਟ ਮੰਤਰੀਆਂ ਨੂੰ ਵੀ ਬਿੱਲਾਂ ਦੀਆਂ ਕਾਪੀਆਂ ਸਮੇਂ ਸਿਰ ਨਹੀਂ ਮਿਲਦੀਆਂ। ਜੇ ਮੰਤਰੀ, ਜੋ ਖੁਦ ਸਰਕਾਰ ਦਾ ਹਿੱਸਾ ਹਨ ਪੂਰਾ ਖਰੜਾ ਪੜ੍ਹਨ ਦਾ ਮੌਕਾ ਨਹੀਂ ਲੈਂਦੇ ਜਾਂ ਉਨ੍ਹਾਂ ਨੂੰ ਦਿੱਤਾ ਹੀ ਨਹੀਂ ਜਾਂਦਾ, ਤਾਂ ਫਿਰ ਕੈਬਨਿਟ ਦੀ ਸਮੂਹਿਕ ਜਿੰਮੇਵਾਰੀ ਦਾ ਸਿਧਾਂਤ ਕਿੱਥੇ ਖੜ੍ਹਾ ਰਹਿ ਜਾਂਦਾ ਹੈ? ਕੀ ਮੰਤਰੀ ਸਿਰਫ ਹੱਥ ਉੱਤੇ ਕਰਨ ਲਈ ਹਨ ਜਾਂ ਫੈਸਲੇ ਕਰਨ ਲਈ ਵੀ? ਇਸ ਤੋਂ ਵੀ ਵੱਡਾ ਸਵਾਲ ਵਿਧਾਇਕਾਂ ਦੀ ਭੂਮਿਕਾ ਉੱਤੇ ਹੈ। ਜੇ ਕਿਸੇ ਨੇ ਬਿੱਲ ਪੜ੍ਹਿਆ ਨਹੀਂ ਸੀ, ਤਾਂ ਉਸ ਦੇ ਹੱਕ 'ਚ ਵੋਟ ਕਿਉਂ ਪਾਈ? ਕੀ ਪਾਰਟੀ ਦਾ ਹੁਕਮ ਸੰਵਿਧਾਨਕ ਜਿੰਮੇਵਾਰੀ ਤੋਂ ਵੀ ਉੱਪਰ ਹੋ ਗਿਆ ਹੈ? ਲੋਕ ਵਿਧਾਇਕ ਨੂੰ ਆਪਣੀ ਸੋਚ ਅਤੇ ਆਪਣੇ ਵਿਵੇਕ ਨਾਲ ਫੈਸਲੇ ਕਰਨ ਲਈ ਚੁਣਦੇ ਹਨ, ਨਾ ਕਿ ਅੱਖਾਂ ਮੀਟ ਕੇ ਪਾਰਟੀ ਦੇ ਇਸਾਰੇ 'ਤੇ ਬਟਨ ਦੱਬਣ ਲਈ। ਜੇ ਵਿਧਾਇਕਾਂ ਦੀ ਭੂਮਿਕਾ ਸਿਰਫ ਗਿਣਤੀ ਪੂਰੀ ਕਰਨ ਤੱਕ ਸੀਮਤ ਹੋ ਗਈ, ਤਾਂ ਵਿਧਾਨ ਸਭਾ ਅਤੇ ਰਾਜਨੀਤਕ ਰੈਲੀ 'ਚ ਫਰਕ ਹੀ ਕੀ ਰਹਿ ਜਾਵੇਗਾ? ਦੁੱਖ ਦੀ ਗੱਲ ਇਹ ਹੈ ਕਿ ਇਹ ਬਿਮਾਰੀ ਕਿਸੇ ਇਕ ਸਰਕਾਰ ਦੀ ਨਹੀਂ। ਪਿਛਲੀਆਂ ਸਰਕਾਰਾਂ ਨੇ ਵੀ ਬਿੱਲਾਂ ਨੂੰ ਕਾਹਲੀ 'ਚ ਪਾਸ ਕਰਵਾਉਣ ਦੀ ਰਵਾਇਤ ਬਣਾਈ ਅਤੇ ਮੌਜੂਦਾ ਸਰਕਾਰ ਵੀ ਉਸੇ ਰਾਹ 'ਤੇ ਤੁਰਦੀ ਦਿਖਾਈ ਦੇ ਰਹੀ ਹੈ। ਵਿਰੋਧ 'ਚ ਰਹਿ ਕੇ ਜਿਸ ਤਰੀਕੇ ਨੂੰ ਲੋਕਤੰਤਰ ਦਾ ਕਤਲ ਕਿਹਾ ਜਾਂਦਾ ਹੈ, ਸੱਤਾ 'ਚ ਆ ਕੇ ਉਸੇ ਨੂੰ ਪ੍ਰਸਾਸਨਿਕ ਕੁਸਲਤਾ ਦਾ ਨਾਮ ਦੇ ਦਿੱਤਾ ਜਾਂਦਾ ਹੈ। ਇਹ ਦੋਹਰਾ ਮਾਪਦੰਡ ਹੀ ਲੋਕਾਂ ਦਾ ਰਾਜਨੀਤੀ ਤੋਂ ਵਿਸਵਾਸ ਤੋੜਦਾ ਹੈ। ਇਸ ਰਵਾਇਤ ਨੂੰ ਤੁਰੰਤ ਬਦਲਣ ਦੀ ਲੋੜ ਹੈ। ਹਰ ਬਿੱਲ ਵਿਧਾਇਕਾਂ ਅਤੇ ਮੰਤਰੀਆਂ ਨੂੰ ਘੱਟੋ-ਘੱਟ ਸੱਤ ਦਿਨ ਪਹਿਲਾਂ ਦੇਣਾ ਕਾਨੂੰਨੀ ਤੌਰ 'ਤੇ ਲਾਜਮੀ ਹੋਣਾ ਚਾਹੀਦਾ ਹੈ। ਮਹੱਤਵਪੂਰਨ ਬਿੱਲਾਂ ਨੂੰ ਚੋਣਵੀਂ ਕਮੇਟੀਆਂ ਕੋਲ ਭੇਜਿਆ ਜਾਵੇ, ਜਿੱਥੇ ਕਾਨੂੰਨੀ ਮਾਹਿਰਾਂ, ਸਮਾਜਿਕ ਸੰਸਥਾਵਾਂ ਅਤੇ ਪ੍ਰਭਾਵਿਤ ਧਿਰਾਂ ਦੀ ਰਾਇ ਲਈ ਜਾਵੇ। ਵਿਧਾਨ ਸਭਾ ਦੇ ਨਿਯਮਾਂ 'ਚ ਇਹ ਵੀ ਜੋੜਿਆ ਜਾਣਾ ਚਾਹੀਦਾ ਹੈ ਕਿ ਬਿਨਾਂ ਨਿਰਧਾਰਤ ਘੱਟੋ-ਘੱਟ ਚਰਚਾ ਸਮੇਂ ਦੇ ਕੋਈ ਵੀ ਬਿਲ ਪਾਸ ਨਾ ਹੋ ਸਕੇ। ਇਸ ਤੋਂ ਇਲਾਵਾ, ਹਰ ਵਿਧਾਇਕ ਦੇ ਵੋਟ ਨਾਲ ਇਹ ਜਿੰਮੇਵਾਰੀ ਵੀ ਦਰਜ ਹੋਵੇ ਕਿ ਉਸ ਨੇ ਬਿੱਲ ਪੜ੍ਹਿਆ ਹੈ ਅਤੇ ਉਸ ਦੀਆਂ ਧਾਰਾਵਾਂ ਨੂੰ ਸਮਝਿਆ ਹੈ। ਜਿੰਮੇਵਾਰੀ ਤੋਂ ਬਿਨਾਂ ਅਧਿਕਾਰ, ਲੋਕਤੰਤਰ ਨੂੰ ਖੋਖਲਾ ਕਰ ਦਿੰਦੇ ਹਨ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ2026 ਨੇ ਇਕ ਕੌੜਾ ਸੱਚ ਸਾਹਮਣੇ ਲਿਆ ਦਿੱਤਾ ਹੈ। ਪੰਜਾਬ 'ਚ ਅੱਜ ਅਸਲ ਸੰਕਟ ਕਿਸੇ ਇੱਕ ਬਿੱਲ ਦਾ ਨਹੀਂ, ਸਗੋਂ ਕਾਨੂੰਨ ਬਣਾਉਣ ਦੀ ਉਸ ਪ੍ਰਕਿਰਿਆ ਦਾ ਹੈ, ਜੋ ਦਿਨੋਂ-ਦਿਨ ਰਸਮੀ ਅਤੇ ਜਲਦਬਾਜੀ ਵਾਲੀ ਬਣਦੀ ਜਾ ਰਹੀ ਹੈ। ਲੋਕਤੰਤਰ 'ਚ ਕਾਨੂੰਨ ਬਹੁਮਤ ਨਾਲ ਜਰੂਰ ਬਣਦੇ ਹਨ ਪਰ ਉਨ੍ਹਾਂ ਦੀ ਨੀਂਹ ਵਿਚਾਰ, ਬਹਿਸ ਅਤੇ ਜਵਾਬਦੇਹੀ ਉੱਤੇ ਟਿਕੀ ਹੁੰਦੀ ਹੈ। ਜੇ ਇਹ ਤਿੰਨੋਂ ਹੀ ਗਾਇਬ ਹੋ ਜਾਣ, ਤਾਂ ਵਿਧਾਨ ਸਭਾ ਕਾਨੂੰਨ ਨਹੀਂ ਬਣਾਉਂਦੀ, ਉਹ ਸਿਰਫ ਕਾਗਜਾਂ ਉੱਤੇ ਮੋਹਰਾਂ ਲਗਾਉਂਦੀ ਹੈ ਅਤੇ ਜਿਹੜਾ ਲੋਕਤੰਤਰ ਪੜ੍ਹੇ ਬਿਨਾਂ ਕਾਨੂੰਨ ਬਣਾਉਣ ਲੱਗ ਪਏ, ਉਸ ਨੂੰ ਆਪਣੇ ਭਵਿੱਖ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

(ਇੰਟਰਨੈੱਟ)


## Matrimonial

Suitable match for Jat Sikh clean shaved boy (son of my Bhaanji from distt. Jalandhar), 5' - 11", Polytechnic diploma holder from Punjab and hospitality diploma from Australia, 491 skilled Regional Visa (State Nomination) holder in Australia (Sure to be PR shortly). He is fatherless and has one brother only, has some property in his village. The girl nearly 5'-5", should be around 30 and be good looking.

Call Avtar Sangha +61 437641033

(Editor of the Newspaper)


## ਜ਼ਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਹੱਟਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਹੱਟਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ

ਡਾ: ਅਵਤਾਰ ਐਸ. ਸੰਘਾ

ਵਹੱਟਸਅਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ


## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033

### Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaperI The views expressed in the advertisement and various articles belong solely to the concerned advertisers and authorsI They do not reflect the views of the newspaper managementI Jurisdiction SydneyI

# ਹੈਂਡਬੈਗ ਹੋਵੇ ਤੁਹਾਡੇ ਸਟਾਈਲ ਅਨੁਸਾਰ

ਦੇਖਿਆ ਗਿਆ ਹੈ ਕਿ ਔਰਤਾਂ ਹਮੇਸ਼ਾ ਸਿਰਫ ਹੈਂਡਬੈਗ ਦੀ ਸਾਮਾਨ ਰੱਖਣ ਦੇ ਉਦੇਸ਼ ਨਾਲ ਹੀ ਵਰਤੋਂ ਕਰਦੀਆਂ ਹਨ, ਜਦ ਕਿ ਕੁਝ ਤਾਂ ਪਰਸ ਵਿਚ ਏਨਾ ਸਾਮਾਨ ਭਰ ਦਿੰਦੀਆਂ ਹਨ ਕਿ ਪਰਸ ਫਟਣ ਨੂੰ ਤਿਆਰ ਹੋ ਜਾਂਦਾ ਹੈ।
ਇਸ ਲਈ ਹੈਂਡਬੈਗ ਵਰਤੋਂ ਕਰਦੇ ਸਮੇਂ ਸਾਮਾਨ ਅਨੁਸਾਰ ਹੀ ਆਪਣੇ ਬੈਗ ਦੀ ਚੋਣ ਕਰਨਾ ਫਾਇਦੇਮੰਦ ਰਹੇਗਾ ਨਹੀਂ ਤਾਂ ਵੱਕਾਰ ਡਿਗਣ ਵਿਚ ਜ਼ਰਾ ਵੀ ਸਮਾਂ ਨਹੀਂ ਲੱਗੇਗਾ।
ਇਸ ਚੋਣ ਦੌਰਾਨ ਯਾਦ ਰੱਖੋ ਕਿ ਪਰਸ ਜ਼ਿਆਦਾ ਵੱਡਾ ਵੀ ਨਾ ਹੋਵੇ ਅਤੇ ਨਾ ਹੀ ਜ਼ਿਆਦਾ ਛੋਟਾ ਹੋਵੇ। ਬਸ ਸਾਮਾਨ ਰੱਖਣ ਲਈ ਸਹੀ ਹੋਵੇ। ਵੱਡੇ ਆਕਾਰ ਦੇ ਬੈਗ ਜਿਥੇ ਦੇਖਣ ਵਿਚ ਭੱਦੇ ਲਗਦੇ ਹਨ, ਉਥੇ ਸਫਰ 'ਚ ਪ੍ਰੇਸ਼ਾਨੀ ਵੀ ਖੜ੍ਹੀ ਕਰ ਦਿੰਦੇ ਹਨ। ਸੋ, ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਬੈਗ ਦੀ ਚੋਣ ਕਰੋ।

> **ਸਦਾ ਯਾਦ ਰੱਖੋ ਕਿ ਹੈਂਡਬੈਗ ਤੁਹਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹਨ ਅਤੇ ਇਸ ਵਿਚ ਬੇਕਾਰ ਦੀਆਂ ਚੀਜ਼ਾਂ ਨੂੰ ਰੱਖਣਾ ਫੂਹੜ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ।**

ਰੰਗਾਂ ਦਾ ਧਿਆਨ ਰੱਖੋ : ਜੇਕਰ ਤੁਹਾਨੂੰ ਮੈਚਿੰਗ ਕੱਪੜੇ ਪਾਉਣ ਦੀ ਆਦਤ ਹੈ ਤਾਂ ਮੈਚਿੰਗ ਪਰਸ ਅਤੇ ਹੈਂਡਬੈਗ ਦੀ ਵਰਤੋਂ ਵੱਲ ਵੀ ਧਿਆਨ ਦਿਓ। ਇਸ ਲਈ ਤੁਸੀਂ ਕੱਪੜਿਆਂ ਅਨੁਸਾਰ ਰੰਗਾਂ ਦੀ ਚੋਣ ਬਾਖ਼ੂਬੀ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਮੈਚਿੰਗ ਪਰਸ ਨਹੀਂ ਹੈ ਤਾਂ ਖ਼ਾਹਮਖ਼ਾਹ ਪ੍ਰੇਸ਼ਾਨ ਨਾ ਹੋਵੋ, ਸਗੋਂ ਸਫੈਦ ਤੇ ਕਾਲੇ ਰੰਗ ਦੇ ਪਰਸ ਦੀ ਚੋਣ ਕਰ ਸਕਦੇ ਹੋ, ਕਿਉਂਕਿ ਇਹ ਰੰਗ ਲਗਭਗ ਸਾਰੀਆਂ ਪੋਸ਼ਾਕਾਂ ਦੇ ਨਾਲ ਵਰਤੇ ਜਾ ਸਕਦੇ ਹਨ।
ਥਾਂ ਅਨੁਸਾਰ ਪਰਸ ਅਤੇ ਹੈਂਡਬੈਗ ਰੱਖੋ : ਜਿਸ ਤਰ੍ਹਾਂ ਸਫ਼ਰ ਵਿਚ ਜਾਂਦੇ ਸਮੇਂ ਕੱਪੜਿਆਂ ਦੀ ਹਿਫਾਜ਼ਤ ਰੱਖਦੇ ਹੋ, ਠੀਕ ਉਸੇ ਤਰ੍ਹਾਂ ਹੈਂਡਬੈਗ ਨੂੰ ਵੀ ਸੰਭਾਲਣਾ ਅਤਿ ਜ਼ਰੂਰੀ ਹੁੰਦਾ ਹੈ। ਇਹ ਤਦ ਹੀ ਸੰਭਵ ਹੋਵੇਗਾ, ਜਦੋਂ ਤੁਸੀਂ ਥਾਂ ਅਨੁਸਾਰ ਪਰਸ ਦੀ ਚੋਣ ਕਰੋਗੇ। ਮੰਨ ਲਓ ਕਿ ਤੁਸੀਂ ਸਫਰ ਲਈ ਇਕਦਮ ਤਿਆਰ ਹੋ ਕੇ ਚੱਲ ਪੈਂਦੇ ਹੋ ਤਾਂ ਇਸ ਤਰ੍ਹਾਂ ਛੋਟੇ ਪਰਸ ਨੂੰ ਲੈ ਕੇ ਚੱਲਣਾ ਦੁੱਖਦਾਈ ਸਾਬਤ ਹੋ ਸਕਦਾ ਹੈ, ਕਿਉਂਕਿ ਛੋਟੇ ਜਿਹੇ ਬੈਗ ਵਿਚ ਤੁਸੀਂ ਜ਼ਰੂਰਤ ਦਾ ਸ਼ਿੰਗਾਰ ਰੂਪੀ ਸਾਰੀ ਸਮੱਗਰੀ ਨਹੀਂ ਰੱਖ ਸਕਦੇ, ਇਸ ਲਈ ਇਥੇ ਵੱਡੇ ਪਰਸ ਨੂੰ ਪਹਿਲ ਦੇਣਾ ਹੀ ਸਹੀ ਹੋਵੇਗਾ।
ਥਾਂ ਦੇ ਹਿਸਾਬ ਨਾਲ ਹੈਂਡਬੈਗ ਬਦਲੋ : ਅਕਸਰ ਮੁਟਿਆਰਾਂ ਇਕ ਹੀ ਹੈਂਡਬੈਗ ਨੂੰ ਹਰ ਥਾਂ 'ਤੇ ਲੈ ਕੇ ਜਾਂਦੀਆਂ ਹਨ ਜੋ ਸਰਾਸਰ ਗ਼ਲਤ ਹੈ। ਜੇਕਰ ਤੁਸੀਂ ਕਾਲਜ ਪੜ੍ਹਦੇ ਹੋ ਤਾਂ ਜੂਟ ਅਤੇ ਕੱਪੜੇ ਦੇ ਲੱਕ ਤਕ ਲਟਕਣ ਵਾਲੇ ਹੈਂਡਬੈਗ ਦੀ ਚੋਣ ਕਰੋ। ਦਫ਼ਤਰ ਜਾਣ ਵਾਲੀਆਂ ਔਰਤਾਂ ਆਧੁਨਿਕ ਡਿਜ਼ਾਈਨ ਨਾਲ ਭਰਪੂਰ ਰੈਕਸੀਨ ਜਾਂ ਫਿਰ ਚਮੜੇ ਦੇ ਹੈਂਡਬੈਗ ਨੂੰ ਕੰਮ ਵਿਚ ਲਿਆ ਸਕਦੀਆਂ ਹਨ, ਜਦ ਕਿ ਅਧਿਆਪਕਾਵਾਂ ਜਾਂ ਕਿਸੇ ਹੋਰ ਪ੍ਰਸ਼ਾਸਨਿਕ ਖੇਤਰ ਵਿਚ ਜਾਣ ਵਾਲੀਆਂ ਔਰਤਾਂ ਨੂੰ ਸਾਧਾਰਨ ਤੇ ਚੰਗੀ ਦਿੱਖ ਵਾਲੇ ਡਿਜ਼ਾਈਨ ਦੇ ਹੈਂਡਬੈਗ ਅਤੇ ਪਰਸ ਜ਼ਿਆਦਾ ਫਬਣਗੇ।
ਸ਼ਖ਼ਸੀਅਤ ਅਨੁਸਾਰ ਹੈਂਡਬੈਗ ਦੀ ਵਰਤੋਂ ਕਰੋ : ਹੈਂਡਬੈਗ ਦੀ ਚੋਣ ਕਰਦੇ ਸਮੇਂ ਆਪਣੀ ਸ਼ਖ਼ਸੀਅਤ 'ਤੇ ਵੀ ਧਿਆਨ ਦੇਣਾ ਜ਼ਰੂਰੀ ਹੈ। ਛੋਟੇ ਕੱਦ ਵਾਲੀਆਂ ਔਰਤਾਂ ਨੂੰ ਦਰਮਿਆਨੇ ਪਰਸ ਅਤੇ ਹੈਂਡਬੈਗ ਦੀ ਹੀ ਚੋਣ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ।
ਪਰਸ ਵਿਚ ਬੋਤਲ ਆਦਿ ਨਾ ਰੱਖੋ : ਸਦਾ ਯਾਦ ਰੱਖੋ ਕਿ ਹੈਂਡਬੈਗ ਤੁਹਾਡੀ ਸ਼ਖ਼ਸੀਅਤ ਦਾ ਸ਼ੀਸ਼ਾ ਹਨ ਅਤੇ ਇਸ ਵਿਚ ਬੇਕਾਰ ਦੀਆਂ ਚੀਜ਼ਾਂ ਨੂੰ ਰੱਖਣਾ ਫੂਹੜ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਪਰਸ ਦੇ ਅੰਦਰ ਬੇਕਾਰ ਦੀਆਂ ਚੀਜ਼ਾਂ ਨੂੰ ਥਾਂ ਨਾ ਦਿਓ ਅਤੇ ਜੀਵਨ ਦੀ ਜ਼ਰੂਰਤ ਅਨੁਸਾਰ ਜ਼ਰੂਰੀ ਪਾਣੀ ਦੀ ਬੋਤਲ ਨੂੰ ਵੀ ਵੱਖਰੀ ਕਿਤੇ ਥੈਲੇ ਵਿਚ ਰੱਖੋ। ਇਸ ਨਾਲ ਤੁਸੀਂ ਬੇਹੱਦ ਸ਼ਾਲੀਨ ਅਤੇ ਸੁਲਝੇ ਹੋਏ ਨਜ਼ਰ ਆਓਗੇ।
ਹਿਫਾਜ਼ਤ ਨਾਲ ਰੱਖੋ : ਹੈਂਡਬੈਗ ਤੇ ਪਰਸ ਦੀ ਵਰਤੋਂ ਕਰਨ ਤੋਂ ਬਾਅਦ ਸੁਰੱਖਿਅਤ ਥਾਂ 'ਤੇ ਰੱਖਣਾ ਬਿਲਕੁਲ ਨਾ ਭੁੱਲੋ, ਸਗੋਂ ਉਸ ਵਿਚੋਂ ਸਾਮਾਨ ਕੱਢਣ ਤੋਂ ਬਾਅਦ ਉਸ ਦੀ ਥਾਂ 'ਤੇ ਕਾਗਜ਼ ਭਰ ਦਿਓ, ਤਾਂ ਕਿ ਆਕਾਰ ਖ਼ਰਾਬ ਹੋਣ ਦੀ ਸਮੱਸਿਆ ਤੋਂ ਨਿਜ਼ਾਤ ਮਿਲ ਸਕੇ। ਇਸ ਤਰ੍ਹਾਂ ਤੁਸੀਂ ਹੈਂਡਬੈਗ ਨਾਲ ਆਪਣੀ ਸ਼ਖ਼ਸੀਅਤ ਦੇ ਨਿਖ਼ਾਰ ਨੂੰ ਬਰਕਰਾਰ ਰੱਖਦੇ ਹੋਏ ਦੂਜੇ ਲੋਕਾਂ 'ਤੇ ਆਪਣੀ ਇਕ ਖ਼ਾਸ ਤੇ ਵੱਖਰੀ ਪਛਾਣ ਛੱਡ ਸਕਦੇ ਹੋ, ਜੋ ਮਨ ਹੀ ਮਨ ਇਕ ਸੁਖਦ ਅਨੰਦ ਦਾ ਅਹਿਸਾਸ ਕਰਾਏਗਾ।



ਅਨੂਪ ਮਿਸ਼ਰਾ

# ਬੱਚਿਆਂ ਨੂੰ ਸਿਖਾਓ ਸਬਰ

ਹਰ ਮਾਤਾ-ਪਿਤਾ ਦੀ ਇਹ ਦਿਲੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਆਗਿਆਕਾਰੀ, ਸਮਝਦਾਰ ਅਤੇ ਚੰਗੇ ਇਨਸਾਨ ਬਣਨ। ਇਸ ਲਈ ਉਹ ਆਪਣੇ ਵਲੋਂ ਬੱਚਿਆਂ ਨੂੰ ਹਰ ਉਹ ਗੱਲ ਦੱਸਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਉਨ੍ਹਾਂ ਲਈ ਜ਼ਰੂਰੀ ਹੈ। ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਦੇ ਨਾਲ-ਨਾਲ ਮਾਤਾ-ਪਿਤਾ ਵਲੋਂ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਇਹ ਚੰਗੀਆਂ ਆਦਤਾਂ ਬੱਚਿਆਂ ਦੇ ਭਵਿੱਖ ਵਿਚ ਸਹਾਈ ਹੁੰਦੀਆਂ ਹਨ। ਜਿਥੇ ਇਹ ਆਦਤਾਂ ਸਫਲਤਾ ਪ੍ਰਾਪਤ ਕਰਨ ਵਿਚ ਮਦਦ ਕਰਦੀਆਂ ਹਨ, ਉਥੇ ਹੀ ਪ੍ਰੇਸ਼ਾਨੀ ਨਾਲ ਨਜਿੱਠਣ ਅਤੇ ਸ਼ਾਂਤ ਰਹਿ ਕੇ ਪ੍ਰੇਸ਼ਾਨੀ ਦਾ ਹੱਲ ਕਰਨ ਵਿਚ ਮਦਦ ਕਰਦੀਆਂ ਹਨ। ਅੱਜਕਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਬੱਚਿਆਂ ਵਿਚ ਸਬਰ ਦੀ ਕਮੀ ਦੇਖਣ ਨੂੰ ਮਿਲਦੀ ਹੈ। ਬੱਚੇ ਚਾਹੁੰਦੇ ਹਨ ਕਿ ਉਹ ਗੱਲ ਮੂੰਹੋਂ ਕੱਢਣ ਅਤੇ ਉਹ ਤੁਰੰਤ ਪੂਰੀ ਹੋ ਜਾਵੇ। ਬਹੁਤੀ ਵਾਰ ਮਾਤਾ-ਪਿਤਾ ਵਲੋਂ ਬੱਚੇ ਦੀ ਗੱਲ ਤੁਰੰਤ ਪੂਰੀ ਕਰ ਦਿੱਤੀ ਜਾਂਦੀ ਹੈ, ਜਿਸ ਕਰਕੇ ਬੱਚੇ ਨੂੰ ਆਪਣੀ ਗੱਲ ਤੁਰੰਤ ਮਨਵਾਉਣ ਦੀ ਆਦਤ ਪੈ ਜਾਂਦੀ ਹੈ। ਮਾਤਾ-ਪਿਤਾ ਨੂੰ ਲਗਦਾ ਹੈ ਕਿ ਹਾਲੇ ਸਾਡਾ ਬੱਚਾ ਛੋਟਾ ਹੈ ਅਤੇ ਸਮੇਂ ਦੇ ਨਾਲ-ਨਾਲ ਉਹ ਆਪੇ ਸਬਰ ਨਾਲ ਕੰਮ ਕਰਨਾ ਸਿੱਖ ਜਾਏਗਾ, ਪ੍ਰੰਤੂ ਉਹ ਭੁੱਲ ਜਾਂਦੇ ਹਨ ਕਿ ਬਚਪਨ ਵਿਚ ਪਾਈ ਚੰਗੀ ਆਦਤ ਹੀ ਬੱਚੇ ਦੇ ਆਉਣ ਵਾਲੇ ਭਵਿੱਖ ਲਈ ਲਾਭਦਾਇਕ ਸਿੱਧ ਹੋਵੇਗੀ। ਘਰ ਬੱਚੇ ਦਾ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਤਾ-ਪਿਤਾ ਬੱਚੇ ਦੇ ਪਹਿਲੇ ਅਧਿਆਪਕ ਹੁੰਦੇ ਹਨ। ਇਸ ਲਈ ਮਾਤਾ-ਪਿਤਾ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਬੱਚੇ ਨੂੰ ਸਬਰ ਕਰਨ ਵਰਗੀ ਚੰਗੀ ਆਦਤ ਬਾਰੇ ਜ਼ਰੂਰ ਸਮਝਾਉਣ। ਕਈ ਵਾਰ ਬੱਚਾ ਭੁੱਖ ਲੱਗਣ 'ਤੇ ਕਿਸੇ ਖ਼ਾਸ ਚੀਜ਼ ਨੂੰ ਖਾਣ ਦੀ ਜ਼ਿੱਦ ਕਰਨ



ਲਗਦਾ ਹੈ, ਪ੍ਰੰਤੂ ਉਸ ਸਮੇਂ ਉਹ ਖਾਣ ਵਾਲੀ ਚੀਜ਼ ਘਰ ਵਿਚ ਉਪਲਬਧ ਨਹੀਂ ਹੁੰਦੀ ਅਤੇ ਬੱਚਾ ਇਹ ਜ਼ਿੱਦ ਕਰਕੇ ਬੈਠ ਜਾਂਦਾ ਹੈ ਕਿ ਉਸ ਵਲੋਂ ਸਿਰਫ਼ ਆਪਣੀ ਮਨਪਸੰਦ ਚੀਜ਼ ਹੀ ਖਾਧੀ ਜਾਵੇਗੀ ਅਜਿਹੇ ਵੇਲੇ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਪਿਆਰ ਨਾਲ ਸਮਝਾਉਣ ਅਤੇ ਘਰ ਵਿਚ ਪਈ ਚੀਜ਼ ਬੱਚੇ ਨੂੰ ਖਾਣ ਲਈ ਦੇਣ। ਬੱਚੇ ਨੂੰ ਇਹ ਸਮਝਾਇਆ ਜਾਵੇ ਕਿ ਉਸ ਦੀ ਖਾਣ ਵਾਲੀ ਮਨਪਸੰਦ ਵਸਤੂ ਇਸ ਵੇਲੇ ਘਰ ਵਿਚ ਉਪਲਬਧ ਨਹੀਂ ਹੈ, ਇਸ ਲਈ ਕੁਝ ਸਮਾਂ ਸਬਰ ਕਰਨਾ ਪਵੇਗਾ।
ਬਹੁਤੀ ਵਾਰ ਇੰਝ ਹੁੰਦਾ ਹੈ ਕਿ ਬੱਚਾ ਬਾਜ਼ਾਰ ਵਿਚ ਕਿਸੇ ਖ਼ਾਸ ਕਿਸਮ ਦੇ ਖਿਡੌਣੇ ਨੂੰ ਲੈ ਕੇ ਦੇਣ ਦੀ ਜ਼ਿੱਦ ਕਰ ਬੈਠਦਾ ਹੈ ਅਤੇ ਆਪਣੀ ਜ਼ਿੱਦ ਪੂਰੀ ਕਰਾਉਣ ਲਈ ਬਾਜ਼ਾਰ ਵਿਚ ਹੀ ਉੱਚੀ-ਉੱਚੀ ਰੌਲਾ ਪਾਉਂਦਾ ਹੈ। ਅਜਿਹੇ ਸਮੇਂ ਮਾਤਾ-ਪਿਤਾ ਬਹੁਤ ਬੁਰਾ ਮਹਿਸੂਸ ਕਰਦੇ ਹਨ, ਇਸ ਵੇਲੇ ਜੇਕਰ ਮਾਤਾ-ਪਿਤਾ ਵਲੋਂ ਬੱਚੇ ਨੂੰ ਸਬਰ ਦੀ ਅਹਿਮੀਅਤ ਸਮਝਾਈ ਹੁੰਦੀ ਤਾਂ ਬੱਚਾ ਰੌਲਾ ਪਾਉਣ ਦੀ ਜਗ੍ਹਾ ਮਾਤਾ-ਪਿਤਾ ਦੀ ਗੱਲ ਨੂੰ ਸਮਝ ਲੈਂਦਾ। ਨਾਲੋ-ਨਾਲ ਬੱਚਿਆਂ ਨੂੰ ਇਹ ਗੱਲ ਸਮਝਾਈ ਜਾਣੀ ਚਾਹੀਦੀ ਹੈ ਕਿ ਸਬਰ ਕਰਨ ਨਾਲ ਹੀ ਸਾਰੇ ਕੰਮ ਸਹੀ ਅਤੇ ਚੰਗੇ ਢੰਗ ਨਾਲ ਕੀਤੇ ਜਾ ਸਕਦੇ ਹਨ। ਬੱਚਿਆਂ ਵਿਚ ਸਬਰ ਕਰਨ ਦੀ ਆਦਤ ਬਚਪਨ ਵਿਚ ਹੀ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਬੱਚਿਆਂ ਨੂੰ ਇਹ ਗੱਲ ਸਮਝਾਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਸਹੀ ਸਮਾਂ ਆਉਣ 'ਤੇ ਇਹ ਚੀਜ਼ਾਂ ਤੁਹਾਨੂੰ ਜ਼ਰੂਰ ਮਿਲਣਗੀਆਂ ਪਰ ਇਸ ਲਈ ਕੁਝ ਸਮਾਂ ਸਬਰ ਜ਼ਰੂਰ ਕਰਨਾ ਪਵੇਗਾ। ਅਜਿਹਾ ਕਰਕੇ ਅਸੀਂ ਆਪਣੇ ਬੱਚੇ ਵਿਚ ਇਕ ਚੰਗੀ ਆਦਤ ਵਿਕਸਿਤ ਕਰ ਸਕਦੇ ਹਾਂ।

ਪ੍ਰਿੰਸ ਅਰੋੜਾ

# ਹੱਡੀਆਂ ਬਾਰੇ ਤੁਸੀਂ ਕਿੰਨਾ ਜਾਣਦੇ ਹੋ?



ਬੱਚਿਆਂ ਨੂੰ ਕੋਈ ਵੀ ਸੱਟ ਲੱਗੇ, ਮਾਂ ਸਭ ਤੋਂ ਪਹਿਲਾਂ ਡਰ ਨਾਲ ਭਰ ਜਾਂਦੀ ਹੈ ਕਿਤੇ ਹੱਡੀ ਤਾਂ ਨਹੀਂ ਟੁੱਟ ਗਈ? ਹੱਡੀ ਟੁੱਟ ਜਾਣ ਨੂੰ ਲੈ ਕੇ ਸੈਂਕੜੇ ਤਰ੍ਹਾਂ ਦੇ ਭਰਮ ਅਤੇ ਮਿੱਥਾਂ ਹਨ। ਆਓ, ਇਸ ਪ੍ਰਸ਼ਨਾਵਲੀ ਰਾਹੀਂ ਪਰਖਦੇ ਹਾਂ ਕਿ ਇਸ ਬਾਰੇ ਆਖ਼ਰ ਤੁਹਾਡੀਆਂ ਜਾਣਕਾਰੀਆਂ ਕਿੰਨੀਆਂ ਦਰੁੱਸਤ ਹਨ?

1. ਜੇਕਰ ਤੁਹਾਨੂੰ ਸੱਟ ਲਗੀ ਹੈ ਅਤੇ ਤੁਸੀਂ ਆਪਣਾ ਹੱਥ ਜਾਂ ਪੈਰ ਹਿਲਾ ਨਹੀਂ ਸਕਦੇ ਤਾਂ ਕੀ ਇਸ ਦਾ ਸੌ ਫ਼ੀਸਦੀ ਮਤਲਬ ਇਹੀ ਹੈ ਕਿ ਤੁਹਾਡੀ ਹੱਡੀ ਟੁੱਟ ਗਈ ਹੈ?
(ੳ) ਹਾਂ, (ਅ) ਬਿਲਕੁਲ ਨਹੀਂ, (ੲ) ਟੁੱਟ ਵੀ ਸਕਦੀ ਹੈ ਅਤੇ ਨਹੀਂ ਵੀ।
2. ਹੱਡੀ ਟੁੱਟਣ ਦਾ ਸਭ ਤੋਂ ਵੱਡਾ ਸੰਕੇਤ ਕੀ ਹੁੰਦਾ ਹੈ?
(ੳ) ਭਿਆਨਕ ਦਰਦ ਹੋਣਾ। (ਅ) ਟੁੱਟਣ ਦੀ ਥਾਂ ਫੁੱਲ ਜਾਣਾ (ੲ) ਸਰੀਰ ਦਾ ਕੋਈ ਅੰਗ ਟੇਢਾ-ਮੇਢਾ ਹੋ ਜਾਣਾ।
3. ਕਈ ਵਾਰ ਸੁਣਨ ਨੂੰ ਮਿਲਦਾ ਹੈ ਕਿ ਕਿਸੇ ਦੀ ਕੋਈ ਹੱਡੀ ਟੁੱਟਣ ਦਾ ਪਤਾ ਕਈ ਸਾਲਾਂ ਬਾਅਦ ਲਗਦਾ ਹੈ, ਕੀ ਇਹ ਸੰਭਵ ਹੈ?
(ੳ) ਹਾਂ, (ਅ) ਪਤਾ ਨਹੀਂ, (ੲ) ਬਿਲਕੁਲ ਨਹੀਂ।
4. ਕੀ ਇੰਗਲੈਂਡ ਵਿਚ ਗੋਰੀਆਂ ਔਰਤਾਂ ਦੀਆਂ ਹੱਡੀਆਂ ਕਾਲੀਆਂ ਔਰਤਾਂ ਦੇ ਮੁਕਾਬਲੇ ਜ਼ਿਆਦਾ ਛੇਤੀ ਟੁੱਟ ਜਾਂਦੀਆਂ ਹਨ?
(ੳ) ਪਤਾ ਨਹੀਂ, (ਅ), ਹਾਂ, ਇੰਗਲੈਂਡ ਵਿਚ ਤੱਥ ਸੱਚ ਹੈ। (ੲ) ਬਿਲਕੁਲ ਨਹੀਂ।
5. ਪੈਰ ਦੀਆਂ ਉਂਗਲੀਆਂ ਦੀ ਹੱਡੀ ਟੁੱਟਣ ਤੋਂ ਬਾਅਦ ਵੀ ਉਹ ਸਿੱਧੀ ਕਿਉਂ ਰਹਿੰਦੀ ਹੈ?
(ੳ) ਕਿਉਂਕਿ ਪੈਰ ਦੀਆਂ ਉਂਗਲੀਆਂ ਦੀਆਂ ਹੱਡੀਆਂ ਜੁੜੀਆਂ ਹੋਈਆਂ ਹੁੰਦੀਆਂ ਹਨ।
(ਅ) ਕਿਉਂਕਿ ਪੈਰ ਦੀਆਂ ਉਂਗਲੀਆਂ ਵਿਚ ਹੱਡੀਆਂ ਹੁੰਦੀਆਂ ਹੀ ਨਹੀਂ।
(ੲ) ਕਿਉਂਕਿ ਪੈਰ ਦੀਆਂ ਉਂਗਲੀਆਂ ਦੀਆਂ ਹੱਡੀਆਂ ਲਚਕਦਾਰ ਹੁੰਦੀਆਂ ਹਨ।

ਨਤੀਜਾ : ਜੇਕਰ ਤੁਸੀਂ ਇਥੇ ਮੌਜੂਦ ਸਾਰੇ ਸਵਾਲਾਂ ਨੂੰ ਧਿਆਨ ਨਾਲ ਪੜ੍ਹਿਆ ਹੈ ਅਤੇ ਉਨ੍ਹਾਂ ਸਵਾਲਾਂ ਦੇ ਉੱਤਰ ਦੇ ਰੂਪ ਵਿਚ ਜੋ ਤਿੰਨ-ਤਿੰਨ ਬਦਲ ਦਿੱਤੇ ਗਏ ਹਨ, ਉਨ੍ਹਾਂ ਵਿਚੋਂ ਉਸੇ ਬਦਲ 'ਤੇ ਸਹੀ ਦਾ ਨਿਸ਼ਾਨ ਲਗਾਇਆ ਹੈ, ਜੋ ਤੁਹਾਡੇ ਅਨੁਸਾਰ ਬਿਲਕੁਲ ਸਹੀ ਹੈ ਤਾਂ ਫਿਰ ਹੁਣ ਇਹ ਜਾਣਨ ਲਈ ਤਿਆਰ ਹੋ ਜਾਓ ਕਿ ਤੁਸੀਂ ਹੱਡੀਆਂ ਬਾਰੇ ਕਿੰਨਾ ਜਾਣਦੇ ਹੋ?
(ੳ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 15 ਤੋਂ ਜ਼ਿਆਦਾ ਹਨ ਤਾਂ ਤੁਸੀਂ ਹੱਡੀਆਂ ਬਾਰੇ ਸਹੀ ਅਤੇ ਲਗਭਗ ਸਭ ਕੁਝ ਜਾਣਦੇ ਹੋ।
(ਅ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 15 ਜਾਂ ਇਸ ਤੋਂ ਘੱਟ ਪਰ 10 ਤੋਂ ਜ਼ਿਆਦਾ ਹਨ ਤਾਂ ਤੁਸੀਂ ਹੱਡੀਆਂ ਬਾਰੇ ਕਾਫ਼ੀ ਕੁਝ ਜਾਣਦੇ ਹੋ, ਪਰ ਸਭ ਕੁਝ ਨਹੀਂ ਜਾਣਦੇ।
(ੲ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 10 ਤੋਂ ਘੱਟ ਹਨ ਤੇ ਭਾਵੇਂ ਤੁਸੀਂ ਕਿੰਨੇ ਪੜ੍ਹੇ ਲਿਖੇ ਹੋ, ਪਰ ਹੱਡੀਆਂ ਬਾਰੇ ਤੁਹਾਡੀ ਜਾਣਕਾਰੀ ਬਹੁਤ ਸੀਮਤ ਹੈ ਅਤੇ ਪੜ੍ਹ ਕੇ ਆਪਣੀ ਜਾਣਕਾਰੀ ਸਹੀ ਕਰੋ ਤਾਂ ਕਿ ਘਰ ਵਿਚ ਜੇਕਰ ਕਿਸੇ ਦੀ ਹੱਡੀ ਟੁੱਟ ਜਾਵੇ ਤਾਂ ਤੁਸੀਂ ਤਣਾਅ ਵਿਚ ਨਾ ਆਓ।

ਪਿੰਕੀ ਅਰੋੜਾ

# ਇੰਟੀਰੀਅਰ ਡਿਜ਼ਾਈਨ ਸੁਝਾਅ ਨਾਲ ਲੱਗੇ ਕੁਝ ਵੱਖਰਾ

ਜਾਮੈਟ੍ਰਿਕ ਬੈੱਡਰੂਮ : ਸੁਣਨ ਵਿਚ ਥੋੜ੍ਹਾ ਵੱਖਰਾ ਜਿਹਾ ਲਗਦਾ ਹੈ ਪਰ ਜ਼ਿਆਮਿਤੀ ਪੈਟਰਨ ਵਾਲੀਆਂ ਦੀਵਾਰਾਂ ਅਤੇ ਹਲਕਾ ਬਲੈਕ ਐਂਡ ਵਾਈਟ ਰੰਗ, ਰੈਕਟੈਂਗਲ ਬੈੱਡ ਅਤੇ ਸਰਕੂਲਰ ਮਿਰਰ। ਇਹ ਸਭ ਮਿਲ ਕੇ ਬੈੱਡਰੂਮ ਦੇ ਅੰਦਰ ਇਕ ਜ਼ਿਆਮਿਤੀ ਦੁਨੀਆ ਹੀ ਸਾਕਾਰ ਨਹੀਂ ਕਰਦੇ, ਸਗੋਂ ਸਾਨੂੰ ਸੁੰਦਰਤਾ ਦੇ ਅਹਿਸਾਸ ਦੇ ਉਸ ਧਰਾਤਲ 'ਤੇ ਲੈ ਜਾਂਦੇ ਹਨ ਜਿਥੇ ਇਕ-ਇਕ ਕੋਨਾ ਕੋਈ ਕਹਾਣੀ ਕਹਿੰਦਾ ਹੈ। ਇਹ ਡਿਜ਼ਾਈਨ ਸੱਚਮੁੱਚ ਬੈੱਡਰੂਮ ਨੂੰ ਸ਼ਾਨਦਾਰ ਅਤੇ ਗਾਰਜੀਅਸ ਦਿੱਖ ਦਿੰਦਾ ਹੈ। ਯਕੀਨਨ ਇਹ ਬੈੱਡਰੂਮ ਤੁਹਾਨੂੰ ਆਪਣੇ ਸੁਪਨਿਆਂ ਦੀ ਦੁਨੀਆ ਵਿਚ ਲੈ ਜਾਵੇਗਾ।



ਬ੍ਰਿਕ ਵਾਲ ਬੈੱਡਰੂਮ ਇੰਟੀਰੀਅਰ ਡਿਜ਼ਾਈਨ : 70 ਅਤੇ 80 ਦੇ ਦਹਾਕੇ ਦੀਆਂ ਹਾਲੀਵੁੱਡ ਦੀਆਂ ਡਰਾਉਣੀਆਂ ਫ਼ਿਲਮਾਂ ਵਰਗੇ 'ਕਲਰ ਕੰਬੀਨੇਸ਼ਨ, ਜੋ ਇਕੱਠੇ ਤੁਹਾਡੇ ਬੈੱਡਰੂਮ ਨੂੰ ਜੀਨੀਅਸ ਅਤੇ ਬੇਹੱਦ ਮਿਸਟੀਰੀਅਸ ਦਿੱਖ ਦੇਵੇਗਾ। ਜੇਕਰ ਤੁਸੀਂ ਕਦੀ ਬ੍ਰਿਕ ਦਿੱਖ ਵਾਲਾ ਬੈੱਡਰੂਮ ਨਹੀਂ ਦੇਖਿਆ ਤਾਂ ਜ਼ਰਾ ਕਲਪਨਾ ਕਰੋ ਇਹ ਕਿੰਨਾ ਖ਼ੂਬਸੂਰਤ ਦਿਸਦਾ ਹੈ। ਦਰਅਸਲ ਬ੍ਰਿਕ ਵਾਲ ਬੈੱਡਰੂਮ ਵਿਚ ਇਕ ਸੁੰਦਰ ਕਿਸਮ ਦੀ ਸਾਦਗੀ ਦਿਸਦੀ ਹੈ ਅਤੇ ਹਾਂ, ਤੁਸੀਂ ਅਤੀਤ ਦੇ ਬੇਹੱਦ ਵਿਹਾਰਕ ਰੂਪ ਨਾਲ ਵੀ ਜੁੜੇ ਹੋਣ ਦਾ ਅਹਿਸਾਸ ਕਰ ਸਕਦੇ ਹੋ।
ਲੈਦਰ ਫਲੈਵਰ ਇੰਟੀਰੀਅਰ ਡਿਜ਼ਾਈਨ : ਇਹ ਬਿਲਕੁਲ ਵੱਖਰੀ ਕਿਸਮ ਦੀ ਕਲਪਨਾ ਹੈ, ਜੋ ਭੌਤਿਕ ਚੀਜ਼ਾਂ ਨੂੰ ਜੀਵਨ ਪ੍ਰਦਾਨ ਕਰਦੇ ਹਨ। ਇਸ ਬੈੱਡਰੂਮ ਵਿਚ ਤੁਹਾਡਾ ਬੈੱਡ ਇਸ ਤਰ੍ਹਾਂ ਨਾਲ ਡਿਜ਼ਾਈਨ ਕੀਤਾ ਗਿਆ ਹੋਵੇਗਾ, ਜੋ ਲੱਗੇਗਾ ਲੈਦਰ ਭਾਵ ਚਮੜੇ ਦਾ ਹੈ। ਜ਼ਾਹਿਰ ਹੈ ਇਸ ਵਿਚ ਵਿਲਾਸਿਤਾ ਦਾ ਅਹਿਸਾਸ ਮਹਿਸੂਸ ਹੁੰਦਾ ਹੈ। ਇਹ ਇਕ ਸ਼ਾਨਦਾਰ ਆਕਰਸ਼ਣ ਹੈ ਅਤੇ ਸਾਨੂੰ ਬੈੱਡ ਵਿਚ ਲੰਮੇ ਪਿਆਂ ਹੀ ਆਪਣੀ ਕੁਦਰਤੀ ਦਿੱਖ ਨਾਲ ਰੋਮਾਂਚਿਤ ਕਰਦਾ ਹੈ। ਇਸ ਦੇ ਫਰਸ਼ ਵਿਚ ਇਕ ਸਟਾਈਲਿਸ਼ ਪੈਟਰਨ ਵਾਲੀ ਕਾਲੀਨ ਬੈੱਡਰੂਮ ਨੂੰ ਬਿਲਕੁਲ ਸ਼ਾਹੀ ਦਿੱਖ ਦੇਵੇਗੀ।

## ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਵਿਸ਼ੇਸ਼

# ਬੰਸਾਵਲੀ ਮਹਾਰਾਜਾ ਰਣਜੀਤ ਸਿੰਘ



**ਸੰਨ 1470 ਨੂੰ ਇੱਕ ਟੱਪਰੀਵਾਸ, ਵੜਾਇਚ ਗੋਤ ਦਾ ਜੱਟ ਪਿੰਡ ਸਾਹਸੀ ਵਿਚ ਆਣ ਵਸਿਆ ਜਿਸ ਦਾ ਨਾਓਂ ਸੀ ਕਾਲੂ**

- ਕਾਲੂ
  - ਜੱਦੋਮਾਨ
    - ਗਲੇਬ
      - ਕਿੱਡੋ ਜਾਂ ਕਿੱਢੋ
        - ਰਾਜਦੇਵ
          - ਨੀਲੂ
          - ਤੇਲੂ
          - ਤਖ਼ਤੂ (ਤਖ਼ਤ ਮੱਲ)
            - ਬੱਲੂ
            - ਬਾਰਾ
              - ਬੁੱਧਾ ਜਾਂ ਬੁੱਧੂ
                - ਨੌਧ ਸਿੰਘ
                  - ਚੜ੍ਹਤ ਸਿੰਘ
                    - ਮਹਾਂ ਸਿੰਘ
                      - ਮਹਾਰਾਜਾ ਰਣਜੀਤ ਸਿੰਘ
                        - ਖੜਕ ਸਿੰਘ
                          - ਕੰਵਰ ਨੌਨਿਹਾਲ ਸਿੰਘ
                        - ਸ਼ੇਰ ਸਿੰਘ
                          - ਪਰਤਾਪ ਸਿੰਘ
                          - ਸ਼ਿਵਦੇਵ ਸਿੰਘ
                            - ਸੁਖਦੇਵ ਸਿੰਘ
                          - ਬਖ਼ਸ਼ੀਸ਼ ਸਿੰਘ
                        - ਤਾਰਾ ਸਿੰਘ
                        - ਮੁਲਤਾਨਾ ਸਿੰਘ
                        - ਕਸ਼ਮੀਰਾ ਸਿੰਘ
                        - ਪਸ਼ੌਰਾ ਸਿੰਘ
                        - ਦਲੀਪ ਸਿੰਘ
                          - ਪਹਿਲੀ ਰਾਣੀ ਬੰਬਾ (ਮੂਲਰ ਤੋਂ)
                            - ਵਿਕਟਰ ਦਲੀਪ ਸਿੰਘ
                            - ਫਰੈਡਰਿਕ ਦਲੀਪ ਸਿੰਘ
                            - ਐਡਵਰਡ ਦਲੀਪ ਸਿੰਘ
                            - ਬੰਬਾ ਦਲੀਪ ਸਿੰਘ (ਲੜਕੀ)
                            - ਸੋਫੀਆ ਦਲੀਪ ਸਿੰਘ (ਲੜਕੀ)
                            - ਕੈਥੋਰਾਈਨ ਦਲੀਪ ਸਿੰਘ (ਲੜਕੀ)
                          - ਦੂਜੀ ਰਾਣੀ ਐਡਾਡੌਂਗਲਿਸ ਵੈਥਰਿਲ ਤੋਂ
                            - ਪੌਲੀਵਾ ਐਲੈਗਜ਼ੈਂਡਰਾ ਦਲੀਪ ਸਿੰਘ (ਲੜਕੀ)
                            - ਐਡਾਐਰਨ ਹੈਲਨ ਬੈਨਿਲ ਦਲੀਪ ਸਿੰਘ (ਲੜਕੀ)
                  - ਦਲ ਸਿੰਘ
                  - ਚੇਤ ਸਿੰਘ
                  - ਮੰਗੀ ਸਿੰਘ
                - ਚੰਦਾ
                  - ਦੀਦਾਰ ਸਿੰਘ
                    - ਅਮੀਰ ਸਿੰਘ ਸੰਧਾਵਾਲੀਆ
                      - ਅਤਰ ਸਿੰਘ
                        - ਕੇਹਰ ਸਿੰਘ
                      - ਬੁਧ ਸਿੰਘ
                        - ਸਮਸ਼ੇਰ ਸਿੰਘ
                      - ਵਸਾਵਾ ਸਿੰਘ
                        - ਅਜੀਤ ਸਿੰਘ
                        - ਰਣਜੋਰ ਸਿੰਘ
                      - ਲਹਿਣਾ ਸਿੰਘ
                        - ਠਾਕਰ ਸਿੰਘ
                          - ਬਖਸ਼ੀਸ਼ ਸਿੰਘ
                            - ਰਘਬੀਰ ਸਿੰਘ
                              - ਮੇਜਰ ਸਿੰਘ
                        - ਪਰਤਾਪ ਸਿੰਘ (ਇਹ ਸ਼ਮਸ਼ੇਰ ਸਿੰਘ ਦਾ ਮਤਵਨਾ ਬਣਿਆ)
        - ਪ੍ਰੇਮੂ

ਅਵਤਾਰ ਐੱਸ. ਸੰਘਾ
Avtar S. Sangha
Sydney
0437641033



(ਡਾ.ਗੁਰਦੇਵ ਸਿੰਘ ਪੰਦੋਹਲ ਦੀ ਪੁਸਤਕ 'ਰੰਗ ਬਰੰਗੀਆਂ' ਵਿੱਚੋਂ)

# ਸ਼ੂਗਰ ਲੈਵਲ ਨੂੰ ਘੱਟ ਕਰਨ 'ਚ ਸਹਾਇਕ ਹੁੰਦਾ ਹੈ ਕੱਚਾ ਅੰਬ

ਗਰਮੀਆਂ ਦੇ ਮੌਸਮ 'ਚ ਸਭ ਤੋਂ ਜ਼ਿਆਦਾ ਅਸਰ ਸਾਡੀ ਸਿਹਤ 'ਤੇ ਪੈਂਦਾ ਹੈ ਇਸ ਲਈ ਖਾਣ-ਪੀਣ ਦੇ ਮਾਮਲੇ 'ਚ ਸਾਵਧਾਨ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਮੌਸਮ 'ਚ ਆਉਣ ਵਾਲਾ ਫਲ ਅੰਬ ਸਾਰਿਆਂ ਨੂੰ ਬਹੁਤ ਪਸੰਦ ਹੁੰਦਾ ਹੈ। ਸੁਆਦ ਦੇ ਮਾਮਲੇ 'ਚ ਜਿੰਨਾ ਸੁਆਦ ਪੱਕਿਆ ਹੋਇਆ ਅੰਬ ਹੁੰਦਾ ਹੈ ਉਸ ਤੋਂ ਕਿਤੇ ਜ਼ਿਆਦਾ ਕੱਚੇ ਅੰਬ ਤੋਂ ਪ੍ਰਯੋਗ ਖਾਣ ਦੀਆਂ ਚੀਜ਼ਾਂ 'ਚ ਹੁੰਦਾ ਹੈ। ਕੱਚਾ ਅੰਬ ਸੁਆਦ ਦੇ ਨਾਲ ਹੀ ਸਿਹਤ ਦੇ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।



1. ਜੇਕਰ ਤੁਹਾਨੂੰ ਐਸਡਿਟੀ, ਗੈਸ ਜਾਂ ਅਪਤ ਵਰਗੀਆਂ ਸਮੱਸਿਆਵਾਂ ਹੋ ਰਹੀਆਂ ਹਨ ਤਾਂ ਕੱਚੇ ਅੰਬ ਦੀ ਵਰਤੋਂ ਤੁਹਾਡੇ ਲਈ ਕਾਫੀ ਲਾਭਦਾਇਕ ਹੋਵੇਗੀ। ਇਹ ਕਬਜ਼ ਅਤੇ ਪੇਟ ਦੀਆਂ ਸਭ ਬੀਮਾਰੀਆਂ ਤੋਂ ਨਿਪਟਣ 'ਚ ਤੁਹਾਡੀ ਮਦਦ ਕਰਦਾ ਹੈ।
2. ਕੱਚੇ ਅੰਬ ਦੀ ਨਿਯਮਿਤ ਵਰਤੋਂ ਕਰਨ ਨਾਲ ਵਾਲਾਂ ਦਾ ਰੰਗ ਕਾਲਾ ਬਣਿਆ ਰਹਿੰਦਾ ਹੈ ਅਤੇ ਇਹ ਚਮੜੀ ਨੂੰ ਬੇਦਾਗ ਅਤੇ ਦਮਕਦੀ ਹੋਈ ਬਣਾਏ ਰੱਖਣ 'ਚ ਵੀ ਮਦਦ ਕਰਦਾ ਹੈ।
3. ਸ਼ੂਗਰ ਦੀ ਸਮੱਸਿਆ ਹੋਣ 'ਤੇ ਇਸ ਦਾ ਪ੍ਰਯੋਗ ਤੁਹਾਡੇ ਸ਼ੂਗਰ ਲੈਵਲ ਨੂੰ ਘੱਟ ਕਰਨ 'ਚ ਬਹੁਤ ਸਹਾਇਕ ਹੁੰਦਾ ਹੈ। ਕੱਚਾ ਅੰਬ ਸਰੀਰ 'ਚ ਆਇਰਨ ਦੀ ਕਮੀ ਨੂੰ ਵੀ ਪੂਰਾ ਕਰਦਾ ਹੈ।
4. ਇਸ 'ਚ ਵਿਟਾਮਿਨ ਸੀ ਦੀ ਵੀ ਭਰਪੂਰ ਮਾਤਰਾ ਹੁੰਦੀ ਹੈ ਜੋ ਤੁਹਾਡੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ।
5. ਜੇਕਰ ਤੁਹਾਨੂੰ ਜ਼ਿਆਦਾ ਪਸੀਨਾ ਆਉਂਦਾ ਹੈ ਤਾਂ ਕੱਚੇ ਅੰਬ ਦਾ ਪੰਨਾ ਜਾਂ ਫਿਰ ਕਿਸੇ ਵੀ ਰੂਪ 'ਚ ਇਸ ਦੀ ਵਰਤੋਂ ਤੁਹਾਡੀ ਇਸ ਸਮੱਸਿਆ ਨੂੰ ਆਸਾਨੀ ਨਾਲ ਦੂਰ ਕਰਨ 'ਚ ਕਾਰਗਰ ਸਾਬਿਤ ਹੋਵੇਗਾ

# ਜਾਣੋ ਕੱਚੇ ਕੇਲੇ ਖਾਣ ਦੇ ਲਾਭ



ਕਈ ਲੋਕ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਸਰੀਰ 'ਚ ਮੋਟਾਪਾ ਲਿਆਉਣ ਲਈ ਪੱਕੇ ਹੋਏ ਕੇਲੇ ਦੀ ਵਰਤੋਂ ਕਰਦੇ ਹਨ। ਕੇਲਿਆ ਦੇ ਸ਼ੇਕ ਬਣਾ ਕੇ ਪੀਂਦੇ ਹਨ। ਕਿਹਾ ਜਾਂਦਾ ਹੈ ਕਿ ਕੱਚੇ ਕੇਲੇ ਦੀ ਵਰਤੋਂ ਸਿਰਫ ਸਬਜ਼ੀਆਂ ਅਤੇ ਕੋਫਤੇ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਲੋਕਾਂ ਨੂੰ ਇਸ ਦੇ ਲਾਭ ਬਾਰੇ ਕੁਝ ਨਹੀਂ ਪਤਾ ਹੁੰਦਾ। ਇਸ ਕੇਲੇ 'ਚ ਕੱਚਾ ਤੇਲ ਪੋਟਾਸ਼ੀਅਮ ਦਾ ਖਜ਼ਾਨਾ ਹੁੰਦਾ ਹੈ। ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਾਡੇ ਸਰੀਰ ਨੂੰ ਸਾਰਾ ਦਿਨ ਚੁਸਤ ਰੱਖਦਾ ਹੈ। ਇਹ ਵਿਟਾਮਿਨ ਬੀ6, ਵਿਟਾਮਿਨ ਸੀ ਕੋਸ਼ਿਕਾਵਾਂ ਨੂੰ ਪੋਸ਼ਣ ਦੇਣ ਦਾ ਕੰਮ ਕਰਦਾ ਹੈ।

**ਆਉ ਜਾਣੋ ਕੱਚੇ ਕੇਲੇ ਖਾਣ ਦੇ ਲਾਭ—**

1. ਭਾਰ ਘਟਾਉਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਹਰ ਰੋਜ਼ ਇੱਕ ਕੱਚਾ ਕੇਲਾ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ 'ਚ ਭਰਪੂਰ ਮਾਤਰਾ 'ਚ ਫਾਈਬਰਸ ਪਾਏ ਜਾਂਦੇ ਹਨ। ਜੋ ਸਾਡੇ ਸਰੀਰ 'ਚੋਂ ਫਾਲਤੂ ਸੈਲ ਅਤੇ ਅਸ਼ੁਧਤਾ ਨੂੰ ਸਾਫ ਕਰਨ 'ਚ ਮਦਦ ਕਰਦੇ ਹਨ।
2. ਕੱਚੇ ਕੇਲੇ 'ਚ ਫਾਈਬਰ ਅਤੇ ਸਿਹਤਮੰਦ ਸਟਾਰਚ ਹੁੰਦੇ ਹਨ। ਜੋ ਸਾਡੇ ਸਰੀਰ 'ਚ ਕਿਸੇ ਵਾ ਪ੍ਰਕਾਰ ਦੀ ਗੰਦਗੀ ਨੂੰ ਜਮ੍ਹਾਂ ਨਹੀਂ ਹੋਣ ਦਿੰਦੇ। ਇਸ ਲਈ ਕੱਚਾ ਕੇਲਾ ਖਾਣਾ ਤੁਹਾਡੇ ਸਰੀਰ ਲਈ ਬਹੁਤ ਲਾਭਦਾਇਕ ਹੈ। ਇਸ ਨਾਲ ਕਬਜ਼ ਦੀ ਸਨੱਸਿਆ ਦੂਰ ਹੋ ਜਾਂਦੀ ਹੈ।
3. ਕੱਚੇ ਕੇਲੇ 'ਚ ਮੌਜੂਦ ਫਾਈਬਰ ਅਤੇ ਦੂਜੇ ਕਈ ਪੋਸ਼ਕ ਤੱਤ ਹੁੰਦੇ ਹਨ ਜੋ ਸਾਡੀ ਭੁੱਖ ਨੂੰ ਨਿਯੰਤਰਣ ਕਰਨ'ਚ ਮਦਦ ਕਰਦੇ ਹਨ। ਕੱਚਾ ਕੇਲਾ ਖਾਣ ਨਾਲ ਵਾਰ-ਵਾਰ ਭੁੱਖ ਨਹੀਂ ਲੱਗਦੀ ਅਤੇ ਅਸੀਂ ਜੰਕ ਫੂਡ ਅਤੇ ਸਿਹਤ ਲਈ ਜਿਹੜੀਆਂ ਚੀਜ਼ਾ ਠੀਕ ਨਹੀਂ ਹੁੰਦੀਆਂ ਉਨ੍ਹਾਂ ਨੂੰ ਖਾਣ ਤੋਂ ਬੱਚ ਜਾਂਦੇ ਹਾਂ।
4. ਕੱਚੇ ਕੇਲੇ ਦੀ ਵਰਤੋਂ ਨਾਲ ਪਾਚਨ ਕਿਰਿਆ ਵੀ ਠੀਕ ਰਹਿੰਦੀ ਹੈ।

ਇਸ ਤੋਂ ਇਲਾਵਾ ਕੱਚਾ ਕੇਲਾ ਕਈ ਤਰ੍ਹਾਂ ਦੇ ਕੈਂਸਰ ਤੋਂ ਬਚਾਵ 'ਚ ਵੀ ਸਹਾਇਕ ਹੈ। ਕੱਚੇ ਕੇਲੇ 'ਚ ਮੌਜੂਦ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਸਹਾਇਕ ਹੁੰਦੇ ਹਨ।

# ਜਵਾਨੀ ਬਰਕਰਾਰ ਰੱਖਦੀ ਹੈ ਸ਼ਕਰਗੰਦੀ

ਸ਼ਕਰਗੰਦੀ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਅੱਖਾਂ ਲਈ ਫਾਇਦੇਮੰਦ ਹੁੰਦਾ ਹੈ ਅਤੇ ਸਕਿਨ ਨੂੰ ਜਵਾਨ ਬਣਾਈ ਰੱਖਦਾ ਹੈ। ਇਕ ਪਾਸੇ ਜਿੱਥੇ ਇਸ ਦਾ ਸਵਾਦ ਬੇਮਿਸਾਲ ਹੈ ਉਥੇ ਹੀ ਇਹ ਸਰਦੀਆਂ 'ਚ ਵੀ ਕਾਫੀ ਫਾਇਦੇਮੰਦ ਹੈ। ਨੈਸ਼ਨਲ ਇਸਟੀਚਿਊਟ ਆਫ ਹੈਲਥ ਦਾ ਇਹ ਮੰਨਣਾ ਹੈ। ਸ਼ਕਰਗੰਦ ਵਿਟਾਮਿਨ ਬੀ6 ਦਾ ਚੰਗਾ ਸਰੋਤ ਹੁੰਦਾ ਹੈ। ਇਸ 'ਚ ਪੋਟਾਸ਼ੀਅਮ ਵੀ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ ਜੋ ਦਿਲ ਲਈ ਕਾਫੀ ਚੰਗਾ ਹੁੰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਵੀ ਰੱਖਦਾ ਹੈ। ਸ਼ਕਰਗੰਦ 'ਚ ਫਾਈਬਰ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ ਜੋ ਡਾਇਜੈਸਟਿਵ ਟ੍ਰੈਕਟ ਨੂੰ ਦਰੁਸਤ ਰੱਖਦਾ ਹੈ ਅਤੇ ਖਾਣਾ ਸਹੀ ਢੰਗ ਨਾਲ ਪਚ ਜਾਂਦਾ ਹੈ। ਸ਼ਕਰਗੰਦ ਨੂੰ ਬੀਟਾ ਕੈਰੋਟੀਨ ਵੀ ਪਾਇਆ ਜਾਂਦਾ ਹੈ ਜੋ ਇਕ ਚੰਗਾ ਐਂਟੀਆਕਸੀਡੈਂਟ ਹੁੰਦਾ ਹੈ। ਇਹ ਤੁਹਾਡੀ ਸਕਿਨ ਨੂੰ ਸੂਰਜ ਦੇ ਅਲਟਰਾਵਾਇਲਟ ਕਿਰਣਾਂ ਤੋਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਨਾਲ ਹੀ ਇਹ ਅੱਖਾਂ ਦੀ ਰੌਸ਼ਨੀ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਭਾਰ ਘੱਟ ਕਰਨ 'ਚ ਵੀ ਸ਼ਕਰਗੰਦ ਤੁਹਾਡੀ ਮਦਦ ਕਰ ਸਕਦਾ ਹੈ। ਇਸ 'ਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਜਦੋਂ ਕਿ ਇਸ 'ਚ ਫਾਈਬਰ ਪੋਟਾਸ਼ੀਅਮ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ।



ਇਸ ਦਾ ਗਲਾਈਕੇਮਿਕ ਇੰਡੇਕਸ ਵੀ ਕਾਫੀ ਘੱਟ ਹੁੰਦਾ ਹੈ ਜਿਸ 'ਚ ਇਹ ਬਲੱਡ ਸ਼ੂਗਰ ਨੂੰ ਕੰਟਰੋਲ 'ਚ ਰੱਖਦਾ ਹੈ। ਇਸ ਨੂੰ ਖਾਣ ਤੋਂ ਬਾਅਦ ਤੁਹਾਨੂੰ ਭੁੱਖ ਘੱਟ ਲਗਦੀ ਹੈ। ਇਹ ਬਲੱਡ ਸ਼ੂਗਰ ਨੂੰ ਵੀ ਕੰਟਰੋਲ ਰੱਖਦਾ ਹੈ ਜਿਸ ਨਾਲ ਡਾਇਬੈਟੀਜ਼ ਦਾ ਖਤਰਾ ਕਾਫੀ ਘੱਟ ਹੋ ਜਾਂਦਾ ਹੈ। ਅਮਰੀਕਨ ਜਨਰਲ ਆਫ ਕਲੀਨੀਕਲ ਨਿਊਟ੍ਰਿਸ਼ਨ ਮੁਤਾਬਕ ਰੋਜ਼ਾਨਾ ਇਸ ਦੀ ਵਰਤੋਂ ਕਰਨ ਨਾਲ ਤੁਸੀਂ ਡਾਇਬਟੀਜ਼ ਤੋਂ ਬਚੇ ਰਹਿੰਦੇ ਹੋ।

# ਬੇਨਿਯਮੇ ਖਾਣ-ਪੀਣ ਨਾਲ ਵਧਦੇ ਹਨ ਰੋਗ

ਮਹਾਂਨਗਰਾਂ ਵਿਚ ਲੋਕ ਪੇਂਡੂ ਲੋਕਾਂ ਦੀ ਬਜਾਏ ਜ਼ਿਆਦਾ ਰੋਗੀ ਰਹਿੰਦੇ ਹਨ। ਇਸ ਦਾ ਮੁੱਖ ਕਾਰਨ ਹੈ ਉਨ੍ਹਾਂ ਦੀ ਅਨਿਯਮਤ ਜੀਵਨ ਸ਼ੈਲੀ। ਭੱਜ-ਦੌੜ ਭਰੀ ਇਸ ਜ਼ਿੰਦਗੀ ਵਿਚ ਖਾਣ-ਪੀਣ ਨੂੰ ਨਿਯਮਤ ਬਣਾਉਣਾ ਲੋਕਾਂ ਲਈ ਔਖਾ ਹੁੰਦਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਮੋਟਾਪਾ, ਦਿਲ ਦੇ ਰੋਗ, ਕੋਲੈਸਟ੍ਰੋਲ ਵਰਗੀਆਂ ਸਮੱਸਿਆਵਾਂ ਵਿਚ ਵਾਧਾ ਹੋ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਦੀ ਮੁੱਖ ਜੜ੍ਹ ਹੈ ਬੇਹਾ ਭੋਜਨ ਅਤੇ ਜੰਕ ਫੂਡ। ਦੌੜ-ਭੱਜ ਦੇ ਚਲਦੇ ਬਹੁਤੀਆਂ ਕੰਮਕਾਜੀ ਔਰਤਾਂ ਲਈ ਸਵੇਰੇ-ਸ਼ਾਮ ਤਾਜ਼ਾ ਭੋਜਨ ਬਣਾਉਣਾ ਸੰਭਵ ਨਹੀਂ ਹੁੰਦਾ। ਇਸ ਤੋਂ ਇਲਾਵਾ ਤਾਜ਼ੇ ਟਮਾਟਰਾਂ ਦੀ ਬਜਾਏ ਟੋਮੈਟੋ ਪਿਊਰੀ ਜਾਂ ਪਾਊਡਰ ਨੂੰ ਵਰਤਿਆ ਜਾਂਦਾ ਹੈ। ਆਟਾ ਜ਼ਿਆਦਾ ਗੁੰਨ ਕੇ ਰੱਖਿਆ ਜਾਂਦਾ ਹੈ, ਸਵੇਰ ਦੀ ਸਬਜ਼ੀ ਸ਼ਾਮ ਨੂੰ ਜਾਂ ਸ਼ਾਮ ਦੀ ਸਬਜ਼ੀ ਸਵੇਰ ਨੂੰ ਸੇਵਨ ਕੀਤੀ ਜਾਂਦੀ ਹੈ।



ਸਮੇਂ ਦੀ ਕਮੀ ਕਾਰਨ ਕਈ ਵਾਰ ਭੋਜਨ ਬਾਹਰੋਂ ਵੀ ਖਾ ਲਿਆ ਜਾਂਦਾ ਹੈ, ਜਿਵੇਂ ਪੀਜ਼ਾ, ਬਰਗਰ, ਨੂਡਲ, ਸਮੋਸਾ, ਕਚੌੜੀ, ਨਾਨ ਆਦਿ। ਵੈਸੇ ਸਮੋਸਾ, ਕਚੌੜੀ ਭਾਵੇਂ ਮੈਦੇ ਨਾਲ ਤਿਆਰ ਕੀਤੇ ਜਾਂਦੇ ਹਨ ਪਰ ਜੇ ਇਨ੍ਹਾਂ ਨੂੰ ਘਰ ਹੀ ਬਣਾ ਕੇ ਖਾਧਾ ਜਾਵੇ ਤਾਂ ਇਹ ਜ਼ਿਆਦਾ ਨੁਕਸਾਨਦਾਇਕ ਨਹੀਂ ਹੁੰਦੇ ਪਰ ਬਾਜ਼ਾਰ ਵਿਚ ਤਿਆਰ ਇਹ ਪਦਾਰਥ ਸਰੀਰ ਨੂੰ ਕਾਫੀ ਨੁਕਸਾਨ ਪਹੁੰਚਾਉਂਦੇ ਹਨ, ਕਿਉਂਕਿ ਇਨ੍ਹਾਂ ਨੂੰ ਤਿਆਰ ਕਰਨ ਵਿਚ ਸ਼ੁੱਧਤਾ ਦਾ ਖਿਆਲ ਨਹੀਂ ਰੱਖਿਆ ਜਾਂਦਾ। ਇਨ੍ਹਾਂ ਨੂੰ ਜਿਸ ਤੇਲ ਵਿਚ ਤਲਿਆ ਜਾਂਦਾ ਹੈ, ਉਹ ਤੇਲ ਕਈ ਵਾਰ ਕਾਫੀ ਪੁਰਾਣਾ ਹੋ ਚੁੱਕਾ ਹੁੰਦਾ ਹੈ, ਜੋ ਬਹੁਤ ਹਾਨੀਕਾਰਕ ਹੁੰਦਾ ਹੈ।

ਸਾਵਧਾਨੀਆਂ : ਚਾਹੇ ਭੋਜਨ ਨਾਲ ਸਾਨੂੰ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਵੇ ਪਰ ਇਹ ਸਾਡੇ ਜੀਵਨ ਦਾ ਇਕ ਅੰਗ ਬਣ ਗਿਆ ਹੈ ਅਤੇ ਅਸੀਂ ਚਾਹ ਕੇ ਵੀ ਇਸ ਤੋਂ ਛੁਟਕਾਰਾ ਨਹੀਂ ਪਾ ਸਕਦੇ ਪਰ ਇਸ ਦਾ ਸੇਵਨ ਕਰਨ ਵਿਚ ਵੀ ਜੇ ਕੁਝ ਸਾਵਧਾਨੀਆਂ ਵਰਤੀਏ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ-

× ਮੌਸਮੀ ਸਬਜ਼ੀਆਂ ਦਾ ਸੇਵਨ ਵੱਧ ਤੋਂ ਵੱਧ ਕਰੋ। ਜੇ ਸਵੇਰੇ-ਸ਼ਾਮ ਤਾਜ਼ਾ ਖਾਣਾ ਨਾ ਬਣ ਸਕੇ ਤਾਂ ਸਵੇਰੇ ਬਣਾ ਕੇ ਰੱਖ ਲਓ ਪਰ ਧਿਆਨ ਰੱਖੋ ਕਿ ਵਾਰ-ਵਾਰ ਇਸ ਨੂੰ ਗਰਮ ਜਾਂ ਠੰਢਾ ਕਰਕੇ ਨਾ ਖਾਓ, ਜਿਵੇਂ ਸਵੇਰੇ ਤੁਸੀਂ ਖਾਣੇ ਨੂੰ ਫਰਿੱਜ ਵਿਚ ਰੱਖ ਦਿੱਤਾ ਤੇ ਸ਼ਾਮ ਨੂੰ ਪੂਰੀ ਸਬਜ਼ੀ ਗਰਮ ਕਰ ਲਈ ਅਤੇ ਖਾਣੇ ਤੋਂ ਬਾਅਦ ਬਚੀ ਹੋਈ ਸਬਜ਼ੀ ਨੂੰ ਫਿਰ ਫਰਿੱਜ ਵਿਚ ਰੱਖ ਦਿੱਤਾ। ਵਾਰ-ਵਾਰ ਗਰਮ ਅਤੇ ਠੰਢਾ ਕਰਨ ਦੀ ਇਸ ਪ੍ਰਕਿਰਿਆ ਦੌਰਾਨ ਭੋਜਨ ਵਿਚ ਮੌਜੂਦ ਜ਼ਰੂਰੀ ਪੋਸ਼ਕ ਪਦਾਰਥ ਤਾਂ ਨਸ਼ਟ ਹੁੰਦੇ ਹੀ ਹਨ, ਨਾਲ ਹੀ ਇਨ੍ਹਾਂ ਵਿਚ ਹਾਨੀਕਾਰਕ ਜੀਵਾਣੂ ਵੀ ਪੈਦਾ ਹੋ ਜਾਂਦੇ ਹਨ। ਇਸ ਲਈ ਫਰਿੱਜ ਵਿਚੋਂ ਓਨੀ ਸਬਜ਼ੀ ਹੀ ਕੱਢ ਕੇ ਗਰਮ ਕਰੋ ਜਿੰਨੀ ਉਸ ਸਮੇਂ ਚਾਹੀਦੀ ਹੋਵੇ।

× ਦਾਲ ਤਾਜ਼ੀ ਬਣਾ ਕੇ ਹੀ ਖਾਓ। ਬੇਹੀ ਦਾਲ ਦਾ ਸੇਵਨ ਜ਼ਿਆਦਾ ਨੁਕਸਾਨਦੇਹ ਹੁੰਦਾ ਹੈ। ਇਸ ਲਈ ਜਦੋਂ ਤੁਹਾਡੇ ਕੋਲ ਲੋੜੀਂਦਾ ਸਮਾਂ ਹੋਵੇ, ਦਾਲ ਉਦੋਂ ਹੀ ਬਣਾਓ ਅਤੇ ਲੋੜੀਂਦੀ ਮਾਤਰਾ ਵਿਚ ਹੀ ਬਣਾਓ।

× ਆਟਾ ਬਹੁਤ ਜ਼ਿਆਦਾ ਮਾਤਰਾ ਵਿਚ ਗੁੰਨ ਕੇ ਨਾ ਰੱਖੋ। ਸਵੇਰ ਦਾ ਗੁੰਨਿਆ ਹੋਇਆ ਆਟਾ ਸ਼ਾਮ ਨੂੰ ਵਰਤੋਂ ਵਿਚ ਲਿਆਉਣ ਨਾਲ ਨੁਕਸਾਨ ਨਹੀਂ ਹੁੰਦਾ ਪਰ ਜੇ ਤੁਸੀਂ 2-3 ਦਿਨ ਦਾ ਆਟਾ ਇਕੱਠਾ ਗੁੰਨ ਕੇ ਰੱਖਦੇ ਹੋ ਤਾਂ ਇਹ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

× ਦੁੱਧ ਨੂੰ ਵਾਰ-ਵਾਰ ਜਾਂ ਜ਼ਿਆਦਾ ਉਬਾਲ ਕੇ ਨਾ ਪੀਓ।

× ਸਾਦੇ ਚੌਲ (ਉਬਲੇ ਹੋਏ) ਤੁਸੀਂ ਅਗਲੇ ਦਿਨ ਖਾ ਸਕਦੇ ਹੋ ਪਰ ਜੇ ਤੁਸੀਂ ਪੁਲਾਵ ਬਣਾਇਆ ਹੈ ਤਾਂ ਇਸ ਨੂੰ ਬੇਹਾ ਖਾਣਾ ਸਿਹਤ ਲਈ ਠੀਕ ਨਹੀਂ ਹੈ।

× ਜੰਕ ਫੂਡ ਦਾ ਸੇਵਨ ਕਦੇ-ਕਦੇ ਅਤੇ ਘੱਟ ਮਾਤਰਾ ਵਿਚ ਕਰੋ ਤਾਂ ਇਹ ਜ਼ਿਆਦਾ ਨੁਕਸਾਨਦਾਇਕ ਨਹੀਂ ਹੁੰਦਾ। ਵੈਸੇ ਛੁੱਟੀ ਵਾਲੇ ਦਿਨ ਸਮਾਂ ਕੱਢ ਕੇ ਘਰ ਵਿਚ ਹੀ ਸਮੋਸਾ, ਕਚੌਰੀ, ਬਰਗਰ, ਟਿੱਕੀ, ਪਕੌੜੇ ਆਦਿ ਤਾਜ਼ੇ ਬਣਾ ਕੇ ਖਾਓ ਤਾਂ ਚੰਗਾ ਹੈ।

× ਬਾਜ਼ਾਰ ਵਿਚ ਤਿਆਰ ਮਸਾਲਿਆਂ ਦੀ ਬਜਾਏ ਘਰ ਹੀ ਬਣੇ ਮਸਾਲਿਆਂ ਦੀ ਭੋਜਨ ਵਿਚ ਵਰਤੋਂ ਕਰੋ। ਜਦੋਂ ਸਮਾਂ ਹੋਵੇ, ਟੋਮੈਟੋ ਪਿਊਰੀ ਬਣਾ ਕੇ ਰੱਖ ਲਓ। ਟਮਾਟਰ ਚਟਣੀ, ਇਮਲੀ ਦੀ ਮਿੱਠੀ ਚਟਣੀ ਵੀ ਘਰ ਤਿਆਰ ਕਰਕੇ ਰੱਖ ਸਕਦੇ ਹੋ। ਸਬਜ਼ੀਆਂ ਵਿਚ ਅਮਚੂਰ ਪਾਉਣ ਦੀ ਬਜਾਏ ਨਿੰਬੂ ਨਿਚੋੜ ਕੇ ਖਾਓ।

× ਕੜ੍ਹੀ ਨੂੰ ਵੀ ਬਹੁਤ ਜ਼ਿਆਦਾ ਮਾਤਰਾ ਵਿਚ ਨਾ ਬਣਾਓ, ਕਿਉਂਕਿ ਬੇਹੀ ਕੜ੍ਹੀ ਖਾਣ ਨਾਲ ਗੈਸ ਦੀ ਸਮੱਸਿਆ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ।

× ਬੇਹਾ ਦਹੀਂ ਖਾਣਾ ਵੀ ਸਿਹਤ ਲਈ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਇਸ ਲਈ ਜਿੱਥੋਂ ਤੱਕ ਸੰਭਵ ਹੋਵੇ, ਤਾਜ਼ਾ ਦਹੀਂ ਹੀ ਵਰਤੋਂ ਵਿਚ ਲਿਆਓ।

# ਕਿਡਨੀ ਸਾਫ ਕਰਨ ਦਾ ਘਰੇਲੂ ਤਰੀਕਾ

ਸਾਡੀ ਕਿਡਨੀ ਇਕ ਵਧੀਆ 'ਫਿਲਟਰ' ਹੈ ਜੋ ਸਾਡਾ ਖੂਨ ਸਾਫ ਕਰਨ ਦਾ ਕੰਮ ਕਰਦੀ ਹੈ। ਜਿਸ ਤਰ੍ਹਾਂ ਕਿ 'ਫਿਲਟਰ' ਨੂੰ ਸਾਫ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ 'ਫਿਲਟਰ' ਚੰਗੀ ਤਰ੍ਹਾਂ ਆਪਣਾ ਕੰਮ ਕਰ ਸਕੇ, ਉਸੇ ਤਰ੍ਹਾਂ ਹੀ ਇਸ ਦੀ ਸਫਾਈ ਵੀ ਜ਼ਰੂਰੀ ਹੈ ਤਾਂ ਜੋ ਇਹ ਵੀ ਆਪਣਾ ਕੰਮ ਚੰਗੀ ਤਰ੍ਹਾਂ ਕਰ ਸਕੇ।



ਕਿਡਨੀ ਸਾਫ ਕਰਨ ਦਾ ਤਰੀਕਾ

- ਇਕ ਲੀਟਰ ਪਾਣੀ 'ਚ ਇਕ ਕੌਲੀ ਹਰਾ ਧਨੀਆ ਸਾਫ ਅਤੇ ਕੱਟਿਆ ਹੋਇਆ ਪਾ ਕੇ ਦੱਸ ਮਿੰਟ ਤੱਕ ਹੌਲੀ ਗੈਸ 'ਤੇ ਪਕਣ ਦਿਓ।
- ਜੇਕਰ ਹੋ ਸਕੇ ਤਾਂ ਇਸ 'ਚ ਥੋੜ੍ਹੀ ਜਵੈਣ ਪਾ ਲਓ।
- ਹੁਣ ਇਸ ਨੂੰ ਠੰਡਾ ਕਰਕੇ ਛਾਣ ਲਓ।
- ਇਸ ਘੋਲ ਨੂੰ ਰੋਜ਼ ਇਕ ਗਿਲਾਸ ਖਾਲੀ ਪੇਟ ਪੀਓ ਜਾਂ ਆਪਣੇ ਡਾਕਟਰ ਦੀ ਸਲਾਹ ਨਾਲ ਵੀ ਲੈ ਸਕਦੇ ਹੋ।
- ਇਸ ਨੂੰ ਪੀਣ ਨਾਲ ਪੇਸ਼ਾਬ ਨਾਲ ਗੰਦਗੀ ਬਾਹਰ ਆਉਣ ਲੱਗ ਜਾਂਦੀ ਹੈ।

ਸਾਵਧਾਨੀਆਂ

- ਇਸ ਨੂੰ ਫਰਿੱਜ 'ਚ ਰੱਖ ਕੇ ਨਾ ਪੀਓ ਮਤਲਬ ਠੰਡਾ ਕਰਕੇ ਨਾ ਪੀਓ।
- ਇਹ ਘੋਲ ਜ਼ਿਆਦਾ ਸਰਦੀ ਦੇ ਮੌਸਮ 'ਚ ਨਾ ਪੀਓ।
- ਇਹ ਗਰਮੀ ਦੇ ਮੌਸਮ 'ਚ ਇਕ ਵਧੀਆ ਦਵਾਈ ਹੈ।
- ਇਹ ਘੋਲ ਇਕ ਸਵੱਸਥ ਵਿਅਕਤੀ ਲਈ ਜੋ ਕਿ ਆਪਣੀ ਕਿਡਨੀ ਦੀ ਸਫਾਈ ਕਰ ਸਕੇ।
- ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਤਕਲੀਫ ਜਾ ਬੀਮਾਰੀ ਹੈ ਤਾਂ ਇਹ ਘੋਲ ਆਪਣੇ ਡਾਕਟਰ ਦੀ ਸਲਾਹ ਤੋਂ ਬਿਨ੍ਹਾਂ ਨਾ ਪੀਓ।
- ਇਹ ਇਕ ਸਫਾਈ ਦਾ ਤਰੀਕਾ ਹੈ ਕਿਸੇ ਬੀਮਾਰੀ ਦਾ ਇਲਾਜ ਨਹੀਂ ਹੈ।

**ਚਾਹ ਦੇ ਕੱਪ ਵਿੱਚ ਇਕ ਚਮਚ ਦਾਲ ਚੀਨੀ ਮਿਲਾ ਕੇ ਪੀਣ ਨਾਲ ਪੇਟ ਦੀ ਚਰਬੀ ਬਹੁਤ ਛੇਤੀ ਘੱਟਦੀ ਹੈ**



# ਬਰਗਾੜੀ ਤੋਂ ਬਰਗਾੜੀ ਦਾ ਸਫ਼ਰ ਭਗਵੰਤ ਸਿੰਘ ਮਾਨ ਤੱਕ

ਗੱਲ ਕਿਰਦਾਰਾਂ ਤੋਂ ਵੱਧ ਵਰਤਾਰੇ ਦੀ ਹੈ ਤੇ ਇਸ ਵਰਤਾਰੇ ਦੀ ਜੜ੍ਹ ਸਥਾਨਕ ਜ਼ਬਾਨ ਵਿੱਚ ਬਰਗਾੜੀ ਨਾਂ ਨਾਲ ਜਾਣੇ ਜਾਂਦੇ ਇੱਕ ਸਾਧਾਰਨ ਪਿੰਡ ਦੇ ਸਰਕਾਰੀ ਰਿਕਾਰਡ ਵਿੱਚ ਬਰਗਾੜੀ ਨਾਂ ਨਾਲ ਆਲਮੀ ਪੱਧਰ 'ਤੇ ਚਰਚਿਤ ਹੋਣ ਵਿੱਚ ਹੈ। ਇਹ ਵਰਤਾਰਾ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਿਤ ਕਰਨ ਵੱਲ ਵਧ ਰਿਹਾ ਹੈ। ਬਰਗਾੜੀ ਵਰਤਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਹੈ। ਅਕਾਲ ਤਖ਼ਤ ਸਾਹਿਬ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਾਰੇ 15 ਜੂਨ ਨੂੰ ਦਿੱਤਾ ਗਿਆ ਆਦੇਸ਼ ਇਸੇ ਵਰਤਾਰੇ ਦੀ ਕੜੀ ਵਜੋਂ ਦੇਖਿਆ ਜਾ ਸਕਦਾ ਹੈ।

ਕਾਫੀ ਸਮਾਂ ਪਹਿਲਾਂ ਜਨਤਕ ਹੋਈ ਮੁੱਖ ਮੰਤਰੀ ਸ੍ਰੀ ਮਾਨ ਦੀ ਇੱਕ ਕਥਿਤ ਵੀਡੀਓ ਦੇ ਆਧਾਰ 'ਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਆਦੇਸ਼ ਦਿੱਤਾ ਹੈ ਕਿ ਸਿੱਖ ਜਗਤ ਉਸ ਨੂੰ ਮੂੰਹ ਨਾ ਲਗਾਵੇ। ਇਤਿਹਾਸ ਵਿੱਚ ਕਿਸੇ ਮੁੱਖ ਮੰਤਰੀ ਬਾਰੇ ਕਦੇ ਵੀ ਇਸ ਪ੍ਰਕਾਰ ਦਾ ਹੁਕਮ ਨਹੀਂ ਸੀ ਹੋਇਆ। ਇਹ ਆਪਣੇ ਆਪ ਵਿੱਚ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਇਹ ਆਦੇਸ਼ ਸ੍ਰੀ ਮਾਨ ਨੂੰ 'ਗੁਰੂ ਦੋਖੀ' ਅਤੇ 'ਪੰਥ ਵਿਰੋਧੀ' ਐਲਾਨਣ ਦੇ ਆਧਾਰ 'ਤੇ ਕੀਤਾ ਗਿਆ ਹੈ। ਇਸ ਵੀਡੀਓ ਨੂੰ ਸਿੱਖ ਧਰਮ ਦੀ ਬੇਅਦਬੀ ਦਰਸਾਇਆ ਗਿਆ ਹੈ ਅਤੇ ਇਸ ਪ੍ਰਕਾਰ ਇਹ ਬਰਗਾੜੀ ਵਰਤਾਰੇ ਦਾ ਹਿੱਸਾ ਹੈ।

ਇਸ ਵੀਡੀਓ ਦੇ ਆਧਾਰ 'ਤੇ ਮੁੱਖ ਮੰਤਰੀ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤੇ ਜਾਣ 'ਤੇ ਉਹ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦਾ ਅੰਮ੍ਰਿਤਸਰ ਦਾ ਪ੍ਰੋਗਰਾਮ ਛੱਡ ਕੇ 15 ਜਨਵਰੀ ਨੂੰ ਜਥੇਦਾਰ ਗੜਗੱਜ ਸਾਹਮਣੇ ਰਿਕਾਰਡ ਲੈ ਕੇ ਪੇਸ਼ ਹੋਏ ਸਨ। ਇਹ ਕਥਿਤ ਵੀਡੀਓ ਗੁਰੂ ਸਾਹਿਬਾਨ ਦੀ ਮਨੋ-ਕਲਪਿਤ ਫੋਟੋ ਦੀ ਬੇਅਦਬੀ ਨਾਲ ਸਬੰਧਿਤ ਹੈ। ਸਿੱਖ ਧਰਮ ਵਿੱਚ ਭਾਵੇਂ ਬੁੱਤ ਪੂਜਾ ਦੀ ਮਨਾਹੀ ਹੈ, ਪਰ ਸਤਿਕਾਰ ਕਰਨਾ ਤਾਂ ਬਣਦਾ ਹੈ।

ਇਨ੍ਹਾਂ ਦੋਸ਼ਾਂ ਨੂੰ ਮੁੱਢੋਂ ਰੱਦ ਕਰਦਿਆਂ ਸ੍ਰੀ ਮਾਨ ਨੇ ਪੰਥਕ ਕਚਹਿਰੀ ਦਾ ਰੁਖ ਕੀਤਾ ਹੈ। ਪੰਥ ਸੁਪਰੀਮ ਹੈ। ਆਪਣੇ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਆਖਰੀ ਫੈਸਲਾ ਸੰਗਤ ਕਰੇਗੀ। ਉਨ੍ਹਾਂ ਦਾ ਤਰਕ ਹੈ ਕਿ ਵੀਡੀਓ ਕਿਸੇ ਹੋਰ ਵਿਅਕਤੀ ਦੀ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਐਲਾਨਿਆ ਗਿਆ ਦੂਸਰਾ ਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਨਾਲ ਸਬੰਧਿਤ ਹੈ। ਸਰਕਾਰ 'ਤੇ ਅਕਾਲ ਤਖ਼ਤ ਸਾਹਿਬ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਕੁਝ ਸੋਧਾਂ ਦਾ ਸੁਝਾਅ ਦਿੱਤਾ ਗਿਆ ਸੀ, ਜਿਸ ਨੂੰ ਸਰਕਾਰ ਨੇ ਨਹੀਂ ਮੰਨਿਆ। ਇਸ ਲਈ ਸਾਰੇ ਸਿੱਖ ਕੈਬਨਿਟ ਮੰਤਰੀਆਂ ਅਤੇ ਵਿਧਾਨ ਸਭਾ ਦੇ ਸਾਰੇ ਸਿੱਖ ਮੈਂਬਰਾਂ ਨੂੰ 29 ਜੂਨ ਨੂੰ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਗਿਆ ਹੈ।




ਪਹਿਲਿਆਂ ਸਰਕਾਰਾਂ ਨੇ ਵੀ ਸਖ਼ਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਸਿਰੇ ਨਾ ਲੱਗੀ। ਮਾਨ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ ਸਾਲ 2008 ਵਿੱਚ ਬਣਾਏ ਸਤਿਕਾਰ ਐਕਟ ਵਿੱਚੋਂ ਰਸਤਾ ਲੱਭਿਆ ਅਤੇ ਸਿੱਖਾਂ ਦੇ ਇੱਕ ਵੱਡੇ ਹਿੱਸੇ ਦੀ ਮੰਗ 'ਤੇ ਸਖ਼ਤ ਸਜ਼ਾ ਦਾ ਕਾਨੂੰਨ ਕਾਮਯਾਬੀ ਨਾਲ ਬਣਾ ਦਿੱਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਨਾਲ ਹੀ ਇਸ ਦਾ ਸੁਆਗਤ ਕਰ ਦਿੱਤਾ, ਪਰ ਅਗਲੇ ਦਿਨ ਹੀ ਉਨ੍ਹਾਂ ਨੂੰ ਅਹਿਸਾਸ ਹੋਇਆ ਜਾਂ ਸ਼ਾਇਦ ਕਰਵਾਇਆ ਗਿਆ ਕਿ ਗਲਤੀ ਹੋ ਗਈ ਅਤੇ ਉਨ੍ਹਾਂ ਨੇ ਇਸ ਮਾਮਲੇ ਨੂੰ ਅਕਾਲ ਤਖ਼ਤ ਸਾਹਿਬ 'ਤੇ ਭੇਜ ਦਿੱਤਾ ਅਤੇ ਆਪ ਸੁਰਖ਼ਰੂ ਹੋ ਗਏ। ਜਿਸ ਕਾਨੂੰਨ ਨੂੰ ਬਣਾਉਣ ਵਿੱਚ ਅਕਾਲੀ ਸਰਕਾਰ ਨਾਕਾਮ ਹੋਈ, ਉਸ ਮਾਮਲੇ 'ਤੇ ਮਾਨ ਸਰਕਾਰ ਨੇ ਬਾਜ਼ੀ ਮਾਰ ਲਈ।

ਇਹ ਕਾਨੂੰਨ ਪਾਸ ਹੋਣ ਸਮੇਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਕਈ ਧਾਰਮਿਕ ਸ਼ਖ਼ਸੀਅਤਾਂ ਵਿਧਾਨ ਸਭਾ ਦੀ ਗਵਰਨਰ ਗੈਲਰੀ ਵਿੱਚ ਹਾਜ਼ਰ ਸਨ। ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਲਈ ਸਮਾਣਾ ਸ਼ਹਿਰ ਵਿੱਚ ਕਈ ਮਹੀਨਿਆਂ ਤੋਂ ਟਾਵਰ ਮੋਰਚਾ ਚੱਲ ਰਿਹਾ ਸੀ। ਇਸ ਲਈ ਕਾਨੂੰਨ ਦਾ ਪਾਸ ਹੋਣਾ ਮਾਨ ਸਰਕਾਰ ਦੀ ਵੱਡੀ ਪ੍ਰਾਪਤੀ ਬਣ ਗਿਆ ਅਤੇ ਇਸ ਦੇ ਨਾਲ ਹੀ ਇਸ 'ਤੇ ਸਿਆਸਤ ਸ਼ੁਰੂ ਹੋ ਗਈ।

ਭਵਿੱਖ ਦੀ ਸਿਆਸਤ 'ਤੇ ਇਸ ਦੇ ਅਸਰ ਦਾ ਅੰਦਾਜ਼ਾ ਲਗਾਉਣ ਲਈ ਇਤਿਹਾਸ 'ਤੇ ਨਿਗ੍ਹਾ ਮਾਰਨੀ ਜ਼ਰੂਰੀ ਹੈ। ਇਸ ਸਿੱਖ ਬਹੁਗਿਣਤੀ ਵਾਲੇ ਸੂਬੇ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਕੁਝ ਹੀ ਮਹੀਨੇ ਪਹਿਲਾਂ ਸਿੱਖਾਂ ਨੂੰ ਮੁੱਖ ਮੰਤਰੀ ਦੇ ਬਾਈਕਾਟ ਦਾ ਆਦੇਸ਼ ਦਿੱਤਾ ਗਿਆ ਹੈ। ਮੁੱਦਾ ਇਹ ਹੈ ਕਿ ਸਿਆਸੀ ਪੱਧਰ 'ਤੇ ਇਸ ਦਾ ਫਾਇਦਾ ਕਿਸ ਪਾਰਟੀ ਨੂੰ ਹੋ ਸਕਦਾ ਹੈ? ਸਾਲ 1996 ਦੀ ਮੋਗਾ ਕਾਨਫਰੰਸ ਤੱਕ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਹਿੱਤਾਂ ਦੀ ਨੁਮਾਇੰਦਗੀ ਕੀਤੀ ਹੈ। ਇਹੀ ਪਾਰਟੀ ਸਮੇਂ ਸਮੇਂ 'ਤੇ ਸੱਤਾ ਵਿੱਚ ਰਹੀ ਹੈ। ਇਹ ਪਾਰਟੀ ਇਸ ਵਾਰ ਵੀ ਪੂਰੀ ਜ਼ੋਰ-ਅਜ਼ਮਾਈ ਕਰ ਰਹੀ ਹੈ ਤੇ ਕਰਨੀ ਵੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ 2017 ਤੋਂ ਬਾਅਦ ਸੱਤਾ ਤੋਂ ਬਾਹਰ ਹੈ। ਜਦੋਂ ਸਿਆਸਤ ਵਪਾਰ ਬਣ ਚੁੱਕੀ ਹੋਵੇ ਤਾਂ ਲੰਮਾ ਸਮਾਂ ਸੱਤਾ ਤੋਂ ਬਾਹਰ ਰਹਿਣਾ ਔਖਾ ਹੁੰਦਾ ਹੈ। ਸੁਖਬੀਰ ਸਿੰਘ ਬਾਦਲ ਲਈ ਤਾਂ ਇਹ ਸਿਰਫ ਸੱਤਾ ਦੀ ਹੀ ਨਹੀਂ ਸਗੋਂ ਹੋਂਦ ਦੀ ਲੜਾਈ ਵੀ ਹੈ।

ਜਦੋਂ ਲੜਾਈ ਇੰਨੀ ਤਿੱਖੀ ਹੋਵੇ ਤਾਂ ਹਰ ਹਥਿਆਰ ਵਰਤਣਾ ਜਾਇਜ਼ ਸਮਝਿਆ ਜਾਂਦਾ ਹੈ। ਇੱਥੇ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਸੱਤਾ ਤੋਂ ਬਾਹਰ ਰਹਿ ਕੇ ਵੀ ਸੁਖਬੀਰ ਬਾਦਲ ਪੂਰੀ ਤਰ੍ਹਾਂ ਸੱਤਾ ਤੋਂ ਬਾਹਰ ਨਹੀਂ ਕਿਉਂਕਿ ਸ਼੍ਰੋਮਣੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਦਬਦਬਾ ਹੈ। ਸ਼੍ਰੋਮਣੀ ਕਮੇਟੀ ਕੋਲ ਹੀ ਸਰਬਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਹੈ। ਇਸ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਅਚਾਨਕ ਹੀ ਬਦਲੇ ਜਾਂਦੇ ਹਨ। ਇਸ ਸਰਬਉੱਚ ਸੰਸਥਾ ਲਈ ਨਿਯੁਕਤੀਆਂ ਦਾ ਅੱਜ ਤੱਕ ਕੋਈ ਪੱਕਾ ਵਿਧਾਨ ਨਹੀਂ ਬਣ ਸਕਿਆ।

ਇਨ੍ਹਾਂ ਸੰਸਥਾਵਾਂ 'ਤੇ ਕੰਟਰੋਲ ਹੋਣ ਕਾਰਨ ਪੰਥਕ ਸਿਆਸਤ ਤੋਂ ਦੂਰੀ ਬਣਾਉਣ ਦੀ ਨੀਤੀ ਅਪਣਾਉਣ ਦੇ ਬਾਵਜੂਦ ਅਕਾਲੀ ਦਲ ਇਸੇ ਸਿਆਸਤ ਵਿੱਚ ਫਸ ਗਿਆ ਹੈ। ਪੰਥਕ ਸਿਆਸਤ ਇਨ੍ਹਾਂ ਸੰਸਥਾਵਾਂ ਦੇ ਵਹਿਣ ਅਤੇ ਵਰਤਾਰੇ ਦੀ ਸਮਝ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਇਹ ਗੱਲ ਆਮ ਆਦਮੀ ਪਾਰਟੀ ਨੂੰ ਵੀ ਸਮਝ ਲੈਣੀ ਚਾਹੀਦੀ ਹੈ ਕਿਉਂਕਿ ਇਸ ਦਾ ਵਾਹ ਵੀ ਹੁਣ ਪੰਥਕ ਸਿਆਸਤ ਅਤੇ ਪੰਥਕ ਸੰਸਥਾਵਾਂ ਨਾਲ ਪੈ ਗਿਆ ਹੈ। ਅਕਾਲੀ ਦਲ ਨੂੰ ਤਾਂ ਪਹਿਲਾਂ ਹੀ ਪੰਥ ਦੀ ਮਾਰ ਪੈ ਚੁੱਕੀ ਹੈ। ਪੰਥ ਨੇ ਤਾਂ ਪੰਜ ਵਾਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ 70 ਸਾਲ ਦੀ ਵਿਰਾਸਤ 'ਤੇ 2 ਦਸੰਬਰ 2024 ਨੂੰ ਪਾਣੀ ਫੇਰ ਦਿੱਤਾ ਸੀ। ਇਹ ਵਰਣਨਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੁਆਰਾ 15 ਨੂੰ ਪੰਥਕ ਸੰਸਥਾਵਾਂ ਦੀ ਬੁਲਾਈ ਮੀਟਿੰਗ ਵਿੱਚ ਇਹ ਜ਼ਿਕਰ ਸੁਣਨ ਨੂੰ ਮਿਲਿਆ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸਭ ਤੋਂ ਵੱਧ ਸੱਟ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੇ ਮਾਰੀ ਹੈ।

ਸੁਖਬੀਰ ਸਿੰਘ ਬਾਦਲ ਦੁਆਰਾ 2 ਦਸੰਬਰ 2024 ਦੇ ਹੁਕਮਨਾਮੇ 'ਤੇ ਸੁਆਲੀਆ ਨਿਸ਼ਾਨ ਲਗਾਉਣਾ ਅਕਾਲ ਤਖ਼ਤ ਸਾਹਿਬ ਦੇ ਵੱਕਾਰ ਨੂੰ ਸੱਟ ਮਾਰਨਾ ਹੈ ਅਤੇ ਇਸ ਵਿਰੁੱਧ ਲਿਖਤੀ ਸ਼ਿਕਾਇਤ ਵੀ ਹੋ ਚੁੱਕੀ ਹੈ, ਜਿਸ 'ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਸ੍ਰੀ ਮਾਨ ਵੱਲੋਂ 15 ਜੂਨ ਦੇ ਆਦੇਸ਼ 'ਤੇ ਸਵਾਲੀਆ ਨਿਸ਼ਾਨ ਲਗਾਉਣਾ ਵੀ ਪਹਿਲੀ ਨਜ਼ਰੇ ਇਹੋ ਜਿਹਾ ਹੀ ਵਰਤਾਰਾ ਜਾਪਦਾ ਹੈ। ਮਸਲਾ ਸੰਸਥਾ ਦਾ ਨਹੀਂ ਸਗੋਂ ਸੰਸਥਾਵਾਂ ਦੇ ਅਹੁਦਿਆਂ 'ਤੇ ਨਿਯੁਕਤ ਕੀਤੇ ਵਿਅਕਤੀਆਂ ਦੀ ਭਰੋਸੇਯੋਗਤਾ ਦਾ ਹੈ। ਇਨ੍ਹਾਂ ਨਿਯੁਕਤੀਆਂ ਲਈ ਪੱਕਾ ਵਿਧਾਨ ਬਣਾਉਣ ਦਾ ਮਸਲਾ ਕਈ ਵਾਰ ਉੱਠ ਚੁੱਕਿਆ ਹੈ ਅਤੇ ਕਮੇਟੀਆਂ ਵੀ ਬਣੀਆਂ ਹਨ, ਪਰ ਹੋਇਆ ਕੁਝ ਵੀ ਨਹੀਂ।

ਅਸਲ ਮਸਲਾ ਤਾਂ ਬਰਗਾੜੀ ਤੋਂ ਬਰਗਾੜੀ ਦੇ ਸਫ਼ਰ ਯਾਨੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਰਤਾਰੇ ਦਾ ਹੈ। ਗੁਨਾਹਗਾਰਾਂ ਦੀ ਨਿਸ਼ਾਨਦੇਹੀ ਹੋਈ ਨੂੰ ਵੀ ਹੁਣ ਤਾਂ ਕਈ ਸਾਲ ਹੋ ਚੁੱਕੇ ਹਨ। ਮੁੱਖ ਦੋਸ਼ੀ ਯਾਨੀ ਕਿ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੀ ਤਾਂ ਪੁਲੀਸ ਹਿਰਾਸਤ ਵਿੱਚ ਅੱਜ ਤੱਕ ਪੁੱਛਗਿੱਛ ਹੀ ਨਹੀਂ ਹੋਈ। ਲਗਾਤਾਰ ਹੋ ਰਹੀਆਂ ਬੇਅਦਬੀਆਂ ਦੀ ਜੜ੍ਹ ਇਨਸਾਫ ਨਾ ਮਿਲਣ ਵਿੱਚ ਹੈ, ਸਖ਼ਤ ਕਾਨੂੰਨ ਹੋਣ ਜਾਂ ਨਾ ਹੋਣ ਵਿੱਚ ਨਹੀਂ। ਪੰਜਾਬ ਨੇ ਪਹਿਲਾਂ ਹੀ ਬਹੁਤ ਭੁਗਤਿਆ ਹੈ। ਅਖੀਰ 'ਤੇ ਗੱਲ ਅਕਾਲ ਤਖ਼ਤ ਸਾਹਿਬ ਅਤੇ ਭਗਵੰਤ ਸਿੰਘ ਮਾਨ ਦੀ ਸਰਕਾਰ ਦਰਮਿਆਨ ਵਧਦੇ ਟਕਰਾਅ ਨੂੰ ਟਾਲਣ ਦੀ ਹੈ। ਸਮੇਂ ਸਮੇਂ 'ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਕਿਸੇ ਵਿਅਕਤੀ ਜਾਂ ਸ਼ਕਤੀ ਦਾ ਮੋਹਰਾ ਹੋਣ ਦੇ ਦੋਸ਼ ਲੱਗਣਾ ਵੱਖਰਾ ਪਹਿਲੂ ਹੈ। ਇਹ ਇਲਜ਼ਾਮ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਲਗਾਏ ਤੇ ਹੁਣ ਭਗਵੰਤ ਸਿੰਘ ਮਾਨ ਨੇ। ਹਿਸਾਬ ਬਰਾਬਰ। ਅਸਲ ਫੈਸਲਾ ਜਨਤਾ ਦੀ ਅਦਾਲਤ ਨੇ ਕਰਨਾ ਹੈ। ਬੇਅਦਬੀ ਦੇ ਵਰਤਾਰੇ ਨੂੰ ਠੱਲ੍ਹ ਪੈਣੀ ਜ਼ਰੂਰੀ ਹੈ।

ਜਗਤਾਰ ਸਿੰਘ

# ਅੰਧਵਿਸ਼ਵਾਸ ਦਾ ਵਗਦਾ ਦਰਿਆ

ਗੜ੍ਹਸ਼ੰਕਰ ਤੋਂ ਆਦਮਪੁਰ ਵੱਲ ਜਾਂਦਿਆਂ ਨਹਿਰ ਦਾ ਕਿਨਾਰਾ ਮੈਨੂੰ ਇੱਕ ਅਜਿਹੇ ਦ੍ਰਿਸ਼ ਦਾ ਗਵਾਹ ਬਣਾ ਗਿਆ ਜੋ ਸਾਡੇ ਆਧੁਨਿਕ ਸਮਾਜ ਦੇ ਚਿਹਰੇ 'ਤੇ ਲੱਗੇ ਅੰਧਵਿਸ਼ਵਾਸ ਦੇ ਦਾਗ ਨੂੰ ਬੇਨਕਾਬ ਕਰਦਾ ਹੈ। ਰਾਹ ਵਿੱਚ ਐਕਟਿਵਾ 'ਤੇ ਸਵਾਰ ਤਿੰਨ ਜਣੇ- ਦੋ ਨੌਜਵਾਨ ਅਤੇ ਇੱਕ ਵੱਡੀ ਉਮਰ ਦੀ ਮਹਿਲਾ ਨਹਿਰ ਦੇ ਪੁਲ ਕੋਲ ਰੁਕੇ। ਉਨ੍ਹਾਂ ਦੇ ਹੱਥਾਂ ਵਿੱਚ ਫੜੇ ਲਿਫਾਫੇ ਅਤੇ ਉਨ੍ਹਾਂ ਦੀਆਂ ਘਬਰਾਹਟ ਭਰੀਆਂ ਨਜ਼ਰਾਂ ਇਹ ਦੱਸਣ ਲਈ ਕਾਫੀ ਸਨ ਕਿ ਉਹ ਕਿਸੇ ਗੈਰ-ਕਾਨੂੰਨੀ ਜਾਂ ਅਨੈਤਿਕ ਕੰਮ ਨੂੰ ਅੰਜਾਮ ਦੇਣ ਆਏ ਸਨ।



ਮੈਂ ਤੇ ਮੇਰਾ ਦੋਸਤ ਉਨ੍ਹਾਂ ਨੂੰ ਵੇਖ ਰਹੇ ਸਾਂ। ਜਦੋਂ ਉਹ ਨਹਿਰ ਵਿੱਚ ਕੋਈ ਚੀਜ਼ ਸੁੱਟਣ ਦੀ ਤਿਆਰੀ ਕੀਤੀ ਤਾਂ ਮੈਂ ਆਪਣੇ ਮਿੱਤਰ ਵੱਲੋਂ ਰੋਕਣ ਦੇ ਬਾਵਜੂਦ ਨਾ ਰੁਕਿਆ ਤੇ ਗੱਡੀ 'ਚੋਂ ਉਤਰ ਕੇ ਉਨ੍ਹਾਂ ਕੋਲ ਜਾ ਪਹੁੰਚਿਆ। "ਰੁਕੋ! ਇਹ ਤੁਸੀਂ ਕੀ ਕਰ ਰਹੇ ਹੋ?" ਮੇਰਾ ਸਵਾਲ ਸਿੱਧਾ ਸੀ। ਉਨ੍ਹਾਂ ਦਾ ਜਵਾਬ ਤਿੱਖਾ ਸੀ, "ਤੂੰ ਆਪਣਾ ਕੰਮ ਕਰ, ਸਾਡੇ ਕੰਮ ਵਿੱਚ ਦਖਲ ਨਾ ਦੇ।"

ਪਰ ਮੈਂ ਜਾਣਦਾ ਸੀ ਕਿ ਗੁੱਸੇ ਨਾਲ ਨਹੀਂ, ਸਗੋਂ ਤਰਕ ਨਾਲ ਹੀ ਅਜਿਹੀ ਸਥਿਤੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਮੈਂ ਆਖਿਆ, "ਜੇ ਤੁਹਾਡੇ ਇਸ ਟੂਣੇ ਨਾਲ ਮੇਰੀ ਭੂਆ ਮਰ ਗਈ ਫਿਰ ? ਤੁਸੀਂ ਜੋ ਕੁਝ ਨਹਿਰ ਵਿੱਚ ਸੁੱਟ ਰਹੇ ਹੋ, ਇਹ ਪਾਣੀ ਅੱਗੇ ਜਾ ਕੇ ਲੋਕਾਂ ਦੇ ਘਰਾਂ ਵਿੱਚ ਪੀਣ ਲਈ ਵਰਤਿਆ ਜਾਂਦਾ ਹੈ। ਇਹੋ ਪਾਣੀ ਮੇਰੀ ਭੂਆ ਦੇ ਘਰ ਵੀ ਜਾਵੇਗਾ। ਹੁਣ ਇਸ ਨਹਿਰ ਦਾ ਪਾਣੀ ਲੋਕਾਂ ਦੇ ਪੀਣ ਦੇ ਕੰਮ ਆਵੇਗਾ, ਹੁਣ ਇਸ ਵਿੱਚ ਗੰਦ ਨਾ ਸੁੱਟੋ। ਇਹ ਟੂਣਾ ਨਹੀਂ, ਇਹ ਤਾਂ ਤੁਸੀਂ ਸਾਡੀ ਜ਼ਿੰਦਗੀ ਨਾਲ ਖੇਡ ਰਹੇ ਹੋ।"

ਮੇਰਾ ਇਹ ਵਿਅੰਗ ਉਨ੍ਹਾਂ ਦੀ ਸੋਚ ਨੂੰ ਇੱਕ ਵਾਰ ਤਾਂ ਝੰਜੋੜ ਗਿਆ। ਗੱਲਬਾਤ ਦੌਰਾਨ ਉਨ੍ਹਾਂ ਮੰਨਿਆ ਕਿ ਉਹ ਆਪਣੀ ਧੀ ਦੇ ਕੈਨੇਡਾ ਜਾਣ ਦੀ ਅਰਜ਼ੀ ਸਫਲ ਕਰਵਾਉਣ ਲਈ ਕਿਸੇ ਪੰਡਿਤ ਦੇ ਕਹੇ ਅਨੁਸਾਰ ਇਹ ਉਪਰਾਲਾ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਕਾਮਯਾਬੀ ਦਾ ਰਾਹ ਮਿਹਨਤ, ਇਮਾਨਦਾਰੀ ਅਤੇ ਸਹੀ ਦਸਤਾਵੇਜ਼ਾਂ ਰਾਹੀਂ ਪ੍ਰਾਪਤ ਹੁੰਦਾ ਹੈ, ਨਾ ਕਿ ਨਹਿਰਾਂ ਵਿੱਚ ਚੀਜ਼ਾਂ ਸੁੱਟ ਕੇ। ਆਖਿਰਕਾਰ, ਉਨ੍ਹਾਂ ਨੇ ਉਹ ਲਿਫਾਫੇ ਨਹਿਰ ਵਿੱਚ ਸੁੱਟਣ ਦਾ ਇਰਾਦਾ ਤਿਆਗ ਦਿੱਤਾ ਅਤੇ ਵਾਪਸ ਮੁੜ ਗਏ। ਪਰ ਇਹ ਘਟਨਾ ਇੱਕ ਵੱਡੇ ਸਵਾਲ ਨੂੰ ਜਨਮ ਦਿੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ? ਹਰ ਰੋਜ਼ ਨਹਿਰਾਂ, ਦਰਿਆਵਾਂ ਅਤੇ ਜਨਤਕ ਸਥਾਨਾਂ 'ਤੇ ਅਜਿਹੀਆਂ ਗਤੀਵਿਧੀਆਂ ਰਾਹੀਂ ਪਾਣੀ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਇਹ ਪ੍ਰਦੂਸ਼ਣ ਸੋਚ ਦਾ ਵੀ ਹੈ। ਲੋਕ ਮਾਨਸਿਕ ਤੌਰ 'ਤੇ ਡਰੇ ਹੋਏ ਹਨ, ਜਿਨ੍ਹਾਂ ਦਾ ਫਾਇਦਾ ਕੁਝ ਲੋਕ-ਵਿਰੋਧੀ ਤਾਕਤਾਂ ਅੰਧਵਿਸ਼ਵਾਸ ਫੈਲਾ ਕੇ ਉਠਾ ਰਹੀਆਂ ਹਨ।

ਸਰਕਾਰ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। 'ਡਰੱਗਜ਼ ਐਂਡ ਮੈਜਿਕ ਰੈਮਡੀਜ਼ ਐਕਟ 1954' ਅਤੇ 'ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994' ਵਰਗੇ ਕਾਨੂੰਨ ਸਿਰਫ ਕਾਗਜ਼ਾਂ ਤੱਕ ਸੀਮਤ ਨਹੀਂ ਰਹਿਣੇ ਚਾਹੀਦੇ। ਅਜਿਹੇ ਕਰਮ ਕਾਂਡਾਂ ਨਾਲ ਲਾਭ ਹੋਣ ਦੇ ਝੂਠੇ ਦਾਅਵੇ ਕਰਨ ਵਾਲੇ ਪਾਖੰਡੀਆਂ 'ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਸਭ ਤੋਂ ਵੱਡੀ ਲੋੜ ਸਮਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਕਰਨ ਦੀ ਹੈ। ਜਦੋਂ ਤੱਕ ਅਸੀਂ ਅੰਧਵਿਸ਼ਵਾਸਾਂ ਦੇ ਇਸ ਹਨੇਰੇ ਜਾਲ ਵਿੱਚੋਂ ਬਾਹਰ ਨਹੀਂ ਨਿਕਲਦੇ, ਸਾਡੀ ਤਰੱਕੀ ਸਿਰਫ ਖ਼ਵਾਬ ਤੱਕ ਹੀ ਸੀਮਤ ਰਹਿ ਜਾਵੇਗੀ। ਯਾਦ ਰੱਖੋ, ਸਮੱਸਿਆਵਾਂ ਦਾ ਹੱਲ ਨਹਿਰਾਂ ਵਿੱਚ ਸੁੱਟੇ ਲਿਫਾਫਿਆਂ ਵਿੱਚ ਨਹੀਂ, ਸਗੋਂ ਸਾਡੀ ਆਪਣੀ ਸੋਚ ਨੂੰ ਬਦਲਣ ਵਿੱਚ ਹੈ।

ਮਦਨ ਬਾਂਗੜ

# ਫੀਫਾ (ਫੁੱਟਬਾਲ) ਵਿਸ਼ਵ ਕੱਪ 2026 ਸਬੰਧੀ ...ਸੋਚਣ ਵਾਲੀ ਗੱਲ




ਬੀਤੇ ਦਿਨੀਂ ਸੋਸਲ ਮੀਡੀਆ ਉੱਪਰ ਇਕ ਖਬਰ ਪੜ੍ਹਨ ਨੂੰ ਮਿਲੀ ਸੀ ਕਿ ਭਾਰਤੀ ਪੰਜਾਬ ਮੂਲ ਦੇ ਨਿਊਜੀਲੈਂਡ ਦੇ ਫੁੱਟਬਾਲ ਸਿਤਾਰੇ ਸਰਪ੍ਰੀਤ ਸਿੰਘ ਦੀ ਫੀਫਾ ਵਿਸਵ ਕੱਪ 2026 ਲਈ ਚੋਣ ਹੋਈ ਹੈ। ਇਹ ਖਬਰ ਪੜ੍ਹ ਕੇ ਮੈਨੂੰ ਵੀ ਖੁਸੀ ਹੋਈ ਸੀ। ਆਸਟ੍ਰੇਲੀਆ ਵਿੱਚ ਬੈਠਿਆਂ ਫੀਫਾ ਵਿਸਵ ਕੱਪ 2026 ਦੇ ਮੈਚ ਵੇਖਣ ਲਈ ਉਤਸੁਕਤਾ ਪੈਦਾ ਹੋਈ। ਮੈਂ ਸੋਚਿਆ ਕਿ ਚਲੋ! ਇਸ ਵਿਸਵ ਕੱਪ ਵਿੱਚ ਭਾਰਤ ਦੀ ਕਾਰਗੁਜਾਰੀ ਵੀ ਵੇਖਾਂਗੇ। ਪਰ ਜਦੋਂ ਮੈਂ ਵਿਸਥਾਰ ਨਾਲ ਇਸ ਟੂਰਨਾਮੈਂਟ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ, ਤਾਂ ਮੈਨੂੰ ਪਤਾ ਲੱਗਾ ਕਿ ਇਸ ਵਿਸਵ ਕੱਪ ਵਿੱਚ ਦੁਨੀਆਂ ਦੀਆਂ 48 ਦੇਸਾਂ ਦੀਆਂ ਫੁੱਟਬਾਲ ਟੀਮਾਂ ਭਾਗ ਲੈ ਰਹੀਆਂ ਹਨ, ਜਿਨਾਂ ਨੇ ਇਸ ਵਿਸਵ ਕੱਪ ਵਿੱਚ ਖੇਡਣ ਲਈ ਕੁਆਲੀਫਾਈ ਕੀਤਾ ਹੈ। ਇਹਨਾਂ ਵਿੱਚ ਏਸੀਆ ਮਹਾਂਦੀਪ ਦੇ 8 ਦੇਸਾਂ ਦੀਆਂ (ਇਰਾਨ, ਇਰਾਕ, ਜਪਾਨ, ਜਾਰਡਨ, ਕਤਰ, ਸਾਊਦੀ ਅਰਬ, ਦੱਖਣੀ ਕੋਰੀਆ ਅਤੇ ਉਜਬੇਕਿਸਤਾਨ) ਫੁੱਟਬਾਲ ਟੀਮਾਂ ਦੇ ਨਾਂ ਤਾਂ ਸਾਮਲ ਸਨ, ਪਰ ਭਾਰਤ ਦਾ ਨਾਂ ਕਿਧਰੇ ਵੀ ਨਹੀਂ ਸੀ। ਇਸ ਦਾ ਇਹ ਅਰਥ ਹੈ ਕਿ "ਵਿਸਵ ਗੁਰੂ" ਹੋਣ ਦੇ ਸੁਪਨੇ ਵੇਚਣ ਵਾਲਾ 140 ਕਰੋੜ ਦੀ ਆਬਾਦੀ ਵਾਲਾ ਭਾਰਤ ਦੇਸ ਵਿਸਵ ਕੱਪ 2026 ਖੇਡਣ ਲਈ ਕੁਆਲੀਫਾਈ ਵੀ ਨਹੀਂ ਕਰ ਸਕਿਆ। ਇਹ ਸਾਡੇ ਸਾਰੇ ਭਾਰਤੀਆਂ ਲਈ ਬਹੁਤ ਹੀ ਸਰਮ ਵਾਲੀ ਗੱਲ ਹੈ। ਇਸ ਦਾ ਇਹ ਅਰਥ ਨਹੀਂ ਕਿ ਭਾਰਤ ਵਿੱਚ ਸੁਚੱਜੇ ਫੁੱਟਬਾਲ ਖਿਡਾਰੀ ਨਹੀਂ ਹਨ। ਅਜਿਹਾ ਨਹੀਂ ਹੈ ਕਿਉਂਕਿ ਅਜੇ ਕੁਝ ਸਾਲ ਪਹਿਲਾਂ ਹੀ ਭਾਰਤੀ ਪੰਜਾਬ ਵਿੱਚ ਜਲੰਧਰ ਜਿਲ੍ਹੇ ਦੇ ਇਕ ਪਿੰਡ ਸੰਸਾਰ ਪੁਰ ਦੀ ਹਾਕੀ ਟੀਮ ਨੇ ਸਾਰੇ ਵਿਸਵ ਦੀ ਹਾਕੀ ਟੀਮ ਨੂੰ ਹਾਕੀ ਮੈਚ ਖੇਡਣ ਲਈ ਵੰਗਾਰਿਆ ਸੀ। ਹੁਣ ਭਾਰਤੀ ਪੰਜਾਬ ਮੂਲ ਦੇ ਨਿਊਜੀਲੈਂਡ ਦੇ ਫੁੱਟਬਾਲ ਸਿਤਾਰੇ ਸਰਪ੍ਰੀਤ ਸਿੰਘ ਦੀ ਫੀਫਾ ਵਿਸਵ ਕੱਪ 2026 ਲਈ ਚੋਣ ਉੱਪਰ ਮਾਣ ਕਰੀ ਜਾਣਾ ਕੋਈ ਸੋਭਾ ਨਹੀਂ ਦਿੰਦਾ। ਆਓ! ਅਸੀਂ ਸਾਰੇ ਸੋਚੀਏ ਕਿ ਅਸੀਂ ਕੀ ਹਾਂ?

ਦੂਸਰੇ ਪਾਸੇ 5.5 ਲੱਖ ਦੀ ਆਬਾਦੀ ਵਾਲੇ ਫੀਫਾ ਵਿਸਵ ਕੱਪ ਵਿੱਚ ਪਹਿਲੀ ਵਾਰ ਹਿੱਸਾ ਲੈਣ ਵਾਲੀ ਕੇਪ ਵਰਡੇ ਦੀ ਟੀਮ ਨੇ ਇਸ ਟੂਰਨਾਮੈਂਟ ਦੀ ਇੱਕ ਮਜਬੂਤ ਦਾਅਵੇਦਾਰ ਮੌਜੂਦਾ ਯੂਰਪੀ ਚੈਂਪੀਅਨ ਸਪੇਨ ਦੀ ਟੀਮ ਨੂੰ ਐਟਲਾਂਟਾ ਵਿੱਚ ਖੇਡੇ ਗਏ ਇਕ ਮੈਚ ਵਿੱਚ ਹੈਰਾਨੀਜਨਕ ਢੰਗ ਨਾਲ ਗੋਲਰਹਿਤ (0-0) ਬਰਾਬਰੀ 'ਤੇ ਰੋਕ ਲਿਆ। ਇਸ ਸਾਨਦਾਰ ਪ੍ਰਦਰਸਨ ਵਿੱਚ ਉਨ੍ਹਾਂ ਦੇ 40 ਸਾਲਾ ਗੋਲਕੀਪਰ ਵੋਜਿਨਹਾ ਵੱਲੋਂ ਕੀਤੇ ਗਏ ਬੇਮਿਸਾਲ ਗੋਲ ਰੋਕਣ ਦਾ ਵੱਡਾ ਯੋਗਦਾਨ ਰਿਹਾ। ਖਬਰਾਂ ਅਨੁਸਾਰ ਸਪੇਨ ਨੇ ਪੂਰੇ 90 ਮਿੰਟਾਂ ਦੌਰਾਨ 27 ਸਾਟ ਲਗਾਏ, ਪਰ ਉਹ ਕੇਪ ਵਰਡੇ ਦੀ ਮਜਬੂਤ ਅਤੇ ਅਨੁਸਾਸਿਤ ਰੱਖਿਆ ਲਾਈਨ ਵਿੱਚ ਸੰਨ੍ਹ ਲਾਉਣ ਤੋਂ ਅਸਫਲ ਰਹੇ। ਇਸ ਨਤੀਜੇ ਨਾਲ ਕੇਪ ਵਰਡੇ ਨੇ ਗਰੁੱਪ ਐਚ ਵਿੱਚ ਆਪਣੇ ਦੇਸ ਲਈ ਇਤਿਹਾਸਕ ਵਿਸਵ ਕੱਪ ਅੰਕ ਹਾਸਲ ਕੀਤਾ।

ਹੁਣ ਸੋਚਣ ਵਾਲੀ ਗੱਲ ਹੈ ਕਿ ਜੇਕਰ 5.5 ਲੱਖ ਦੀ ਆਬਾਦੀ ਵਾਲੇ ਫੀਫਾ ਵਿਸਵ ਕੱਪ ਵਿੱਚ ਪਹਿਲੀ ਵਾਰ ਹਿੱਸਾ ਲੈਣ ਵਾਲੀ ਕੇਪ ਵਰਡੇ ਦੀ ਫੁੱਟਬਾਲ ਟੀਮ ਨੇ ਇਸ ਟੂਰਨਾਮੈਂਟ ਦੀ ਇੱਕ ਮਜਬੂਤ ਦਾਅਵੇਦਾਰ ਮੌਜੂਦਾ ਯੂਰਪੀ ਚੈਂਪੀਅਨ ਸਪੇਨ ਦੀ ਟੀਮ ਨਾਲ ਬਰਾਬਰੀ ਕਰ ਲਈ ਹੈ, ਤਾਂ ਭਾਰਤ ਫੀਫਾ ਵਿਸਵ ਕੱਪ 2026 ਲਈ ਕਿਉਂ ਨਹੀਂ ਕੁਆਲੀਫਾਈ ਕਰ ਸਕਿਆ? ਕੇਵਲ ਭਾਰਤੀ ਪੰਜਾਬ ਮੂਲ ਦੇ ਨਿਊਜੀਲੈਂਡ ਦੇ ਫੁੱਟਬਾਲ ਸਿਤਾਰੇ ਸਰਪ੍ਰੀਤ ਸਿੰਘ (ਜਿਸ ਦੇ ਮਾਪੇ 35 ਸਾਲ ਪਹਿਲਾਂ ਨਿਊਜੀਲੈਂਡ ਮਾਈਗ੍ਰੇਟ ਕਰ ਗਏ ਸਨ) ਦੀ ਫੀਫਾ ਵਿਸਵ ਕੱਪ 2026 ਲਈ ਚੋਣ ਉੱਪਰ, ਕੱਛਾਂ ਵਜਾਉਣੀਆਂ ਸੋਭਾ ਨਹੀਂ ਦਿੰਦਾ।



ਪ੍ਰੋ. ਸੁਖਵੰਤ ਸਿੰਘ ਗਿੱਲ

# ਪੋਡਕਾਸਟ ਦੇ ਦੌਰ 'ਚ ਪੱਤਰਕਾਰੀ



ਅੱਜ ਕਲ੍ਹ ਸੋਸਲ ਮੀਡੀਆ 'ਤੇ ਪੋਡਕਾਸਟ ਯਾਨੀ ਵੀਡੀਓ ਇੰਟਰਵਿਊ ਦੇਖਣ ਦਾ ਬਹੁਤ ਰਿਵਾਜ ਹੈ ਪਰ ਇਸ ਦੇ ਨਾਂ 'ਤੇ ਪੱਤਰਕਾਰੀ ਦਾ ਪੱਧਰ ਬਹੁਤ ਹੇਠਾਂ ਡਿੱਗ ਚੁੱਕਾ ਹੈ, ਜੋ ਕਿ ਚਿੰਤਾ ਦੀ ਗੱਲ ਹੈ। ਅੱਜ ਦੇ ਸਮੇਂ 'ਚ ਹਰ ਇਨਸਾਨ ਕੋਲ ਮੋਬਾਈਲ ਅਤੇ ਇੰਟਰਨੈੱਟ ਹੈ, ਜਿਸ ਕਰਕੇ ਕੋਈ ਵੀ ਆਪਣਾ ਚੈਨਲ ਖੋਲ੍ਹ ਸਕਦਾ ਹੈ। ਜਦੋਂ ਇਹ ਪੌਡਕਾਸਟ ਸੁਰੂ ਹੋਏ ਸਨ, ਉਦੋਂ ਲੱਗਦਾ ਸੀ ਕਿ ਇਨ੍ਹਾਂ ਰਾਹੀਂ ਲੋਕਾਂ ਨੂੰ ਚੰਗੀਆਂ ਅਤੇ ਸਿੱਖਣ ਵਾਲੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ ਪਰ ਅੱਜਕਲ੍ਹ ਇਨ੍ਹਾਂ 'ਚ ਜਿਆਦਾਤਰ ਇਤਰਾਜਯੋਗ ਸਮੱਗਰੀ ਪਰੋਸੀ ਜਾ ਰਹੀ ਹੈ। ਜੇ ਅਸੀਂ ਪਹਿਲਾਂ ਦੇ ਸਮੇਂ ਦੀ ਗੱਲ ਕਰੀਏ, ਤਾਂ ਟੀਵੀ ਜਾਂ ਅਖਬਾਰਾਂ 'ਚ ਇੰਟਰਵਿਊ ਸਿਰਫ ਉਨ੍ਹਾਂ ਲੋਕਾਂ ਦੀ ਹੁੰਦੀ ਸੀ, ਜਿਨ੍ਹਾਂ ਨੇ ਜਿੰਦਗੀ 'ਚ ਕੋਈ ਵੱਡੀ ਮਿਹਨਤ ਕੀਤੀ ਹੁੰਦੀ ਸੀ। ਖੇਡਾਂ, ਪੜ੍ਹਾਈ, ਕਲਾ, ਰਾਜਨੀਤੀ ਜਾਂ ਸਮਾਜ ਸੇਵਾ 'ਚ ਵੱਡਾ ਨਾਮ ਕਮਾਉਣ ਵਾਲੇ ਲੋਕਾਂ ਨੂੰ ਹੀ ਕੈਮਰੇ ਸਾਹਮਣੇ ਬਿਠਾਇਆ ਜਾਂਦਾ ਸੀ। ਇੰਟਰਵਿਊ ਲੈਣ ਵਾਲੇ ਪੱਤਰਕਾਰ ਵੀ ਬਹੁਤ ਪੜ੍ਹੇ-ਲਿਖੇ ਅਤੇ ਸੂਝਵਾਨ ਹੁੰਦੇ ਸਨ। ਉਹ ਬੜੀ ਇੱਜਤ ਨਾਲ ਅਜਿਹੇ ਸਵਾਲ ਪੁੱਛਦੇ ਸਨ, ਜਿਨ੍ਹਾਂ ਨੂੰ ਸੁਣ ਕੇ ਲੋਕਾਂ ਨੂੰ ਕੁਝ ਚੰਗਾ ਸਿੱਖਣ ਨੂੰ ਮਿਲਦੀ ਸੀ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਹਾਸਲ ਹੁੰਦੀ ਸੀ ਪਰ ਅੱਜ ਇਹ ਸਭ ਕੁਝ ਬਦਲ ਗਿਆ ਹੈ। ਅੱਜ ਦੇ ਪੋਡਕਾਸਟਾਂ 'ਚ ਕਿਸੇ ਨੂੰ ਗੱਲਾਂ-ਬਾਤਾਂ ਲਈ ਬਿਠਾ ਲਿਆ ਜਾਂਦਾ ਹੈ। ਚਾਹੇ ਉਸ ਬੰਦੇ ਨੇ ਅਸਲ ਜਿੰਦਗੀ 'ਚ ਕੁਝ ਚੰਗਾ ਕੰਮ ਨਾ ਵੀ ਕੀਤਾ ਹੋਵੇ। ਬੱਸ ਉਹ ਸੋਸਲ ਮੀਡੀਆ 'ਤੇ ਕਿਸੇ ਪੁੱਠੀ-ਸਿੱਧੀ ਹਰਕਤ ਕਰਕੇ ਮਸਹੂਰ ਹੋਇਆ ਹੋਣਾ ਚਾਹੀਦਾ ਹੈ। ਅੱਜ ਦੇ ਬਹੁਤੇ ਇੰਟਰਵਿਊ ਲੈਣ ਵਾਲਿਆਂ ਦਾ ਮਕਸਦ ਸਿਰਫ ਇਹ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੀ ਵੀਡੀਓ 'ਤੇ ਬਹੁਤ ਸਾਰੇ ਵਿਊਜ ਆ ਜਾਣ, ਵੀਡੀਓ ਵਾਇਰਲ ਹੋ ਜਾਵੇ ਅਤੇ ਉਹ ਪੈਸਾ ਕਮਾ ਸਕਣ। ਇਸ ਚੱਕਰ 'ਚ ਉਹ ਖਾਸਕਰ ਪੱਤਰਕਾਰੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਨ। ਵੀਡੀਓ ਨੂੰ ਵਾਇਰਲ ਕਰਨ ਲਈ ਮਹਿਮਾਨ ਨੂੰ ਬਹੁਤ ਹੀ ਘਟੀਆ ਅਤੇ ਨਿੱਜੀ ਸਵਾਲ ਪੁੱਛੇ ਜਾਂਦੇ ਹਨ। ਜਾਣਬੁੱਝ ਕੇ ਅਜਿਹੀਆਂ ਗੱਲਾਂ ਛੇੜੀਆਂ ਜਾਂਦੀਆਂ ਹਨ ਜਿਸ ਨਾਲ ਕੋਈ ਝਗੜਾ ਖੜ੍ਹਾ ਹੋਵੇ, ਕੋਈ ਵਿਵਾਦ ਹੋਵੇ ਜਾਂ ਸਾਹਮਣੇ ਵਾਲਾ ਗੁੱਸੇ 'ਚ ਆ ਕੇ ਕੋਈ ਭੜਕਾਊ ਬਿਆਨ ਦੇ ਦੇਵੇ। ਫਿਰ ਉਸ ਲੜਾਈ ਵਾਲੇ ਹਿੱਸੇ ਦੀ ਛੋਟੀ ਜਿਹੀ ਕਲਿੱਪ ਬਣਾ ਕੇ ਇੰਸਟਾਗ੍ਰਾਮ ਜਾਂ ਯੂਟਿਊਬ 'ਤੇ ਪਾ ਦਿੱਤੀ ਜਾਂਦੀ ਹੈ। ਕਈ ਵਾਰ ਤਾਂ ਕਿਸੇ ਦੇ ਘਰ ਦੇ ਕਲੇਸ ਜਾਂ ਦੁੱਖ ਨੂੰ ਵੀ ਸਿਰਫ ਵਿਊਜ ਵਧਾਉਣ ਲਈ ਤਮਾਸਾ ਬਣਾ ਕੇ ਪੇਸ ਕੀਤਾ ਜਾਂਦਾ ਹੈ, ਜੋ ਕਿ ਬਹੁਤ ਸਰਮਨਾਕ ਹੈ। ਇਸ ਸਭ ਦਾ ਸਾਡੇ ਨੌਜਵਾਨਾਂ ਅਤੇ ਬੱਚਿਆਂ 'ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਜਦੋਂ ਉਹ ਰੋਜਾਨਾ ਇੰਟਰਨੈੱਟ 'ਤੇ ਅਜਿਹੇ ਵਿਵਾਦਿਤ ਲੋਕਾਂ ਨੂੰ ਵੱਡੇ ਬਣਦੇ ਦੇਖਦੇ ਹਨ, ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਜਿੰਦਗੀ 'ਚ ਪੜ੍ਹਨ-ਲਿਖਣ ਜਾਂ ਮਿਹਨਤ ਕਰਨ ਦੀ ਕੋਈ ਲੋੜ ਨਹੀਂ ਹੈ। ਉਹ ਸੋਚਦੇ ਹਨ ਕਿ ਕੋਈ ਵੀ ਗਲਤ ਜਾਂ ਹਾਸੋਹੀਣੀ ਹਰਕਤ ਕਰਕੇ ਰਾਤੋ-ਰਾਤ ਮਸਹੂਰ ਹੋਣਾ ਹੀ ਅਸਲ ਕਾਮਯਾਬੀ ਹੈ। ਇਸ ਨਾਲ ਸਾਡੇ ਸਮਾਜ ਦੀ ਬੋਲਚਾਲ ਅਤੇ ਭਾਸਾ ਵੀ ਖਰਾਬ ਹੋ ਰਹੀ ਹੈ। ਇੰਟਰਨੈੱਟ ਨੇ ਸਭ ਨੂੰ ਬੋਲਣ ਦੀ ਆਜਾਦੀ ਦਿੱਤੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਦਿਖਾਉਣਾ ਸੁਰੂ ਕਰ ਦੇਈਏ। ਮੀਡੀਆ ਦੀ ਇੱਕ ਇੱਜਤ ਹੁੰਦੀ ਹੈ ਅਤੇ ਇਸ ਇੱਜਤ ਨੂੰ ਬਚਾ ਕੇ ਰੱਖਣਾ ਪੋਡਕਾਸਟ ਬਣਾਉਣ ਵਾਲਿਆਂ ਦੀ ਵੀ ਜਿੰਮੇਵਾਰੀ ਹੈ। ਇਸ ਗਿਰਾਵਟ ਨੂੰ ਰੋਕਣ ਲਈ ਜਿੱਥੇ ਵੀਡੀਓ ਬਣਾਉਣ ਵਾਲਿਆਂ ਨੂੰ ਆਪਣੀ ਸੋਚ ਬਦਲਣੀ ਪਵੇਗੀ, ਉੱਥੇ ਹੀ ਸਾਨੂੰ ਯਾਨੀ ਦਰਸਕਾਂ ਨੂੰ ਵੀ ਮਨੋਦਸ਼ਾ ਸੁਧਰਨੀ ਪਵੇਗੀ। ਸਾਨੂੰ ਅਜਿਹੀਆਂ ਫਾਲਤੂ ਅਤੇ ਲੜਾਈ-ਝਗੜੇ ਵਾਲੀਆਂ ਵੀਡੀਓਜ ਦੇਖਣੀਆਂ ਅਤੇ ਸੇਅਰ ਕਰਨੀਆਂ ਬੰਦ ਕਰਨੀਆਂ ਪੈਣਗੀਆਂ। ਜਦੋਂ ਤੱਕ ਅਸੀਂ ਖੁਦ ਚੰਗੀਆਂ ਗੱਲਾਂ ਨੂੰ ਪਸੰਦ ਨਹੀਂ ਕਰਾਂਗੇ, ਉਦੋਂ ਤੱਕ ਇਹ ਗੰਦ ਇਵੇਂ ਹੀ ਵਿਕਦਾ ਰਹੇਗਾ।

ਚਾਨਣਦੀਪ ਸਿੰਘ ਔਲਖ




ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

# ਨੀਟ ਵਿਵਾਦ: ਕਾਬਲੀਅਤ ਫੇਲ੍ਹ

ਮੈਡੀਕਲ ਕਾਲਜਾਂ ਵਿੱਚ ਦਾਖਲੇ ਵਾਸਤੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਰਾਹੀਂ ਲਈ ਜਾਂਦੀ ਦੇਸ਼ ਪੱਧਰੀ ਨੀਟ ਪ੍ਰੀਖਿਆ ਸੰਕਟ 'ਚ ਘਿਰ ਗਈ ਹੈ। 22 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਵੱਖ-ਵੱਖ ਕੋਚਿੰਗ ਸੈਂਟਰਾਂ ਰਾਹੀਂ ਦਿਨ ਰਾਤ ਇੱਕ ਕਰ ਕੇ ਦਾਖਲਾ ਪ੍ਰੀਖਿਆ ਦੀ ਤਿਆਰੀ ਕੀਤੀ ਸੀ ਅਤੇ ਮਾਪਿਆਂ ਨੇ ਚੋਖਾ ਧਨ ਆਪਣੇ ਬੱਚਿਆਂ ਦੇ ਮਹਿੰਗੇ ਕੋਚਿੰਗ ਸੈਂਟਰਾਂ ਵਿੱਚ ਪੜ੍ਹਨ ਅਤੇ ਰਹਿਣ ਲਈ ਖਰਚਿਆ ਸੀ ਪਰ ਪ੍ਰੀਖਿਆਰਥੀਆਂ ਦੇ ਸੁਪਨੇ ਇਸ ਮੁਕਾਬਲਾ ਪ੍ਰੀਖਿਆ ਵਿੱਚ ਉਤਪੰਨ ਹੋਈ ਸਥਿਤੀ ਕਾਰਨ ਚਕਨਾਚੂਰ ਹੋ ਗਏ। ਘਰਾਂ ਵਿੱਚ ਬੇਚੈਨੀ ਅਤੇ ਨਿਰਾਸ਼ਾ ਦਾ ਆਲਮ ਹੈ। ਇੱਥੋਂ ਤੱਕ ਕਿ ਤਣਾਅ 'ਚ ਆਏ ਕੁਝ ਵਿਦਿਆਰਥੀਆਂ ਨੇ ਆਤਮਹੱਤਿਆ ਦਾ ਰਾਹ ਵੀ ਚੁਣਿਆ। ਇਸ ਸੰਕਟ ਦੇ ਵੇਲੇ ਵੀ ਰਾਜਨੀਤਕ ਪਾਰਟੀਆਂ ਆਪੋ-ਆਪਣੀ ਸਿਆਸੀ ਖੇਡ, ਖੇਡ ਰਹੀਆਂ ਹਨ। ਉਹ ਇਸ ਸੰਕਟ ਨੂੰ ਪ੍ਰਬੰਧਕੀ ਅਤੇ ਰਾਜਸੀ ਸੰਕਟ ਨਾਲ ਜੋੜ ਕੇ ਆਪਣੇ ਕਾਰਜ ਵਿੱਚ ਲੱਗੀਆਂ ਹੋਈਆਂ ਹਨ ਅਤੇ ਕੇਂਦਰੀ ਸਿੱਖਿਆ ਮੰਤਰੀ ਤੋਂ ਲੈ ਕੇ ਵੱਖ-ਵੱਖ ਏਜੰਸੀਆਂ ਅਸਲ ਸਵਾਲ ਨਜਿੱਠਣ ਦੀ ਥਾਂ ਤਕਨੀਕੀ ਖਾਮੀਆਂ 'ਤੇ ਹੀ ਕੰਮ ਕਰ ਰਹੀਆਂ ਹਨ। ਇੱਥੋਂ ਤੱਕ 2024 ਵਿੱਚ ਬਣੀ ਰਾਮਾਚੰਦਰਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ ਹੈ। ਹੁਣ ਸੁਪਰੀਮ ਕੋਰਟ ਨੇ ਵਿਸ਼ੇਸ਼ ਤੌਰ 'ਤੇ ਯੂ ਪੀ ਐੱਸ ਸੀ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਇੰਨੇ ਵੱਡੇ ਇਮਤਿਹਾਨ ਨੂੰ ਲੈਣ ਵਾਲੀ ਨੈਸ਼ਨਲ ਟੈਸਟਿੰਗ ਏਜੰਸੀ ਦਾ ਆਪਣਾ ਕੋਈ ਢੁਕਵਾਂ ਤਾਣਾ-ਬਾਣਾ ਵੀ ਨਹੀਂ ਹੈ।

ਸਿਰਫ ਤਾਮਿਲਨਾਡੂ ਦੇ ਮੁੱਖ ਮੰਤਰੀ ਵਿਜੈ ਨੇ ਤੁਰੰਤ ਨੀਟ ਸਬੰਧੀ ਵਿਚਾਰ ਰੱਖਦਿਆਂ ਕਿਹਾ ਕਿ ਸੂਬਾਈ ਸਕੂਲ ਬੋਰਡ ਦੇ ਅੰਕਾਂ ਦੇ ਆਧਾਰ 'ਤੇ ਹੀ ਮੈਡੀਕਲ ਦਾਖਲੇ ਹੋਣੇ ਚਾਹੀਦੇ ਹਨ। ਉਸ ਦਾ ਇਹ ਬਿਆਨ ਨੀਟ ਪ੍ਰੀਖਿਆਵਾਂ ਸਬੰਧੀ ਕੀਤੇ ਗਏ 15 ਸਾਲਾਂ ਦੇ ਅਧਿਐਨ 'ਤੇ ਆਧਾਰਿਤ ਸੀ। ਨੀਟ ਪ੍ਰੀਖਿਆਵਾਂ ਦੇ ਢੰਗ ਤਰੀਕਿਆਂ ਸਬੰਧੀ ਤਾਮਿਲਨਾਡੂ ਦੀ ਸਰਕਾਰ ਵੱਲੋਂ ਜਸਟਿਸ ਰਾਜਨ ਦੀ ਪ੍ਰਧਾਨਗੀ ਹੇਠ ਜੋ ਰਿਪੋਰਟ 2021 'ਚ ਤਿਆਰ ਕੀਤੀ ਗਈ ਸੀ, ਉਸ 'ਚ ਉਨ੍ਹਾਂ ਨੇ ਸਪੱਸ਼ਟ ਕਿਹਾ ਸੀ ਕਿ ਜਦੋਂ ਤੱਕ ਇਨ੍ਹਾਂ ਪ੍ਰੀਖਿਆਵਾਂ ਦਾ ਪ੍ਰਬੰਧ ਅਤੇ ਸੰਚਾਲਨ ਰਾਜ ਸਰਕਾਰਾਂ ਨੂੰ ਨਹੀਂ ਦਿੱਤਾ ਜਾਂਦਾ ਇਹ ਪ੍ਰੀਖਿਆਵਾਂ ਨਵੇਂ ਸੰਕਟ ਨੂੰ ਜਨਮ ਦਿੰਦੀਆਂ ਰਹਿਣਗੀਆਂ। ਕਮੇਟੀ ਨੇ 165 ਪੰਨਿਆਂ ਦੀ ਰਿਪੋਰਟ ਵਿੱਚ 2010 ਤੋਂ 2021 ਤੱਕ ਨੀਟ ਪ੍ਰੀਖਿਆਵਾਂ ਦਾ ਭਰਵਾਂ ਵਿਸ਼ਲੇਸ਼ਣ ਕੀਤਾ ਸੀ ਕਿ ਕਿਸ ਤਰ੍ਹਾਂ ਇਨ੍ਹਾਂ ਪ੍ਰੀਖਿਆਵਾਂ ਨੇ ਤਾਮਿਲਨਾਡੂ ਦੇ ਮੈਡੀਕਲ ਕਾਲਜਾਂ ਦੇ ਦਾਖਲਿਆਂ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸਿਰਫ ਤੇ ਸਿਰਫ 12ਵੀਂ ਦੀ ਪ੍ਰੀਖਿਆ ਦੇ ਅੰਕਾਂ ਦੇ ਆਧਾਰ 'ਤੇ ਹੀ ਮੈਡੀਕਲ ਕਾਲਜਾਂ ਵਿੱਚ ਦਾਖਲਾ ਹੋਣਾ ਚਾਹੀਦਾ ਹੈ ਅਤੇ ਰਾਜ ਸਰਕਾਰ ਹੀ ਕੋਈ ਆਪਣਾ ਮਾਪਦੰਡ ਇਸ ਨਾਲ ਜੋੜ ਸਕਦੀ ਹੈ। ਰਾਜ ਸਰਕਾਰਾਂ ਕੋਲ ਹਰੇਕ ਪੱਧਰ ਦੀ ਨਿਆਂਇਕ ਅਤੇ ਵਿਧਾਨਕ ਤਾਕਤ ਹੈ ਕਿ ਉਹ ਆਪਣੇ ਕਾਇਦੇ ਕਾਨੂੰਨਾਂ ਅਨੁਸਾਰ ਨੀਟ ਪ੍ਰੀਖਿਆਵਾਂ ਨੂੰ ਖਤਮ ਕਰਕੇ ਰਾਜ ਪੱਧਰੀ ਪ੍ਰੀਖਿਆਵਾਂ ਰਾਹੀਂ ਦਾਖਲਾ ਕਰ ਸਕਦੀਆਂ ਹਨ। ਤਾਮਿਲਨਾਡੂ ਸਰਕਾਰ ਨੇ ਐਕਟ 3/2007 ਰਾਹੀਂ ਇਹ ਪਾਸ ਕਰ ਲਿਆ ਸੀ ਕਿ ਰਾਜ ਦੇ ਵੱਖ-ਵੱਖ ਵਿਦਿਆਰਥੀਆਂ ਦਾ ਸਮਾਜਿਕ ਹੱਕ ਤਦ ਹੀ ਬਹਾਲ ਰਹਿ ਸਕਦਾ ਹੈ ਜੇ ਰਾਜ ਪੱਧਰੀ ਸਕੂਲ ਬੋਰਡਾਂ ਰਾਹੀਂ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਮੈਡੀਕਲ ਕਾਲਜਾਂ ਵਿੱਚ ਦਾਖਲਾ ਮਿਲਦਾ ਹੈ। ਉਨ੍ਹਾਂ ਇਸ ਰਿਪੋਰਟ ਵਿੱਚ ਰਾਜ ਪੱਧਰ 'ਤੇ ਚੱਲ ਰਹੇ 400 ਕੋਚਿੰਗ ਸੈਂਟਰਾਂ ਦਾ ਅਧਿਐਨ ਵੀ ਕੀਤਾ ਕਿ ਪ੍ਰਤੀ ਕੋਚਿੰਗ ਸੈਂਟਰ 13 ਕਰੋੜ ਦੇ ਕਰੀਬ ਕਮਾਈ ਕੀਤੀ ਜਾਂਦੀ ਹੈ, ਜੋ ਲੋਕਾਂ ਦੀ 5200 ਕਰੋੜ ਰੁਪਏ ਦੀ ਲੁੱਟ ਦੇ ਬਰਾਬਰ ਹੈ। ਇਨ੍ਹਾਂ ਕੋਚਿੰਗ ਸੈਂਟਰਾਂ ਕਰਕੇ ਸਕੂਲਾਂ ਵਿੱਚ ਚੱਲ ਰਹੀ ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਉਪਰ ਮਾੜਾ ਅਸਰ ਪਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਸਮੇਂ ਰਾਜ ਸਰਕਾਰਾਂ ਨੂੰ ਕੇਂਦਰ ਦੀ ਇਸ ਨੈਸ਼ਨਲ ਟੈਸਟਿੰਗ ਏਜੰਸੀ ਖਿਲਾਫ ਖੜ੍ਹੇ ਹੋਣ ਦੀ ਲੋੜ ਹੈ ਕਿਉਂਕਿ ਨੈਸ਼ਨਲ ਟੈਸਟਿੰਗ ਏਜੰਸੀ ਕੋਈ ਸਰਕਾਰੀ ਪੱਧਰ ਦੀ ਸੰਸਥਾ ਨਹੀਂ ਹੈ, ਜਿਵੇਂ ਯੂ ਪੀ ਐੱਸ ਸੀ ਅਤੇ ਹੋਰ ਟੈਸਟਾਂ ਲਈ ਬਣਾਏ ਜਾਂਦੇ ਬੋਰਡ ਹੁੰਦੇ ਹਨ।




ਇਹ ਟੈਸਟਿੰਗ ਏਜੰਸੀ ਦਾ ਸਰਕਾਰੀ ਬਜਟ ਨਾ-ਮਾਤਰ ਹੈ, ਬਲਕਿ ਪਿਛਲੇ ਸਮੇਂ ਵਿੱਚ ਇਸ ਏਜੰਸੀ ਨੇ 3540 ਕਰੋੜ ਰੁਪਏ ਦਾਖਲਾ ਪ੍ਰੀਖਿਆਵਾਂ ਦੀਆਂ ਫੀਸਾਂ ਤੋਂ ਹੀ ਇਕੱਤਰ ਕੀਤੇ ਹਨ। ਇਸ ਅਦਾਰੇ ਵੱਲੋਂ ਲਈਆਂ ਗਈਆਂ 85 ਪ੍ਰੀਖਿਆਵਾਂ ਵਿੱਚੋਂ 40 ਪ੍ਰੀਖਿਆਵਾਂ ਦੁਬਾਰਾ ਕਰਵਾਉਣੀਆਂ ਪਈਆਂ ਜਿਸ ਨਾਲ ਲੱਖਾਂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਪ੍ਰਭਾਵਿਤ ਹੋਏ ਹਨ। ਤਣਾਅਗ੍ਰਸਤ ਵਿਦਿਆਰਥੀਆਂ ਨੂੰ ਆਤਮਹੱਤਿਆਵਾਂ ਲਈ ਮਜਬੂਰ ਹੋਣਾ ਪਿਆ। ਮੱਧ ਵਰਗ ਅਤੇ ਉੱਚ ਸ਼੍ਰੇਣੀ ਆਪਣੇ ਬੱਚਿਆਂ ਨੂੰ ਵੱਖ-ਵੱਖ ਕੋਚਿੰਗ ਸੈਂਟਰਾਂ ਵਿੱਚ ਭੇਜ ਕੇ ਕਰੋੜਾਂ ਰੁਪਏ ਬਰਬਾਦ ਕਰਦੇ ਹਨ। ਇਕੱਲੇ ਲਾਤੂਰ ਵਿੱਚ ਹੀ ਕੋਚਿੰਗ ਸੈਂਟਰਾਂ ਦਾ 500 ਕਰੋੜ ਰੁਪਏ ਦਾ ਧੰਦਾ ਹੈ। ਤੱਥ ਇਹ ਵੀ ਹੈ ਕਿ ਇਸ ਕਿਸਮ ਦੀਆਂ ਵੱਖ-ਵੱਖ ਪ੍ਰੀਖਿਆਵਾਂ ਰਾਹੀਂ ਸਿੱਖਿਆ ਦਾ ਕੇਂਦਰੀਕਰਨ ਹੋ ਗਿਆ ਹੈ ਅਤੇ ਦੂਸਰੇ ਪਾਸੇ ਰਾਜ ਪੱਧਰੀ ਸਕੂਲ ਬੋਰਡਾਂ ਦੀ ਅਹਿਮੀਅਤ ਘਟਾ ਕੇ ਕੇਂਦਰੀ ਬੋਰਡਾਂ ਦੀ ਮਹੱਤਤਾ ਵਧਾ ਦਿੱਤੀ ਗਈ ਹੈ। ਇਕੱਲੇ ਪੰਜਾਬ ਵਿੱਚ ਹੀ ਇਸ ਸਮੇਂ 1500 ਤੋਂ ਵੱਧ ਸਕੂਲ ਸੀ ਬੀ ਐੱਸ ਸੀ ਨਾਲ ਜੁੜ ਚੁੱਕੇ ਹਨ, ਜਿਨ੍ਹਾਂ ਵਿੱਚ 10 ਲੱਖ ਤੋਂ ਵੱਧ ਬੱਚੇ ਪੜ੍ਹਦੇ ਹਨ ਅਤੇ 82 ਹਜ਼ਾਰ ਅਧਿਆਪਕ 7,000 ਰੁਪਏ ਤੋਂ 25,000 ਰੁਪਏ ਔਸਤਨ ਤਨਖਾਹ 'ਤੇ ਅਧਿਆਪਨ ਕਾਰਜ ਕਰਦੇ ਹਨ। ਪੰਜਾਬੀ ਜ਼ੁਬਾਨ ਦੀ ਥਾਂ ਅੰਗਰੇਜ਼ੀ ਭਾਸ਼ਾ ਪੂਰੀ ਤਰ੍ਹਾਂ ਤਾਕਤਵਰ ਵਿਵਸਥਾ ਵਿੱਚ ਤਬਦੀਲ ਹੋ ਗਈ ਹੈ। ਵੱਡੀ ਗਿਣਤੀ ਇਹ ਸਕੂਲ ਨਿੱਜੀ ਖੇਤਰ ਦੇ ਵਪਾਰਕ ਮਾਡਲ ਨਾਲ ਜੁੜੇ ਹੋਏ ਹਨ। ਤਾਮਿਲਨਾਡੂ ਦੀ ਰਾਜਨ ਕਮੇਟੀ ਅਨੁਸਾਰ 2010 ਤੋਂ 2020 ਤੱਕ ਸਰਕਾਰੀ ਸਕੂਲਾਂ ਅਤੇ ਉਨ੍ਹਾਂ ਨਾਲ ਸਬੰਧਤ ਸਕੂਲ ਬੋਰਡਾਂ ਵਿੱਚੋਂ ਮੈਡੀਕਲ ਪ੍ਰੀਖਿਆਵਾਂ ਵਿੱਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 40 ਫੀਸਦੀ ਤੋਂ ਘਟ ਕੇ 8 ਫੀਸਦੀ ਰਹਿ ਗਈ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਮੋਹ ਭੰਗ ਹੋ ਗਿਆ। ਪਹਿਲਾਂ ਵੱਖ-ਵੱਖ ਪੱਛੜੇ ਅਤੇ ਦਲਿਤ ਭਾਈਚਾਰਿਆਂ ਨਾਲ ਸਬੰਧਤ ਬੱਚੇ ਵੀ ਮੈਡੀਕਲ ਸਿੱਖਿਆ ਵਿੱਚ ਪ੍ਰਵੇਸ਼ ਕਰ ਜਾਂਦੇ ਸਨ। ਰਿਪੋਰਟ ਨੇ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਪੇਂਡੂ ਖੇਤਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਾਲੇ ਡਾਕਟਰਾਂ ਦੀ ਗਿਣਤੀ ਵਿੱਚ ਵੱਡੀ ਕਮੀ ਆਈ ਹੈ ਅਤੇ ਸਿਹਤ ਸਹੂਲਤਾਂ ਉਪਰ ਮਾੜਾ ਪ੍ਰਭਾਵ ਪਿਆ ਹੈ।

ਪੰਜਾਬ ਦੀ ਹੁਕਮਰਾਨ ਪਾਰਟੀ ਨੇ ਨੀਟ ਦੇ ਸਵਾਲ ਉਪਰ ਸਿਰਫ ਇਹ ਹੀ ਕਿਹਾ ਹੈ ਕਿ ਨੀਟ ਪ੍ਰੀਖਿਆ ਵਿੱਚ ਜਾਣ ਵਾਲੇ ਵਿਦਿਆਰਥੀਆਂ ਨੂੰ ਆਉਣ-ਜਾਣ ਦੀ ਸਹੂਲਤ ਦਿੱਤੀ ਜਾਵੇਗੀ ਜਦੋਂਕਿ ਨੀਤੀਗਤ ਸਵਾਲ ਉਪਰ ਖਾਮੋਸ਼ੀ ਧਾਰੀ ਹੋਈ ਹੈ। ਪੰਜਾਬ ਅਤੇ ਚੰਡੀਗੜ੍ਹ ਦੇ ਵੱਖ-ਵੱਖ ਕੋਚਿੰਗ ਸੈਂਟਰ ਵੀ ਅੰਦਾਜ਼ਨ 6 ਹਜ਼ਾਰ ਕਰੋੜ ਦੀ ਕਮਾਈ ਕਰਦੇ ਹਨ। ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਹੀ ਆਪਣਾ ਸਮਾਂ ਗੁਜ਼ਾਰਦੇ ਹਨ ਅਤੇ ਸਕੂਲਾਂ ਵਿੱਚ ਸਿਖਣ-ਸਿਖਾਉਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋ ਰਹੇ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਹਿਮੀਅਤ ਲਗਾਤਾਰ ਘਟਦੀ ਜਾ ਰਹੀ ਹੈ, ਵੱਡਾ ਹਿੱਸਾ ਸੀ ਬੀ ਐੱਸ ਸੀ ਬੋਰਡ ਵੱਲ ਝੁਕ ਗਿਆ ਹੈ। ਇਸ ਗੰਭੀਰ ਸਵਾਲ ਉਪਰ ਰਾਜ ਪੱਧਰ 'ਤੇ ਕਿਸੇ ਵੀ ਕਮੇਟੀ ਜਾਂ ਕਮਿਸ਼ਨ ਨੇ ਅਜੇ ਤੱਕ ਕੋਈ ਕਾਰਜ ਨਹੀਂ ਕੀਤਾ ਅਤੇ ਨਾ ਹੀ ਸਰਕਾਰਾਂ ਵੱਲੋਂ ਕਰਵਾਇਆ ਗਿਆ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਪ੍ਰੀਖਿਆਵਾਂ ਨੇ ਘੱਟ ਆਮਦਨ ਵਾਲੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਕਿਸ ਤਰ੍ਹਾਂ ਪੰਜਾਬ ਦੀ ਮੈਡੀਕਲ ਸਿੱਖਿਆ ਵਿੱਚ ਤਬਦੀਲੀ ਆਈ ਹੈ। ਇਹ ਨੀਟ ਪ੍ਰੀਖਿਆਵਾਂ ਪੰਜਾਬ ਦੇ ਹਜ਼ਾਰਾਂ ਬੱਚਿਆਂ 'ਤੇ ਮਾਨਸਿਕ ਅਤੇ ਆਰਥਿਕ ਬੋਝ ਪਾ ਰਹੀਆਂ ਹਨ। ਜੋ ਸਵਾਲ ਰਾਜ ਪੱਧਰ 'ਤੇ ਨਜਿੱਠਣ ਵਾਲੇ ਹੁੰਦੇ ਹਨ, ਉਨ੍ਹਾਂ ਦਾ ਕੇਂਦਰੀਕਰਨ ਕਰਨਾ ਬੱਚਿਆਂ ਨਾਲ ਵੱਡੀ ਬੇਇਨਸਾਫੀ ਹੈ। ਇਨ੍ਹਾਂ ਸਵਾਲਾਂ ਨੂੰ ਤਾਮਿਲਨਾਡੂ ਦੀ ਰਾਜਨ ਕਮੇਟੀ ਨੇ ਸਮਝਿਆ ਅਤੇ ਸਪੱਸ਼ਟ ਪੁਜੀਸ਼ਨ ਲਈ ਕਿ ਪ੍ਰੀਖਿਆਵਾਂ ਲੈਣਾ ਰਾਜ ਦਾ ਅਧਿਕਾਰ ਖੇਤਰ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਰਾਜ ਦੇ ਵਿਕਾਸ ਲਈ ਸਿਹਤ ਸਹੂਲਤਾਂ ਨੂੰ ਵਿਕਸਤ ਕਰਨਾ ਹੁੰਦਾ ਹੈ। ਪਰੰਤੂ ਪੰਜਾਬ ਵਿੱਚ ਇਸ ਸਵਾਲ 'ਤੇ ਨਾ ਤਾਂ ਕੋਈ ਚਰਚਾ ਹੈ ਅਤੇ ਨਾ ਹੀ ਇਸ ਦਿਸ਼ਾ 'ਚ ਸੋਚਿਆ ਜਾ ਰਿਹਾ ਹੈ। ਇਨ੍ਹਾਂ ਨੀਤੀਗਤ ਪਹਿਲੂਆਂ ਉਪਰ ਗੌਰ ਕਰਨ ਦੀ ਲੋੜ ਹੈ; ਨੀਟ ਪ੍ਰੀਖਿਆਵਾਂ, ਸੀ ਬੀ ਐੱਸ ਸੀ ਦਾ ਰੋਲ, ਕੋਚਿੰਗ ਸੈਂਟਰਾਂ ਰਾਹੀਂ ਉਤਪੰਨ ਹੋ ਰਿਹਾ ਸਿੱਖਣ-ਸਿਖਾਉਣ ਦਾ ਸੰਕਟ, ਸਕੂਲ ਬੋਰਡਾਂ ਦੀ ਘਟ ਰਹੀ ਅਹਿਮੀਅਤ, ਵੱਖ-ਵੱਖ ਮਾਂ-ਬੋਲੀਆਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਿੱਖਿਆ ਦੇ ਵੱਡੇ ਢਾਂਚੇ ਵਿੱਚੋਂ ਬਾਹਰ ਕੱਢਣਾ, ਸਿੱਖਿਆ ਦੇ ਕੇਂਦਰੀਕਰਨ ਰਾਹੀਂ ਸਮੁੱਚੇ ਰਾਜ ਪੱਧਰੀ ਸਿੱਖਿਆ ਤੰਤਰ ਨੂੰ ਤਹਿਸ-ਨਹਿਸ ਕਰਨਾ। ਇਹ ਸਵਾਲ ਨੈਸ਼ਨਲ ਟੈਸਟਿੰਗ ਏਜੰਸੀ ਦੀ ਅਣਗਹਿਲੀ ਅਤੇ ਲਾਪ੍ਰਵਾਹੀ ਨੇ ਖੜ੍ਹੇ ਕਰ ਦਿੱਤੇ ਹਨ, ਜਿਨ੍ਹਾਂ ਦੇ ਅਜੇ ਤੱਕ ਜਵਾਬ ਨਹੀਂ ਮਿਲੇ ਹਨ ਕਿਉਂਕਿ ਇਹ ਕੋਈ ਯੂ ਪੀ ਐੱਸ ਸੀ ਅਤੇ ਪੀ ਪੀ ਐੱਸ ਸੀ ਵਰਗੀ ਸੰਸਥਾ ਨਹੀਂ ਹੈ। ਹਾਲਾਂਕਿ ਸਾਲ 1964-66 ਵਿੱਚ ਕੁਠਾਰੀ ਕਮਿਸ਼ਨ ਨੇ ਸਪੱਸ਼ਟ ਕਿਹਾ ਸੀ ਕਿ ਪ੍ਰੀਖਿਆਵਾਂ ਦੇ ਬਦਲਦੇ ਢੰਗ ਤਰੀਕਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਪੱਧਰੀ ਮੁਲਾਂਕਣ ਸੰਸਥਾਵਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਜੋ ਨਵੀਆਂ ਟੈਸਟਿੰਗ ਤਕਨੀਕਾਂ ਅਤੇ ਉਨ੍ਹਾਂ ਵਿੱਚ ਸੁਧਾਰ ਕਰ ਕੇ ਪ੍ਰੀਖਿਆਵਾਂ ਲੈਣ ਦੇ ਯੋਗ ਹੋਣ। ਇਸ ਵਿੱਚ ਰਾਜ ਪੱਧਰ ਦੀਆਂ ਯੂਨੀਵਰਸਿਟੀਆਂ, ਬੋਰਡਾਂ ਅਤੇ ਮਾਹਿਰਾਂ ਨੂੰ ਸਮੇਂ-ਸਮੇਂ ਸ਼ਾਮਿਲ ਕਰਨਾ ਚਾਹੀਦਾ ਹੈ। ਅੱਜ ਇਸ ਦੀ ਬਹੁਤ ਲੋੜ ਹੈ। ਰਾਜਨ ਕਮੇਟੀ ਵਾਂਗ ਪੰਜਾਬ ਸਰਕਾਰ ਨੂੰ ਇਸ ਦਿਸ਼ਾ ਵੱਲ ਕਦਮ ਪੁੱਟਣੇ ਚਾਹੀਦੇ ਹਨ।

ਡਾ: ਕੁਲਦੀਪ ਸਿੰਘ

# ਡਿਗਰੀਆਂ ਤੋਂ ਪਰੇ

ਮੈਨੂੰ ਆਪਣੇ ਪਤੀ ਨਾਲ ਰੋਜ ਸਾਮ ਦੀ ਸੈਰ ਕਰਨ ਦੀ ਆਦਤ ਹੈ। ਸੈਰ ਵਾਲੇ ਰਸਤੇ 'ਚ ਇੱਕ ਜਗ੍ਹਾ 'ਤੇ ਇੱਕ ਕੁਲਫੀ ਵਾਲਾ ਹਰ ਰੋਜ ਖੜ੍ਹਾ ਹੁੰਦਾ ਹੈ। ਅਸੀਂ ਵੀ ਅਕਸਰ ਉਸ ਕੋਲੋਂ ਕੁਲਫੀ ਲੈਂਦੇ ਹਾਂ। ਉਸ ਦੀ ਛੋਟੀ ਜਿਹੀ ਕੁਲਫੀ ਵਾਲੀ ਬੱਘੀ ਦੇ ਆਲੇ-ਦੁਆਲੇ ਹਮੇਸਾ ਬੱਚਿਆਂ, ਔਰਤਾਂ ਅਤੇ ਨੌਜਵਾਨਾਂ ਦੀ ਭੀੜ ਲੱਗੀ ਰਹਿੰਦੀ ਹੈ। ਕੋਈ ਕੁਲਫੀ ਖਾ ਰਿਹਾ ਹੁੰਦਾ ਹੈ, ਕੋਈ ਚੋਣ ਕਰ ਰਿਹਾ ਹੁੰਦਾ ਹੈ ਅਤੇ ਕੋਈ ਖਾ ਕੇ ਉਸ ਦਾ ਲਿਫਾਫਾ ਉੱਥੇ ਹੀ ਸੁੱਟ ਕੇ ਅੱਗੇ ਲੰਘ ਜਾਂਦਾ ਹੈ।

ਇੱਕ ਦਿਨ ਮੈਂ ਉਸ ਕੋਲ ਖੜ੍ਹੀ ਕੁਲਫੀ ਲੈਣ ਦੀ ਉਡੀਕ ਕਰ ਰਹੀ ਸੀ, ਪਰ ਉਹ ਮੈਨੂੰ ਕੁਲਫੀ ਦੇਣ ਦੀ ਬਜਾਏ ਆਪਣੇ ਆਲੇ-ਦੁਆਲੇ ਖਿੱਲਰੇ ਕੁਲਫੀਆਂ ਦੇ ਲਿਫਾਫੇ ਚੁੱਕ ਰਿਹਾ ਸੀ। ਮੈਂ ਧਿਆਨ ਨਾਲ ਦੇਖਿਆ ਕਿ ਉਸ ਦੀ ਬੱਘੀ ਨਾਲ ਇੱਕ ਛੋਟਾ ਜਿਹਾ ਗੱਤੇ ਦਾ ਡੱਬਾ ਕੂੜੇਦਾਨ ਵਜੋਂ ਵੀ ਟੰਗਿਆ ਹੋਇਆ ਸੀ। ਫਿਰ ਵੀ ਲਿਫਾਫੇ ਉਸ ਵਿੱਚ ਪਾਉਣ ਦੀ ਬਜਾਏ ਲੋਕਾਂ ਨੇ ਸੜਕ 'ਤੇ ਹੀ ਸੁੱਟੇ ਹੋਏ ਸਨ। ਮੈਂ ਹੌਲੀ ਜਿਹੀ ਉਸ ਨੂੰ ਪੁੱਛਿਆ, "ਤੁਸੀਂ ਦੂਜਿਆਂ ਦੇ ਸੁੱਟੇ ਹੋਏ ਲਿਫਾਫੇ ਖੁਦ ਕਿਉਂ ਚੁੱਕ ਰਹੇ ਹੋ?" ਉਹ ਮੁਸਕੁਰਾ ਕੇ ਬੋਲਿਆ, "ਗੰਦਾ ਲਗਤਾ ਹੈ ਐਸੇ ਬਿਖਰਾ ਹੁਆ ਆਸ-ਪਾਸ। ਪੂਰੀ ਸੜਕ ਭਰ ਗਈ ਥੀ। ਯੇ ਡਿੱਬਾ ਭੀ ਹੈ, ਲੇਕਿਨ ਕੋਈ ਇਸ ਮੇਂ ਡਾਲਤਾ ਹੀ ਨਹੀਂ।" ਉਸ ਦੀ ਆਵਾਜ ਵਿੱਚ ਕੋਈ ਸਿਕਾਇਤ ਨਹੀਂ ਸੀ। ਮੈਂ ਇਹ ਵੀ ਸੋਚਿਆ ਕਿ ਸਾਇਦ ਉਸ ਦੇ ਮਨ ਵਿੱਚ ਇਹ ਡਰ ਵੀ ਹੋਵੇਗਾ ਕਿ ਕਿਤੇ ਇਹ ਖਿੱਲਰਿਆ ਗੰਦ ਉਸ ਦੀ ਰੋਜੀ-ਰੋਟੀ ਲਈ ਹੀ ਮੁਸਕਿਲ ਨਾ ਬਣ ਜਾਵੇ। ਉਸ ਦੇ ਇਸ ਜਵਾਬ ਨਾਲ ਮੈਨੂੰ ਇਹ ਵੀ ਯਾਦ ਆਇਆ ਕਿ ਸੈਰ ਕਰਦੇ ਦੌਰਾਨ ਕਈ ਵਾਰ ਲੰਘਦੀਆਂ ਬੱਸਾਂ ਅਤੇ ਕਾਰਾਂ ਵਿੱਚੋਂ ਕੋਲਡ ਡ੍ਰਿੰਕਸ ਦੀਆਂ ਖਾਲੀ ਬੋਤਲਾਂ, ਲੇਅਜ ਤੇ ਕੁਰਕੁਰਿਆਂ ਦੇ ਲਿਫਾਫੇ ਜਾਂ ਕੇਲਿਆਂ ਦੇ ਛਿਲਕੇ ਲੋਕ ਬਾਹਰ ਸੜਕ 'ਤੇ ਸੁੱਟਦੇ ਨਜਰ ਆਉਂਦੇ ਹਨ। ਅਕਸਰ ਜਨਤਕ ਥਾਵਾਂ 'ਤੇ ਪਿਆ ਗੰਦ ਸਾਡੇ ਵਰਗਿਆਂ ਦਾ ਹੀ ਪਾਇਆ ਹੁੰਦਾ ਹੈ, ਜਿਸ ਨੂੰ ਇੱਕ ਸਫਾਈ ਕਰਮਚਾਰੀ ਸਾਫ ਕਰ ਰਿਹਾ ਹੁੰਦਾ ਹੈ। ਅਸੀਂ ਆਪਣੇ ਆਪ ਨੂੰ ਪੜ੍ਹਿਆ-ਲਿਖਿਆ ਅਤੇ ਸੱਭਿਆਚਾਰਕ ਸਮਝਦੇ ਹਾਂ, ਪਰ ਸੜਕ 'ਤੇ ਕਾਗਜ, ਲਿਫਾਫੇ ਜਾਂ ਬੋਤਲਾਂ ਸੁੱਟਦਿਆਂ ਇੱਕ ਪਲ ਲਈ ਵੀ ਨਹੀਂ ਸੋਚਦੇ ਕਿ ਇਹ ਕੂੜਾ ਆਖਰ ਚੁੱਕੇਗਾ ਕੌਣ? ਅਕਸਰ ਇਹ ਕੂੜਾ ਉਹ ਲੋਕ ਸਾਫ ਕਰਦੇ ਹਨ, ਜਿਨ੍ਹਾਂ ਨੂੰ ਅਸੀਂ ਖੁਦ ਤੋਂ ਨੀਵੇਂ ਸਮਝ ਲੈਂਦੇ ਹਾਂ। ਨਹੀਂ ਤਾਂ ਇਹੋ ਕੂੜਾ ਸੜਕਾਂ ਅਤੇ ਗਲੀਆਂ ਦੇ ਕੋਨਿਆਂ 'ਚ ਸਾਡੇ 'ਸਲੀਕੇ' ਦੀ ਪਛਾਣ ਬਣਿਆ ਪਿਆ ਰਹਿੰਦਾ ਹੈ। ਇਹ ਸਭ ਸੋਚਦਿਆਂ ਮੈਨੂੰ ਆਪਣਾ ਸਾਢੇ ਤਿੰਨ ਸਾਲ ਦਾ ਭਤੀਜਾ ਵੀ ਯਾਦ ਆ ਗਿਆ। ਇੱਕ ਦਿਨ ਮੈਂ ਉਸ ਨੂੰ ਗਲੀ ਵਿੱਚ ਘੁਮਾ ਰਹੀ ਸੀ। ਮੈਂ ਉਸ ਨੂੰ ਇੱਕ ਟੌਫੀ ਦਿੱਤੀ। ਉਸ ਨੇ ਟੌਫੀ ਖੋਲ੍ਹ ਕੇ ਉਸ ਦਾ ਰੈਪਰ ਆਪਣੀ ਜੇਬ ਵਿੱਚ ਪਾ ਲਿਆ। ਮੈਂ ਪੁੱਛਿਆ, "ਪੁੱਤਰ, ਜੇਬ ਵਿੱਚ ਕਿਉਂ ਪਾਇਆ?" ਉਹ ਪਿਆਰੀ ਜਿਹੀ ਆਵਾਜ 'ਚ ਬੋਲਿਆ, "ਭੂਆ ਜੀ, ਮੇਰੇ ਮੈਮ ਨੇ ਕਿਹਾ ਹੈ ਕਿ ਕੂੜਾ ਹਮੇਸਾ ਡਸਟਬਿਨ ਵਿੱਚ ਹੀ ਸੁੱਟਣਾ ਹੈ। ਮੈਂ ਘਰ ਜਾ ਕੇ ਡਸਟਬਿਨ ਵਿੱਚ ਪਾ ਦਿਆਂਗਾ।" ਮੈਨੂੰ ਹੈਰਾਨੀ ਵੀ ਹੋਈ ਅਤੇ ਖੁਸੀ ਵੀ। ਇੱਕ ਛੋਟਾ ਜਿਹਾ ਬੱਚਾ ਆਪਣੇ ਅਧਿਆਪਕ ਦੀ ਗੱਲ ਨੂੰ ਇੰਨੀ ਇਮਾਨਦਾਰੀ ਨਾਲ ਮੰਨ ਰਿਹਾ ਸੀ। ਫਿਰ ਮਨ ਵਿੱਚ ਇੱਕ ਸਵਾਲ ਉੱਠਿਆ ਕਿ ਜਦੋਂ ਇਹੀ ਬੱਚੇ ਵੱਡੇ ਹੁੰਦੇ ਹਨ ਤਾਂ ਇਹ ਆਦਤਾਂ ਕਿੱਥੇ ਗੁਆਚ ਜਾਂਦੀਆਂ ਹਨ? ਕਿਉਂ ਸਾਡੀ ਸਿੱਖਿਆ ਸਿਰਫ ਕਿਤਾਬਾਂ ਅਤੇ ਡਿਗਰੀਆਂ ਤੱਕ ਸੀਮਿਤ ਰਹਿ ਜਾਂਦੀ ਹੈ? ਕਿਉਂ ਨੈਤਿਕਤਾ ਤੇ ਸੱਭਿਆਚਾਰਕ ਵਿਹਾਰ ਨਾਲ ਜੁੜੀਆਂ ਗੱਲਾਂ ਸਾਨੂੰ ਛੋਟੀਆਂ ਲੱਗਣ ਲੱਗਦੀਆਂ ਹਨ? ਕਿਉਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਨਤਕ ਥਾਵਾਂ ਨੂੰ ਸਾਫ ਰੱਖਣਾ ਸਾਡੀ ਜਿੰਮੇਵਾਰੀ ਹੈ। ਜੇ ਕਿਤੇ ਪ੍ਰਬੰਧਾਂ ਦੀ ਕਮੀ ਹੈ ਵੀ ਤਾਂ ਕੀ ਅਸੀਂ ਇੱਕ ਛੋਟੇ ਬੱਚੇ ਵਾਂਗ ਆਪਣੀ ਜਿੰਮੇਵਾਰੀ ਨਹੀਂ ਨਿਭਾ ਸਕਦੇ? ਕੀ ਅਸੀਂ ਕੂੜੇਦਾਨ ਮਿਲਣ ਤੱਕ ਇੱਕ ਛੋਟਾ ਜਿਹਾ ਲਿਫਾਫਾ ਜਾਂ ਰੈਪਰ ਆਪਣੇ ਕੋਲ ਨਹੀਂ ਰੱਖ ਸਕਦੇ? ਸੜਕਾਂ 'ਤੇ ਪਿਆ ਗੰਦ ਸਿਰਫ ਕੂੜਾ ਨਹੀਂ ਹੁੰਦਾ, ਉਹ ਸਾਡਾ ਸਮਾਜਿਕ ਵਰਤਾਰਾ ਹੁੰਦਾ ਹੈ। ਕਈ ਵਾਰ ਘੱਟ ਪੜ੍ਹਿਆ ਲਿਖਿਆ ਕੁਲਫੀ ਵਾਲਾ ਸਾਨੂੰ ਸੱਚ ਦਾ ਸ਼ੀਸ਼ਾ ਦਿਖਾ ਜਾਂਦਾ ਹੈ, ਜੋ ਵੱਡੀਆਂ ਡਿਗਰੀਆਂ ਵਾਲੇ ਵੀ ਨਹੀਂ ਦੇਖ ਸਕਦੇ। ਡਿਗਰੀਆਂ ਮਨੁੱਖ ਨੂੰ ਪੜ੍ਹਿਆ-ਲਿਖਿਆ ਬਣਾਉਂਦੀਆਂ ਹਨ, ਪਰ ਉਸ ਦਾ ਵਰਤਾਰਾ ਹੀ ਉਸ ਦੀ ਅਸਲ ਸਿੱਖਿਆ ਅਤੇ ਸੱਭਿਆਚਾਰ ਦੀ ਪਛਾਣ ਹੁੰਦਾ ਹੈ। ਸਮਾਜ ਨੂੰ ਸਾਫ ਰੱਖਣ ਦੀ ਆਦਤ ਕੋਈ ਛੋਟੀ ਗੱਲ ਨਹੀਂ। ਇਹ ਸਾਡੀ ਸੋਚ ਅਤੇ ਸੰਸਕਾਰਾਂ ਦਾ ਦਰਪਣ ਹੁੰਦੀ ਹੈ।

ਜਯੋਤੀ ਸ਼ਰਮਾ

# ਸ਼ਹੀਦੀ ਦਿਵਸ 'ਤੇ : ਬੰਦ-ਬੰਦ ਕਟਵਾ ਕੇ ਸ਼ਹਾਦਤ ਦਾ ਜਾਮ ਪੀ ਗਏ ਭਾਈ ਮਨੀ ਸਿੰਘ

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਤਾਂ ਉਨ੍ਹਾਂ ਨੇ ਖ਼ਾਲਸਾ ਬਣਨ ਦੀ ਪਹਿਲੀ ਸ਼ਰਤ ਰੱਖੀ ਸੀ ਕਿ ਜਿਸ ਨੇ ਸਿੱਖੀ ਨਾਲ ਇਸ਼ਕ ਕਰਨਾ ਹੈ, ਉਸ ਨੂੰ ਸੀਸ ਭੇਟ ਕਰਨਾ ਪਵੇਗਾ। 1699 ਦੀ ਵਿਸਾਖੀ ਮੌਕੇ ਦਸਵੇਂ ਪਾਤਸ਼ਾਹ ਨੇ ਅਜਿਹਾ ਖ਼ਾਲਸਾ ਸਾਜਿਆ ਜਿਹੜਾ ਜ਼ੁਲਮ ਅੱਗੇ ਕਦੇ ਨਹੀਂ ਝੁਕਿਆ, ਸਖ਼ਤ ਤੋਂ ਸਖ਼ਤ ਤਸੀਹੇ ਸਹਿੰਦਿਆਂ ਸ਼ਹਾਦਤ ਦਾ ਜਾਮ ਪੀ ਗਿਆ ਪਰ ਜ਼ਾਲਮਾਂ ਦੀ ਈਨ ਨਹੀਂ ਮੰਨੀ। ਬਹੁਤ ਲੰਬੀ ਸੂਚੀ ਹੈ ਸਿੱਖੀ ਦੇ ਪ੍ਰਵਾਨਿਆ ਦੀ, ਜਿਨ੍ਹਾਂ ਨੇ ਧਰਮ ਲਈ ਜੂਝਦਿਆਂ ਜ਼ਾਲਮਾਂ ਦੀ ਅੱਤ ਨੂੰ ਆਪਣੇ ਸਿਦਕ ਨਾਲ ਹਰਾਇਆ। ਅਜਿਹੇ ਹੀ ਲਾਸਾਨੀ ਸ਼ਹੀਦ ਹਨ ਸ਼ਹੀਦ ਭਾਈ ਮਨੀ ਸਿੰਘ ਜੀ, ਜਿਨ੍ਹਾਂ ਨੇ ਬੰਦ-ਬੰਦ ਕਟਵਾ ਕੇ ਸਿੱਖ ਕੌਮ ਲਈ ਮਿਸਾਲ ਕਾਇਮ ਕੀਤੀ।

ਭਾਈ ਮਨੀ ਸਿੰਘ ਦਾ ਜਨਮ 1644 ਈਸਵੀ ਨੂੰ ਮਾਤਾ ਮੱਧਰੀ ਬਾਈ ਤੇ ਭਾਈ ਮਾਈ ਦਾਸ ਜੀ ਦੇ ਗ੍ਰਹਿ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫ਼ਰਗੜ੍ਹ, ਮੁਲਤਾਨ (ਪਾਕਿਸਤਾਨ) ਵਿਖੇ ਹੋਇਆ। ਭਾਈ ਸਾਹਿਬ ਦੇ ਪਿਤਾ ਜੀ 12 ਭਰਾ ਸਨ। ਭਾਈ ਮਨੀ ਸਿੰਘ 13 ਸਾਲ ਦੀ ਉਮਰ 'ਚ ਆਪਣੇ ਪਿਤਾ ਨਾਲ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕਰਨ ਕੀਰਤਪੁਰ ਸਾਹਿਬ ਆਏ ਤੇ ਮੁੜ ਘਰ ਨਹੀਂ ਗਏ ਤੇ ਗੁਰੂ ਜੀ ਦੀ ਸੇਵਾ ਨੂੰ ਸਮਰਪਿਤ ਹੋ ਗਏ। ਭਾਈ ਸਾਹਿਬ ਨੇ ਸੰਗਤਾਂ ਨੂੰ ਲੰਗਰ ਛਕਾਉਣ ਤੇ ਬਰਤਨ ਸਾਫ਼ ਕਰਨ ਦੀ ਸੇਵਾ ਮੰਗ ਕੇ ਲਈ। 15 ਸਾਲ ਦੀ ਉਮਰ 'ਚ ਭਾਈ ਮਨੀ ਸਿੰਘ ਜੀ ਦਾ ਵਿਆਹ ਭਾਈ ਲੱਖੀ ਰਾਏ ਵਣਜਾਰਾ ਦੀ ਬੇਟੀ ਬੀਬੀ ਸੀਤੋ ਬਾਈ ਨਾਲ ਹੋਇਆ। ਭਾਈ ਲੱਖੀ ਰਾਏ ਵਣਜਾਰਾ ਨੂੰ ਸਿੱਖ ਕੌਮ ਲੱਖੀ ਸ਼ਾਹ ਵਣਜਾਰਾ ਦੇ ਨਾਂ ਨਾਲ ਜਾਣਦੀ ਹੈ। ਲੱਖੀ ਸ਼ਾਹ ਵਣਜਾਰਾ ਨੇ ਹੀ ਆਪਣੇ ਦਿੱਲੀ ਦੇ ਰਾਏਸੀਨਾ ਨਿਵਾਸ 'ਚ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਘਰ ਨੂੰ ਅਗਨ ਭੇਟ ਕਰ ਕੇ ਉਨ੍ਹਾਂ ਦੇ ਸੀਸ ਦਾ ਸਸਕਾਰ ਕੀਤਾ ਸੀ। ਹੁਣ ਇਸ ਅਸਥਾਨ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਹੈ।

1661 ਵਿਚ ਗੁਰੂ ਹਰਿਰਾਏ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਭਾਈ ਮਨੀ ਸਿੰਘ ਜੀ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1664 'ਚ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ। ਭਾਈ ਸਾਹਿਬ ਮਾਤਾ ਸੁਲੱਖਣੀ ਜੀ ਨਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨਾਂ ਲਈ ਬਾਬਾ ਬਕਾਲਾ ਪਹੁੰਚੇ। 1674 'ਚ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਗਏ ਤਾਂ ਭਾਈ ਮਨੀ ਸਿੰਘ ਜੀ ਨੂੰ ਪਰਿਵਾਰ ਤੇ ਸਿੱਖ ਸੰਗਤ ਦੀ ਸੇਵਾ ਲਈ ਪਿੱਛੇ ਛੱਡ ਕੇ ਗਏ।

ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਪਰਿਵਾਰ ਦੀ ਨਿਰੰਤਰ ਸੇਵਾ ਕੀਤੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ ਸੀ, ਉਹ ਬਾਬਾ ਬਕਾਲਾ ਵਿਖੇ ਧੀਰਮੱਲੀਆਂ ਕੋਲ ਸੀ ਪਰ



ਉਨ੍ਹਾਂ ਨੇ ਨੇ ਸਰੂਪ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਭਾਈ ਮਨੀ ਸਿੰਘ ਪਾਸੋਂ ਲਿਖਵਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪ੍ਰਚਾਰ ਵਾਸਤੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਬਖ਼ਸ਼ੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਆਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ 9 ਮਹੀਨੇ, 9 ਦਿਨ ਤੇ 9 ਘੜੀਆਂ ਵਿਚ ਉਨ੍ਹਾਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। ਇਸ ਬੀੜ ਨੂੰ 'ਟਕਸਾਲੀ ਬੀੜ' ਦਾ ਨਾਂ ਦਿੱਤਾ ਗਿਆ। ਕੁਝ ਇਤਿਹਾਸਕਾਰ ਮੰਨਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ 'ਚ ਬਾਬਾ ਦੀਪ ਸਿੰਘ ਜੀ ਨੇ ਵੀ ਭਾਈ ਮਨੀ ਸਿੰਘ ਦਾ ਸਾਥ ਦਿੱਤਾ।

1708 ਈਸਵੀ ਨੂੰ ਦਸਵੇਂ ਪਾਤਸ਼ਾਹ ਨਾਂਦੇੜ ਵਿਖੇ ਜੋਤੀ ਜੋਤ ਸਮਾ ਗਏ। ਇਸ ਸਮੇਂ ਤਕ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਪੁੱਜ ਚੁੱਕੇ ਸਨ ਤੇ ਉਨ੍ਹਾਂ ਨੇ ਮੁਗ਼ਲਾਂ ਦੀ ਜੜ੍ਹ ਪੁੱਟ ਕੇ ਸਿੱਖ ਰਾਜ ਦੀ ਸਥਾਪਨਾ ਕੀਤੀ। ਸਿੱਖਾਂ ਉੱਪਰ ਉਸ ਸਮੇਂ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਸ਼ਹੀਦ ਹੋ ਗਏ। ਸਿੱਖ ਕੌਮ ਦੋ ਧੜਿਆਂ 'ਬੰਦਈ ਖ਼ਾਲਸਾ' ਤੇ 'ਤੱਤ ਖ਼ਾਲਸਾ' 'ਚ ਵੰਡੀ ਗਈ। ਜਦੋਂ ਮਾਤਾ ਸੁੰਦਰੀ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਨੂੰ ਪੱਤਰ ਲਿਖ ਕੇ ਦੋਵਾਂ ਧੜਿਆਂ 'ਚ ਏਕਤਾ ਕਰਵਾਉਣ ਲਈ ਕਿਹਾ। ਭਾਈ ਮਨੀ ਸਿੰਘ ਦੀ ਸੂਝਬੂਝ ਨਾਲ ਦੋਵੇਂ ਦਲ ਇਕੱਠੇ ਹੋ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁਗ਼ਲਾਂ ਦੇ ਜ਼ੁਲਮ ਸਿੱਖਾਂ ਉੱਪਰ ਵਧਣ ਲੱਗੇ। ਭਾਈ ਮਨੀ ਸਿੰਘ ਦੀ ਉਮਰ ਇਸ ਸਮੇਂ 90 ਸਾਲ ਹੋ ਚੁੱਕੀ ਸੀ। ਸਿੱਖਾਂ ਵੱਲੋਂ ਹਰ ਸਾਲ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਸੀ। 1733 ਨੂੰ ਭਾਈ ਮਨੀ ਸਿੰਘ ਨੇ ਲਾਹੌਰ ਦੇ ਸੂਬੇ ਪਾਸੋਂ ਦੀਵਾਲੀ ਮਨਾਉਣ ਦੀ ਪ੍ਰਵਾਨਗੀ ਲੈ ਲਈ। ਇਹ ਪ੍ਰਵਾਨਗੀ ਪੰਜ ਹਜ਼ਾਰ ਰੁਪਏ ਜਜ਼ੀਆ ਦੇਣ ਦੀ ਸ਼ਰਤ 'ਤੇ ਦਿੱਤੀ ਗਈ। ਮੁਗ਼ਲਾਂ ਨੂੰ ਪਤਾ ਲੱਗਾ ਕਿ ਦੀਵਾਲੀ ਮੌਕੇ ਵੱਡੀ ਗਿਣਤੀ 'ਚ ਸਿੱਖ ਅੰਮ੍ਰਿਤਸਰ ਪਹੁੰਚ ਰਹੇ ਹਨ ਤਾਂ ਉਨ੍ਹਾਂ ਨੇ ਸਿੱਖਾਂ ਦੇ ਕਤਲੇਆਮ ਦੀ ਯੋਜਨਾ ਬਣਾਈ। ਇਸ ਯੋਜਨਾ ਦੀ ਸੂਹ ਭਾਈ ਮਨੀ ਸਿੰਘ ਨੂੰ ਮਿਲੀ। ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਮਨ੍ਹਾਂ ਕਰ ਦਿੱਤਾ ਤੇ ਦੀਵਾਲੀ ਦਾ ਤਿਉਹਾਰ ਨਾ ਮਨਾਇਆ ਗਿਆ। ਲਾਹੌਰ ਦੇ ਸੂਬੇਦਾਰ ਨੇ ਭਾਈ ਮਨੀ ਸਿੰਘ ਨੂੰ ਜਜ਼ੀਆ ਜਮ੍ਹਾਂ ਕਰਵਾਉਣ ਲਈ ਕਿਹਾ। ਭਾਈ ਮਨੀ ਸਿੰਘ ਨੇ ਕਿਹਾ ਕਿ ਸੰਗਤ ਅੰਮ੍ਰਿਤਸਰ ਨਹੀਂ ਆਈ ਤੇ ਕੋਈ ਚੜ੍ਹਾਵਾ ਨਹੀਂ ਚੜ੍ਹਿਆ, ਇਸ ਲਈ ਵਿਸਾਖੀ ਤਕ ਦੀ ਮੋਹਲਤ ਦਿੱਤੀ ਜਾਵੇ। ਸੂਬੇ ਨੇ ਵਿਸਾਖੀ ਤਕ ਮੋਹਲਤ ਦੇ ਦਿੱਤੀ। ਭਾਈ ਮਨੀ ਸਿੰਘ ਜਾਣਦੇ ਸਨ ਕਿ ਵਿਸਾਖੀ ਮੌਕੇ ਵੀ ਮੁਗ਼ਲਾਂ ਨੇ ਸਿੱਖਾਂ ਉੱਪਰ ਧਾਵਾ ਜ਼ਰੂਰ ਬੋਲਣਾ ਹੈ।

ਭਾਈ ਮਨੀ ਸਿੰਘ ਨੇ ਵਿਸਾਖੀ ਦਾ ਪ੍ਰੋਗਰਾਮ ਵੀ ਰੱਦ ਕਰ ਦਿੱਤਾ। ਜਜ਼ੀਆ ਨਾ ਦੇਣ ਕਰਕੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਲਾਹੌਰ ਜੇਲ੍ਹ 'ਚ ਬੰਦ ਕਰ ਕੇ ਸੌਦੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਈ ਮਨੀ ਸਿੰਘ ਨੂੰ ਕਿਹਾ ਗਿਆ ਕਿ ਕੁਝ ਸਿੱਖ, ਜਿਨ੍ਹਾਂ ਨੂੰ ਮੁਗ਼ਲ ਗ੍ਰਿਫ਼ਤਾਰ ਕਰਨਾ ਚਾਹੁੰਦੇ ਸਨ, ਉਨ੍ਹਾਂ ਨੂੰ ਫੜਵਾ ਦੇਣ ਤਾਂ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ। ਭਾਈ ਸਾਹਿਬ ਨੇ ਕੌਮ ਨਾਲ ਗੱਦਾਰੀ ਕਰਨੀ ਨਾਮਨਜ਼ੂਰ ਕਰ ਦਿੱਤੀ। ਭਾਈ ਮਨੀ ਸਿੰਘ ਅੱਗੇ ਸ਼ਰਤ ਰੱਖੀ ਗਈ ਕਿ ਉਹ ਤੇ ਉਨ੍ਹਾਂ ਦੇ ਸਾਥੀ ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਬਖ਼ਸ਼ ਦਿੱਤਾ ਜਾਵੇਗਾ। ਭਾਈ ਮਨੀ ਸਿੰਘ ਨੇ ਮੁਗ਼ਲਾਂ ਦੀ ਹਰ ਸ਼ਰਤ ਮੰਨਣ ਤੋਂ ਨਾਂਹ ਕਰ ਦਿੱਤੀ। ਗੁੱਸੇ 'ਚ ਆਏ ਸੂਬੇ ਨੇ ਪਹਿਲਾਂ ਭਾਈ ਮਨੀ ਸਿੰਘ ਦੇ ਸਾਥੀਆਂ ਨੂੰ ਸ਼ਹੀਦ ਕੀਤਾ ਤੇ ਪਿੱਛੋਂ 1734 ਈਸਵੀ ਨੂੰ ਨਿਖਾਸ ਚੌਕ ਲਾਹੌਰ ਵਿਖੇ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਅੱਜ ਅਸੀਂ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ ਪਰ ਅਸੀਂ ਕੇਵਲ ਇਕ ਸਮਾਗਮ ਦੀ ਤਰ੍ਹਾਂ ਅਜਿਹੇ ਮਹਾਨ ਸ਼ਹੀਦਾਂ ਦੇ ਦਿਹਾੜੇ ਮਨਾ ਕੇ ਆਪਣਾ ਫ਼ਰਜ਼ ਪੂਰਾ ਹੋਇਆ ਸਮਝ ਲੈਂਦੇ ਹਾਂ ਪਰ ਆਪਣੀ ਨਵੀਂ ਪੀੜ੍ਹੀ ਨੂੰ ਇਨ੍ਹਾਂ ਸ਼ਹੀਦਾਂ ਦੇ ਇਤਿਹਾਸ ਤੋਂ ਜਾਣੂ ਨਹੀਂ ਕਰਵਾਉਂਦੇ। ਜਦੋਂ ਅਸੀਂ ਛੋਟੇ ਸੀ ਤਾਂ ਸਾਡੇ ਮਾਤਾ ਜੀ ਰੋਜ਼ ਰਾਤ ਨੂੰ ਸਾਨੂੰ ਗੁਰੂਆਂ ਜਾਂ ਸ਼ਹੀਦਾਂ ਦੀਆਂ ਕਹਾਣੀਆਂ ਸੁਣਾਉਂਦੇ ਸਨ। ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਆਪ ਸਿੱਖ ਇਤਿਹਾਸ ਪੜ੍ਹੇ ਤੇ ਬੱਚਿਆਂ ਨੂੰ ਵੀ ਧਰਮ ਤੇ ਇਤਿਹਾਸ ਤੋਂ ਜਾਣੂ ਕਰਵਾਏ। ਇਸ ਕਾਰਜ 'ਚ ਮਾਵਾਂ ਮਹੱਤਵਪੂਰਨ ਰੋਲ ਅਦਾ ਕਰ ਸਕਦੀਆਂ ਹਨ। ਮੈਂ ਸਿੱਖ ਮਾਤਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਬੱਚਿਆਂ ਨੂੰ ਬਚਪਨ ਤੋਂ ਹੀ ਸਿੰਘ ਸੂਰਮਿਆਂ ਤੇ ਸ਼ਹੀਦਾਂ ਦੀਆਂ ਕਹਾਣੀਆਂ ਸੁਣਾਉਣ ਤਾਂ ਜੋ ਉਹ ਆਪਣੇ ਮਾਣਮੱਤੇ ਵਿਰਸੇ ਨਾਲ ਜੁੜੇ ਰਹਿਣ ਤੇ ਧਰਮ 'ਚ ਪਰਪੱਕ ਹੋਣ।

ਮਨਜਿੰਦਰ ਸਿੰਘ ਸਿਰਸਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ
ਪ੍ਰਬੰਧਕ ਕਮੇਟੀ, ਨਵੀਂ ਦਿੱਲੀ।

# ਮੀਰੀ-ਪੀਰੀ ਦਿਵਸ 'ਤੇ ਵਿਸ਼ੇਸ਼

ਪਾਤਿਸ਼ਾਹੀ ਤੇ ਭਗਤੀ ਦੇ ਸੁਮੇਲ ਦਾ ਸੰਕਲਪ ਸਿੱਖ ਧਰਮ ਦੀ ਮਨੁੱਖੀ ਸਮਾਜ ਨੂੰ ਇਕ ਗੌਰਵਮਈ ਤੇ ਵਿਲੱਖਣ ਬਖਸ਼ਿਸ਼ ਹੈ। ਇਸ ਸੰਕਲਪ ਦੀ ਗੁਰਮਤਿ ਵਿਚ ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ, ਸੰਤ ਤੇ ਸਿਪਾਹੀ ਰਾਜ ਤੇ ਯੋਗ ਦੇ ਅਰਥਾਂ ਵਿਚ ਚਰਚਾ ਕੀਤੀ ਜਾਂਦੀ ਹੈ। ਮੀਰੀ ਤੇ ਪੀਰੀ ਸੰਕਲਪ ਦੇ ਬੀਜ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭਕ ਸਮੇਂ ਹੀ ਬੀਜ ਦਿੱਤੇ ਸਨ। ਪਾਤਿਸ਼ਾਹ ਨੇ ਬਾਦਸ਼ਾਹ ਤਕ ਨੂੰ 'ਕਲਿ ਕਾਤੀ ਰਾਜੇ ਕਾਸਾਈ' ਕਹਿ ਕੇ ਆਪਣੀ ਮਨੋਭਾਵਨਾ ਪ੍ਰਗਟ ਕਰ ਦਿੱਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਮੀਰੀ ਤੇ ਪੀਰੀ ਦੇ ਸੁਮੇਲ ਦਾ ਇਨਕਲਾਬੀ ਸੰਘਰਸ਼ ਸ਼ਾਂਤਮਈ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਸ ਸੁਮੇਲ ਨੂੰ ਸਿਧਾਂਤਕ ਰੂਪ ਦੇਣ ਦੇ ਯੋਗ ਬਣਾਇਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਸੰਕਲਪ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਕ੍ਰਿਪਾਨਾਂ ਧਾਰਨ ਕੀਤੀਆਂ ਤੇ ਭਗਤੀ ਨਾਲ ਸ਼ਕਤੀ ਨੂੰ ਜ਼ਰੂਰੀ ਕਰ ਦਿੱਤਾ। ਜਬਰ ਦੇ ਜ਼ੁਲਮ ਦਾ ਵਿਰੋਧ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿ ਕੇ ਸਹਿਣ ਕੀਤਾ। ਉਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਸਤਰਬੱਧ ਹੋ ਕੇ ਖਾਲਸਈ ਫੌਜ ਗਠਨ ਕਰਕੇ ਜਬਰ ਤੇ ਜ਼ੁਲਮ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਮੀਰੀ ਤੇ ਪੀਰੀ ਦੋਵੇਂ ਫਾਰਸੀ ਭਾਸ਼ਾ ਦੇ ਸ਼ਬਦ ਹਨ। ਮੀਰੀ ਦਾ ਅਰਥ ਹੈ ਅਮੀਰੀ ਜਾਂ ਬਾਦਸ਼ਾਹ, ਹੁਕਮ ਕਰਨ ਵਾਲਾ, ਮੁੱਖੀ। ਵਿਵਹਾਰਕ ਖੇਤਰ ਵਿਚ ਅਗਵਾਈ ਦੇਣ ਵਾਲਾ ਇਹ ਸ਼ਬਦ ਸ਼ਕਤੀ ਦਾ ਪ੍ਰਤੀਕ ਬਣ ਕੇ ਉਸ ਆਦਮੀ ਨਾਲ ਜੁੜਦਾ ਹੈ ਜੋ ਤਾਕਤਵਰ ਹੋ ਕੇ ਦੂਜਿਆਂ ਨੂੰ ਅਗਵਾਈ ਦਿੰਦਿਆਂ ਹੁਕਮ ਮਨਾਉਣ ਦੇ ਸਮਰੱਥ ਹੋਵੇ। ਪੀਰੀ ਦਾ ਭਾਵ ਧਾਰਮਿਕ ਜਾਂ ਅਧਿਆਤਮਕ ਖੇਤਰ ਵਿਚ ਅਗਵਾਈ, ਜੋ ਵਿਅਕਤੀ ਨਿਰੋਲ ਅਧਿਆਤਮਕ ਜੀਵਨ ਜਿਊਂਦਿਆਂ, ਤਿਆਗੀ, ਵਿਰਕਤ ਤੇ ਨਿਰਵਿਰਤ ਮਾਰਗ 'ਤੇ ਚਲਦਾ ਹੈ, ਉਹ ਪੀਰ ਹੈ। ਪਰ ਗੁਰਮਤਿ ਵਿਚ ਪੀਰ ਉੱਚੇ ਆਦਰਸ਼ਾਂ ਦਾ ਧਾਰਨੀ ਹੁੰਦਾ ਹੈ। ਘਰ-ਘਰ ਮੰਗ ਕੇ ਖਾਣ ਵਾਲੇ ਪੀਰ ਨਹੀਂ ਹੁੰਦੇ। ਗੁਰੁ ਪੀਰੁ ਸਦਾਏ ਮੰਗਣ ਜਾਇ ਤਾ ਕੈ ਮੂਲਿ ਨ ਲਗੀਐ ਪਾਇ (ਪੰਨਾ 1245) ਉੱਚੇ ਆਦਰਸ਼ਾਂ ਦਾ ਧਾਰਨੀ ਪੀਰ ਹੀ ਧਾਰਮਿਕ ਅਤੇ ਅਧਿਆਤਮਕ ਅਗਵਾਈ ਦੇਣ ਦੇ ਸਮਰੱਥ ਹੁੰਦਾ ਹੈ। ਉਹ ਗੁਰੂ ਹੋ ਕੇ ਦੂਜਿਆਂ ਦਾ ਰਾਹ ਰੌਸ਼ਨ ਕਰਦਾ ਹੈ। ਭਾਈ ਗੁਰਦਾਸ ਜੀ ਅਨੁਸਾਰ ਪੀਰ ਸ਼ਬਦ ਗੁਰੂ ਦਾ ਅਰਥ ਰੱਖਦਾ ਹੈ: ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ (1/48) ਮੀਰੀ-ਪੀਰੀ ਦੇ ਸੰਕਲਪ ਨੂੰ ਵਿਵਹਾਰਕ ਰੂਪ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਦਿੱਤਾ। 1606 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਪਿਛੋਂ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ਉਪਰ ਬਿਰਾਜਮਾਨ ਹੋਏ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਤਮ ਸੁਨੇਹਾ ਇਹ ਭੇਜਿਆ ਕਿ ਉਹ ਪੂਰੀ ਤਰਾਂ ਹਥਿਆਰਬੰਦ ਹੋ ਕੇ ਗੁਰਗੱਦੀ 'ਤੇ ਬੈਠਣ ਅਤੇ ਇਕ ਤਾਕਤਵਰ ਸੈਨਾ ਰੱਖਣ। ਇਸ ਹੁਕਮ ਦੀ ਪੂਰਤੀ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਕਿ ਹੁਣ ਕਲਗੀ ਵਾਲੀ ਦਸਤਾਰ ਸਜਾਈ ਜਾਵੇਗੀ। ਕ੍ਰਿਪਾਨਾਂ ਧਾਰਨ ਕੀਤੀਆਂ ਜਾਣਗੀਆਂ। ਮੰਜੀ ਦੀ ਥਾਂ ਹੁਣ ਤਖ਼ਤ ਉੱਤੇ ਬੈਠਿਆ ਜਾਵੇਗਾ। ਪਾਤਸ਼ਾਹ ਜੀ ਨੇ ਬਾਬਾ ਬੁੱਢਾ ਜੀ ਨੂੰ ਤਲਵਾਰ ਪਹਿਨਾਉਣ ਲਈ ਕਿਹਾ। ਇੰਜ ਆਪ ਜੀ ਨੂੰ ਇਕ ਤਲਵਾਰ ਖੱਬੇ ਪਾਸੇ ਦੂਜੀ ਤਲਵਾਰ ਸੱਜੇ ਪਾਸੇ ਪਹਿਨਾਈ ਗਈ। ਇਸ ਸਮੇਂ ਪਾਤਸ਼ਾਹ ਨੇ ਭਾਈ ਸੰਤੋਖ ਸਿੰਘ ਅਨੁਸਾਰ ਇਹ ਕਿਹਾ:- ਧਰੇ ਤੇਜ ਸਤਿਗੁਰੁ ਬਚ ਕਹੇ। ਹਮ ਨੇ ਇਸ ਹਿਤ ਜੁਗ ਅਸਿ ਗਹੇ। ਇਕ ਤੇ ਲੈ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ22 ਮੀਰੀ ਪੀਰੀ ਦੋਨੋਂ ਧਰੈਂ। ਬਚਹਿ ਸ਼ਰਨਿ ਨਤੁ ਜੁਗ ਪਰਹਰੈਂ। ਸੁਨਿ ਸਤਿਗੁਰੁ ਕੇ ਬਾਕ ਅਡੋਲੇ। ਧਰਿ ਸ਼ਰਧਾ ਲਹਿ ਅਨੰਦ ਅਤੋਲੇ23 (ਗੁਰ ਪ੍ਰਤਾਪ ਸੂਰਜ ਗ੍ਰੰਥ) ਇਸ ਦੇ ਨਾਲ ਹੀ ਕਿਹਾ ਕਿ ਹੁਣ ਸਮਾਂ ਸ਼ਸਤਰ ਪਹਿਨਣ ਦਾ ਆ ਗਿਆ ਹੈ। ਇਸ ਲਈ ਜਿਹੜਾ ਕੋਈ ਸਿੱਖ ਚੰਗਾ ਘੋੜਾ ਤੇ ਚੰਗਾ ਸ਼ਸਤਰ ਭੇਟ ਕਰੇਗਾ ਇਸ ਤੇ ਉਹ ਬਹੁਤ ਖੁਸ਼ ਹੋਣਗੇ। ਸੈਨਾ ਖੜੀ ਕੀਤੀ



ਗਈ, ਸ੍ਰੀ ਅਕਾਲ ਬੁੰਗੇ ਦੀ ਸਥਾਪਨਾ ਕੀਤੀ ਗਈ। ਸਮਰੱਥ ਰਾਮਦਾਸ ਜੋ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ਼ਰਧਾਲੂ ਬਣਿਆ, ਉਸ ਨੇ ਪਾਤਸ਼ਾਹ ਦਾ ਸ਼ਾਹੀ ਲਿਬਾਸ, ਘੋੜੇ ਆਦਿ ਤਕ ਕੇ ਗੁਰੂ ਸਾਹਿਬ ਅੱਗੇ ਸ਼ੰਕਾ ਜ਼ਾਹਿਰ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਨਾਲ ਇਨਾਂ ਸ਼ਸਤਰਾਂ ਦਾ ਕੀ ਵਾਸਤਾ ਹੋ ਸਕਦਾ ਹੈ। ਇਸ ਦਾ ਉੱਤਰ ਦਿੰਦਿਆਂ ਪਾਤਸ਼ਾਹ ਜੀ ਨੇ ਕਿਹਾ: ਬਾਤਨ ਫਕੀਰੀ, ਜ਼ਾਹਿਰ ਅਮੀਰੀ। ਸ਼ਸਤਰ ਗਰੀਬ ਦੀ ਰੱਖਿਆ। ਜਰਵਾਣੇ ਦੀ ਭਖਿਆ। ਇਸ ਤੋਂ ਮੀਰੀ-ਪੀਰੀ ਦੇ ਸੰਕਲਪ ਦੀ ਸਪੱਸ਼ਟਤਾ ਹੋ ਜਾਂਦੀ ਹੈ। ਧਾਰਮਿਕ ਬੋਲਚਾਲ ਪੀਰਾਂ-ਫਕੀਰਾਂ ਵਰਗਾ, ਬਾਹਰੀ ਦਿੱਖ ਸ਼ਹਿਨਸ਼ਾਹਾਂ ਵਰਗੀ ਅਤੇ ਸ਼ਸਤਰ ਕਿਸੇ ਉਤੇ ਜ਼ੁਲਮ ਤੇ ਜਬਰ ਕਰਨ ਲਈ ਨਹੀਂ ਸਗੋਂ ਗਰੀਬ ਤੇ ਮਜ਼ਲੂਮ ਦੀ ਰੱਖਿਆ ਲਈ ਹਨ ਅਤੇ ਜਰਵਾਣੇ ਦਾ ਖਾਤਮਾ ਕਰਨ ਲਈ ਹਨ। ਧਰਮ ਦੀ ਰਾਖੀ ਲਈ ਤਲਵਾਰ ਧਾਰਨ ਕਰਨ ਦੀ ਲੋੜ ਆਵੱਸ਼ਕ ਹੁੰਦੀ ਹੈ ਤਾਂ ਕਿ ਕੋਈ ਦੁਸ਼ਮਣ ਸਹਿਜ ਕੀਤੇ ਇਸ ਨੂੰ ਹੱਥ ਨਾ ਪਾ ਸਕੇ। ਮੀਰੀ ਤੇ ਪੀਰੀ ਦਾ ਸਿਧਾਂਤ ਹੀ ਖਾਲਸਾ ਪੰਥ ਦੀ ਸਾਜਨਾ ਕਰਨ ਲਈ ਸਹਾਈ ਸਿੱਧ ਹੋਇਆ, ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮੁੱਚੀ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਿਤ ਕੀਤਾ। ਦਸਮ ਪਿਤਾ ਨੇ ਤਲਵਾਰ ਧਾਰਨ ਕਰਨ ਲਈ ਹੀ ਨਹੀਂ, ਸਗੋਂ ਇਸ ਦੀ ਵਰਤੋਂ ਨੂੰ ਵੀ ਜਾਇਜ਼ ਠਹਿਰਾਉਂਦਿਆਂ ਕਿਹਾ: ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ22 (ਜ਼ਫਰਨਾਮਾ) ਜਦੋਂ ਗੱਲਬਾਤ ਦੇ ਸਾਰੇ ਹੀਲੇ ਖਤਮ ਹੋ ਜਾਣ, ਵਿਚਾਰਾਂ ਦੀ ਪਕੜ ਢਿੱਲੀ ਪੈ ਜਾਵੇ, ਬੋਲਾਂ ਦਾ ਅਸਰ ਨਾ ਹੋਵੇ ਤਾਂ ਤਲਵਾਰ ਚੁੱਕਣੀ ਹੀ ਜਾਇਜ਼ ਹੈ। ਮੀਰੀ ਅਤੇ ਪੀਰੀ ਇਕ ਅਜਿਹਾ ਸੰਕਲਪ ਤੇ ਸਿਧਾਂਤ ਹੈ ਜੋ ਆਪਣੇ ਆਪ ਵਿਚ ਮਨੁੱਖ ਨੂੰ ਪੂਰਨਤਾ ਵਾਲੀ ਇਕ ਅਮਲੀ ਤੇ ਵਿਵਹਾਰਕ ਜੀਵਨ ਜੁਗਤੀ ਪ੍ਰਦਾਨ ਕਰਦਾ ਹੈ। ਇਹ ਅਕਾਲ ਪੁਰਖ ਦੇ ਇਕ ਹੀ ਸਮੇਂ ਦਿਆਲੂ ਤੇ ਸਬਰ ਸ਼ਕਤੀਮਾਨ ਹੋਣ ਦਾ ਝਲਕਾਰਾ ਦਿੰਦਾ ਹੈ। ਇਹ ਜੀਵਨ ਪ੍ਰਭੂ ਦੇ ਨਿਰਭਉ ਤੇ ਨਿਰਵੈਰ ਸਰੂਪ ਨੂੰ ਪ੍ਰਗਟਾਉਂਦੀ ਹੋਈ ਮਨੁੱਖ ਲਈ ਨਿਰਭਉ ਤੇ ਨਿਵਰਵੈਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਸਿੱਖ ਨੇ ਗੁਰਮੁੱਖ ਜੀਵਨ ਜਿਉਂਦਿਆਂ ਮੀਰੀ ਤੇ ਪੀਰੀ ਦੀ ਜੀਵਨ ਜੁਗਤੀ ਨੂੰ ਅਪਨਾਉਣਾ ਹੈ। ਸੰਸਾਰੀ ਜੀਵਨ ਬਸਰ ਕਰਦਿਆਂ, ਰਾਜ ਸਤਾ ਭੋਗਦਿਆਂ ਮਨੁੱਖ ਨੇ ਪਾਪ ਜ਼ੁਲਮ, ਅਨਿਆਂ, ਲੁੱਟ-ਖਸੁੱਟ ਦੀ ਥਾਂ ਪੀਰੀ ਦੇ ਰੂਪ ਵਿਚ ਦਇਆ, ਮਨੁੱਖੀ ਬਰਾਬਰੀ, ਮਾਨਵੀ ਕਦਰਾਂ ਕੀਮਤਾਂ ਦਾ ਸਤਿਕਾਰ ਕਰਨਾ ਹੈ। ਧਰਮ ਤੇ ਰਾਜ ਦਾ ਸੁਮੇਲ ਜ਼ਰੂਰੀ ਤਾਂ ਹੈ ਪਰ ਧਰਮ ਦਾ ਕੁੰਡਾ ਰਾਜ ਉੱਤੇ ਰਹੇਗਾ ਤਾਂ ਹੀ ਨਿਆਂਕਾਰੀ ਰਾਜ ਹੋਵੇਗਾ। ਪੀਰੀ ਮਾਨਵਤਾ ਦੀ ਸੇਵਾ ਦੀ ਪ੍ਰਤੀਕ ਹੈ ਅਤੇ ਮੀਰੀ ਇਸ ਸੇਵਾ ਵਿਚ ਆਈ ਰੁਕਾਵਟ ਨੂੰ ਦੂਰ ਕਰਨ ਦਾ ਸਾਧਨ ਹੈ। ਇਕੱਲੀ ਪੀਰੀ ਨੇ ਭਾਰਤ ਦੀ ਦੁਰਦਸ਼ਾ ਦੇਖ ਲਈ ਸੀ। ਗੁਰਬਾਣੀ ਵਿਚ ਇਸ ਸੱਚ ਨੂੰ ਇਸ ਤਰਾਂ ਪ੍ਰਗਟਾਇਆ ਹੈ: ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ... ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ (ਪੰਨਾ 417-18) ਭਾਈ ਗੁਰਦਾਸ ਜੀ ਅਨੁਸਾਰ ਭਾਰਤ ਵਿਚ ਪੀਰਾਂ, ਫਕੀਰਾਂ, ਔਲੀਆਂ, ਸਾਧੂਆਂ, ਸੰਨਿਆਸੀਆਂ, ਸਿੱਧਾਂ, ਜੋਗੀਆਂ ਦੀ ਕਮੀ ਨਹੀਂ ਸੀ ਪਰ ਸਭ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਛੱਡ ਕੇ ਭੱਜ ਚੁੱਕੇ ਸਨ ਜਾਂ ਬੋਝ ਬਣੇ ਹੋਏ ਸਨ। ਆਪ ਜੀ ਦਾ ਕਥਨ ਹੈ: ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ। (1/22) ਇਸ ਲਈ ਪੀਰੀ ਦੇ ਨਾਲ ਮੀਰੀ ਦਾ ਹੋਣ ਅਵਸ਼ਕ ਸਮਝ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਵਿਵਹਾਰਕ ਰੂਪ ਦਿੰਦਿਆਂ ਤਿਆਰ-ਬਰ-ਤਿਆਰ ਰਹਿਣ ਦਾ ਹੁਕਮ ਕੀਤਾ। ਭਗਤੀ, ਸੰਤਤਾਈ, ਮਾਨਵਤਾ ਦੀ ਭਲਾਈ ਤਾਂ ਹੀ ਕਰ ਸਕਦੀ ਹੈ ਜੇ ਉਸ ਵਿਚ ਸ਼ਕਤੀ ਤੇ ਸਿਪਾਹੀ ਦੇ ਗੁਣ ਹੋਣ, ਜਿਵੇਂ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਚ ਸਨ। ਢਾਡੀ ਭਾਈ ਅਬਦੁਲਾ ਜੀ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰੀ ਬੈਠੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਰੇ ਇਸ ਤਰਾਂ ਕਹਿੰਦੇ ਹਨ: ਦੋ ਤਲਵਾਰੀਂ ਬਧੀਆਂ ਇਕ ਮੀਰੀ ਦੀ ਇਕ ਪੀਰੀ ਦੀ, ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ। ਹਿੰਮਤ ਬਾਹਾਂ ਕੋਟ ਗੜ ਦਰਵਾਜ਼ਾ ਬਲਖ ਬਖੀਰ ਦੀ। ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੈ ਤਗੀਰ ਦੀ। ਪੱਗ ਤੇਰੀ, ਕੀ ਜਹਾਂਗੀਰ ਦੀ। ਇਸ ਤਰਾਂ ਹਰ ਗੁਰਸਿੱਖ ਮਾਈ ਭਾਈ ਨੇ ਸੱਚੇ ਆਦਰਸ਼ਾਂ ਦੀਆਂ ਸੂਚਕ ਮੀਰੀ-ਪੀਰੀ ਦੀਆਂ ਤਲਵਾਰਾਂ ਦੇ ਰਹੱਸ ਨੂੰ ਸਮਝ ਕੇ ਆਪਣੇ ਜੀਵਨ ਦਾ ਅੰਗ ਬਣਾਉਣਾ ਹੈ। ਦੋਵੇਂ ਆਦਰਸ਼ ਨਿਭਾਉਣੇ ਹਨ। ਜਾਰੀ ਕਰਤਾ: ਦਿਲਜੀਤ ਸਿੰਘ ਬੇਦੀ ਐਡੀ. ਸਕੱਤਰ ਮੀਡੀਆ, ਸ਼੍ਰੋਮਣੀ ਕਮੇਟੀ।

ਜਥੇਦਾਰ ਅਵਤਾਰ ਸਿੰਘ, ਪ੍ਰਧਾਨ

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ।।

**ਪ੍ਰਕਾਸ਼ ਪੁਰਬ ਤੇ ਵਿਸ਼ੇਸ਼**

**ਸੰਖੇਪ ਜੀਵਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ**

ਬਾਲਾ ਪ੍ਰੀਤਮ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਸੱਤਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਿ ਰਾਇ ਜੀ ਦੇ ਗ੍ਰਹਿ ਵਿਖੇ 1656 ਈਸਵੀਂ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ 'ਬਾਲ ਗੁਰੂ' ਜਾਂ ਫਿਰ 'ਬਾਲਾ ਪ੍ਰੀਤਮ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਆਪ ਗੁਰੂ ਨਾਨਕ ਜੀ ਦੁਆਰਾ ਚਲਾਏ ਗਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਸਨ।

ਹਰਕ੍ਰਿਸ਼ਨ ਜੀ ਨੂੰ ਪੰਜ ਸਾਲ ਦੀ ਉਮਰ ਵਿਚ ਹੀ ਗੁਰਿਆਈ ਮਿਲੀ ਸੀ ਅਤੇ ਅੱਠ ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ ਸਨ। ਆਪ ਜੀ ਨੇ ਆਪਣੀ ਬਾਲ ਗੁਰਿਆਈ ਦੇ ਤਿੰਨ ਸਾਲ ਦੇ ਸਮੇਂ ਵਿਚ ਜਿਸ ਸੂਝ, ਸਿਆਣਪ, ਦ੍ਰਿੜਤਾ ਅਤੇ ਦਲੇਰੀ ਨਾਲ ਸਿੱਖ ਪੰਥ ਦੀ ਅਗਵਾਈ ਕੀਤੀ ਜੋ ਆਪਣੀ ਮਿਸਾਲ ਆਪ ਸੀ ਤੇ ਉਹਨਾਂ ਨੇ ਦਰਸਾਅ ਦਿੱਤਾ ਕਿ ਉਮਰ, ਬੁਧੀਮਾਨਤਾ ਤੇ ਆਤਮ ਗਿਆਨ ਵਿਚ ਕੋਈ ਬਾਧਾ ਨਹੀਂ ਹੈ। ਆਪ ਜੀ ਦੇ ਵੱਡੇ ਭਰਾ ਦਾ ਨਾਂ ਰਾਮਰਾਏ ਸੀ। ਜਦੋਂ ਔਰੰਗਜੇਬ ਨੇ ਗੁਰੂ ਹਰ ਰਾਇ ਨੂੰ ਦਿੱਲੀ ਬੁਲਾਇਆ ਸੀ ਤਾਂ ਗੁਰੂ ਜੀ ਨੇ ਆਪਣੀ ਥਾਂ ਰਾਮ ਰਾਏ ਨੂੰ ਗੁਰਮਤਿ ਦੇ ਸਿਧਾਂਤ ਸਪੱਸ਼ਟ ਕਰਨ ਲਈ ਭੇਜਿਆ ਸੀ। ਰਾਮ ਰਾਏ ਨੇ ਪਹਿਲਾਂ ਤਾਂ ਬਾਦਸ਼ਾਹ ਔਰੰਗਜੇਬ ਨੂੰ ਆਪਣੀ ਪ੍ਰਤਿਭਾ ਨਾਲ ਬਹੁਤ ਪ੍ਰਭਾਵਿਤ ਕੀਤਾ ਤੇ ਬਾਅਦ ਵਿਚ ਕਰਾਮਾਤਾਂ ਦਿਖਾਈਆਂ। ਬਾਅਦ ਵਿਚ ਮੁਲਾਣਿਆਂ ਦੇ ਕਹਿਣ 'ਤੇ ਔਰੰਗਜੇਬ ਨੇ ਰਾਮਰਾਏ ਨੂੰ ਪੁੱਛਿਆ ਕਿ ਤੁਹਾਡੇ ਗ੍ਰੰਥ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਲਿਖ ਕੇ ਇਸਲਾਮ ਧਰਮ ਦੀ ਨਿੰਦਾ ਕੀਤੀ ਗਈ ਹੈ।

ਬਾਦਸ਼ਾਹ 'ਤੇ ਆਪਣਾ ਬਣਿਆ ਪ੍ਰਭਾਵ ਕਾਇਮ ਰੱਖਣ ਲਈ ਅਤੇ ਉਸ ਦੀ ਖੁਸ਼ਨੰਦੀ ਪ੍ਰਾਪਤ ਕਰਨ ਲਈ ਰਾਮਰਾਏ ਨੇ ਕਿਹਾ ਕਿ ਅਸਲ ਸ਼ਬਦ 'ਮਿਟੀ ਬੇਈਮਾਨ ਕੀ ਪੇੜੈ ਪਈ ਕੁਮਿਆਰ' ਹੈ ਪਰ ਲਿਖਾਰੀ ਦੀ ਗਲਤੀ ਕਾਰਨ 'ਮੁਸਲਮਾਨ' ਲਿਖਿਆ ਗਿਆ ਹੈ। ਇਸ ਘੋਰ ਅਵੱਗਿਆ ਕਾਰਨ ਗੁਰੂ ਹਰਿਰਾਏ ਜੀ ਨੇ ਉਸ ਨੂੰ ਗੁਰਗੱਦੀ ਤੋਂ ਵਾਂਝਾ ਕਰ ਦਿੱਤਾ ਅਤੇ ਸਦਾ ਲਈ ਤਿਆਗ ਦਿੱਤਾ। ਇਸ ਪ੍ਰਕਾਰ ਰਾਮ ਰਾਏ ਨੇ ਆਪ ਜੀ ਦੀ ਵਿਰੋਧਤਾ ਜਾਰੀ ਰੱਖੀ। ਕੀਰਤਪੁਰ ਸਾਹਿਬ ਵਿਖੇ ਆਪ ਪਹਿਲਾਂ ਗੁਰੂਆਂ ਵਾਂਗ ਸਿੱਖ ਧਰਮ ਦਾ ਪ੍ਰਚਾਰ ਕਰਦੇ ਅਤੇ ਸਿੱਖਾਂ ਨੂੰ ਉਪਦੇਸ਼ ਦਿੰਦੇ। ਗੁਰੂ ਸਾਹਿਬ ਦੇ ਵੱਡੇ ਭਰਾ ਰਾਮਰਾਏ ਨੇ ਬਾਦਸ਼ਾਹ ਔਰੰਗਜੇਬ ਕੋਲ ਫਰਿਆਦ ਕੀਤੀ ਕਿ ਮੇਰੇ ਪਿਤਾ ਨੇ ਮੇਰਾ ਹੱਕ ਮਾਰ ਕੇ ਮੇਰੇ ਛੋਟੇ ਭਰਾ ਨੂੰ ਗੁਰਗੱਦੀ ਅਤੇ ਜਾਇਦਾਦ ਦੇ ਦਿੱਤੀ ਹੈ। ਇਹ ਸਭ ਕੁਝ ਤਾਂ ਹੋਇਆ ਕਿਉਂਕਿ ਮੈਂ ਤੁਹਾਡਾ ਹੁਕਮ ਮੰਨਦਾ ਹਾਂ। ਇਸ ਪਰ




ਔਰੰਗਜੇਬ ਨੇ ਰਾਜਾ ਜੈ ਸਿੰਘ ਨੂੰ ਹੁਕਮ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਦਿੱਲੀ ਬੁਲਾਏ।

ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸਰਾਮ ਨੂੰ ਗੁਰੂ ਸਾਹਿਬ ਨੂੰ ਸਤਿਕਾਰ ਸਹਿਤ ਦਿੱਲੀ ਲਿਆਉਣ ਲਈ ਭੇਜਿਆ। ਦੀਵਾਨ ਕੀਰਤਪੁਰ ਪਹੁੰਚਿਆ ਤੇ ਗੁਰੂ ਸਾਹਿਬ ਨੂੰ ਦਿੱਲੀ ਜਾਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਕੋਈ ਇਨਕਾਰ ਨਹੀਂ ਪਰ ਉਹ ਔਰੰਗਜੇਬ ਵਰਗੇ ਬਾਦਸ਼ਾਹ ਦਾ ਮੂੰਹ ਨਹੀਂ ਵੇਖਣਗੇ। ਅੰਤ ਵਿਚ ਗੁਰੂ ਸਾਹਿਬ ਨੇ ਆਪਣੀ ਮਾਤਾ ਅਤੇ ਸਿੱਖ ਸੰਗਤਾਂ ਨਾਲ ਸਲਾਹ ਕਰਕੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ।

ਗੁਰੂ ਜੀ ਦੇ ਤੁਰਨ ਸਮੇਂ ਸਿੱਖ ਸੰਗਤਾਂ ਦੀ ਭਾਰੀ ਭੀੜ ਕੀਰਤਪੁਰ ਆ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਦਿਲਾਸਾ ਦਿੱਤਾ ਫਿਰ ਵੀ ਸੈਂਕੜੇ ਸਿੱਖ ਆਪ ਜੀ ਦੇ ਨਾਲ ਚੱਲ ਪਏ। ਅੰਬਾਲੇ ਜ਼ਿਲ੍ਹੇ ਦੇ ਕਸਬੇ ਪੰਜੋਖਰੇ ਪਹੁੰਚ ਕੇ ਗੁਰੂ ਜੀ ਨੇ ਕੁਝ ਉਘੇ ਸਿੱਖਾਂ ਤੋਂ ਬਿਨਾ ਬਾਕੀ ਸਭ ਨੂੰ ਵਾਪਸ ਮੋੜ ਦਿੱਤਾ। ਗੁਰੂ ਜੀ ਨੇ ਪਹਿਲੀ ਰਾਤ ਪੰਜੋਖਰੇ ਕੱਟੀ। ਉੱਥੇ ਆਪ ਜੀ ਦੀ ਮੁਲਾਕਾਤ ਇਕ ਹੰਕਾਰੀ ਪੰਡਿਤ ਲਾਲਚੰਦ ਨਾਲ ਹੋਈ।

ਉਸ ਨੇ ਆਪ ਜੀ ਨੂੰ ਕਿਹਾ ਕਿ ਸਿੱਖ ਤੁਹਾਨੂੰ ਗੁਰੂ ਹਰਕ੍ਰਿਸ਼ਨ ਕਹਿੰਦੇ ਹਨ। ਦੁਆਪਰ ਯੁੱਗ ਦੇ ਕ੍ਰਿਸ਼ਨ ਜੀ ਨੇ ਗੀਤਾ ਰਚੀ ਸੀ। ਉਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਸੀਂ ਉਸ ਦੇ ਅਰਥ ਕਰੋ। ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਤਾਂ ਅਕਾਲ ਪੁਰਖ ਦੇ ਸੇਵਕ ਹਾਂ। ਕਲਾ ਅਕਾਲ ਪੁਰਖ ਦੀ ਹੀ ਵਰਤਦੀ ਹੈ। ਜੇ ਤੂੰ ਕਲਾ ਦੇਖਣੀ ਹੈ ਤਾਂ ਅਪਣੇ ਨਗਰ ਵਿਚੋਂ ਕੋਈ ਬੰਦਾ ਲੈ ਆ। ਪੰਡਿਤ ਦੇ ਕਹਿਣ 'ਤੇ ਨਗਰ ਗਿਆ ਅਤੇ ਉੱਥੋਂ ਇਕ ਛੱਜੂ ਨਾਮੀ ਅਨਪੜ੍ਹ ਝਿਉਰ ਨੂੰ ਲੈ ਆਇਆ।

ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਉਹ ਪੰਡਿਤ ਦੀ ਨਿਸ਼ਾ ਕਰਵਾਏ। ਗੁਰੂ ਜੀ ਨੇ ਉਸ ਦੇ ਸਿਰ 'ਤੇ ਸੋਟੀ ਰੱਖ ਦਿੱਤੀ ਅਤੇ ਨੇਤਰਾਂ ਵਿਚ ਨੇਤਰ ਪਾਏ। ਪੰਡਿਤ ਨੇ ਗੀਤਾ ਦੇ ਔਖੇ ਤੋਂ ਔਖੇ ਸਲੋਕਾਂ ਦੇ ਅਰਥ ਪੁੱਛੇ, ਜਿਹਨਾਂ ਦੇ ਉਸ ਨੇ ਤੁਰੰਤ ਅਰਥ ਕਰ ਦਿੱਤੇ। ਇਸ ਪ੍ਰਕਾਰ ਉਹ ਪੰਡਿਤ ਵੀ ਹੈਰਾਨ ਰਹਿ ਗਿਆ ਤੇ ਗੁਰੂ ਸਾਹਿਬ ਦੇ ਚਰਨੀ ਡਿੱਗ ਗਿਆ। ਇਸ ਤੋਂ ਬਾਅਦ ਉਹ ਸਿੱਖ ਬਣ ਗਿਆ।

ਹਰ ਸਿੱਖ ਜਦੋਂ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਤਾਂ ਇਹਨਾਂ ਸ਼ਬਦਾਂ ਦਾ ਉਚਾਰਣ ਕਰਦਾ ਹੋਇਆ ਬੜੇ ਪਿਆਰ, ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਆਪਣੀ ਅਸਲੀਅਤ ਪੇਸ਼ ਕਰਦਾ ਹੈ। ਗੁਰੂ ਸਾਹਿਬ ਦੀ ਵਡਿਆਈ ਦੇ ਇਹ ਸ਼ਬਦ ਏਦਾਂ ਦੇ ਹੁੰਦੇ ਹਨ ਜੋ ਸਾਨੂੰ ਪ੍ਰੇਰਣਾ ਦਿੰਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਹਮੇਸ਼ਾ ਯਾਦ ਕਰਨਾ ਚਾਹੀਦਾ ਹੈ, ਉਹਨਾਂ ਦਾ ਧਿਆਨ ਕਰਨਾ ਚਾਹੀਦਾ ਹੈ ਕਿਉਂ ਕਿ ਉਹਨਾਂ ਦੇ ਦਰਸ਼ਨਾਂ ਨਾਲ ਹੀ ਸਾਰੀ ਮਨੁੱਖਤਾ ਦੇ ਹਰ ਪ੍ਰਕਾਰ ਦੇ ਦੁਖ ਦੂਰ ਹੋ ਜਾਂਦੇ ਹਨ।

(ਇੰਟਰਨੈਟ)

# ਸਿੱਖ ਕੌਮ ਦੇ ਮਹਾਨ ਤੇ ਨਿੱਘੇ ਸੁਭਾਅ ਦੇ ਮਾਲਕ ਸ਼ਹੀਦ ਭਾਈ ਤਾਰੂ ਸਿੰਘ ਜੀ ਨੂੰ ਯਾਦ ਕਰਦਿਆਂ

**ਸ਼ਹੀਦੀ ਦਿਵਸ ਤੇ ਵਿਸ਼ੇਸ਼**

ਸ਼ਹਾਦਤ ਦੇ ਅਸਲ ਮਾਇਨੇ ਜਾਣਨੇ ਹੋਣ ਤਾਂ ਸਿੱਖ ਕੌਮ ਦਾ ਜ਼ਿਕਰ ਕੀਤੇ ਬਿਨ੍ਹਾਂ ਸ਼ਹਾਦਤ ਸ਼ਬਦ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਸਿੱਖ ਇਤਿਹਾਸ ਲਾਸਾਨੀ ਸ਼ਹਾਦਤਾਂ ਨਾਲ ਨੱਕੋ-ਨੱਕ ਭਰਿਆ ਪਿਆ ਹੈ। ਭਾਈ ਤਾਰੂ ਸਿੰਘ ਵੀ ਇਨ੍ਹਾਂ ਸ਼ਹੀਦਾਂ ਦੀ ਮੁੱਢਲੀ ਕਤਾਰ ਵਿਚ ਖੜ੍ਹਾ ਸੁਨਹਿਰੀ ਹੀਰੇ ਵਾਂਗ ਚਮਕ ਰਿਹਾ ਹੈ।ਅਠਾਰ੍ਹਵੀਂ ਸਦੀ ਦੇ ਮਹਾਨ ਸ਼ਹੀਦਾਂ ਵਿਚੋਂ ਇਕ ਹਨ ਭਾਈ ਤਾਰੂ ਸਿੰਘ। ਭਾਈ ਤਾਰੂ ਸਿੰਘ ਜੀ ਦਾ ਜਨਮ 1716 ਨੂੰ ਪਿੰਡ ਪੂਹਲਾ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

1716 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸਹੀਦੀ ਉਪਰੰਤ ਮੁਗਲਾਂ ਵੱਲੋਂ ਸਿੰਘਾਂ ਉੱਤੇ ਬਹੁਤ ਅੱਤਿਆਚਾਰ ਕਰਨੇ ਸ਼ੁਰੂ ਹੋ ਗਏ, ਇੱਥੋਂ ਤੱਕ ਕਿ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣੇ ਵੀ ਆਰੰਭ ਹੋ ਗਏ, ਉਸ ਸਮੇਂ ਲਾਹੌਰ ਦੇ ਗਵਰਨਰ ਜ਼ਕਰੀਆਂ ਖਾਨ ਨੇ ਤਾਂ ਜ਼ੁਲਮ ਦੀ ਹੱਦ ਹੀ ਮੁਕਾਅ ਦਿਤੀ ਸੀ। ਅਜਿਹੇ ਸਮੇਂ ਵਿੱਚ ਸਿੰਘਾਂ ਨੇ ਜੰਗਲਾਂ ਵਿੱਚ ਠਹਿਰਨਣਾ ਠੀਕ ਸਮਝਿਆ ਤਾਂ ਜੋ ਉਹ ਜ਼ੁਲਮੀ ਹਕੂਮਤ ਦਾ ਟਾਕਰਾ ਕਰ ਸਕਣ। ਅਜਿਹੇ ਹਾਲਾਤ ਵਿੱਚ ਭਾਈ ਤਾਰੂ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੇ ਮਿਲ ਕੇ ਸਿੰਘਾਂ ਦੀ ਸੰਭਵ ਸਹਾਇਤਾ, ਲੰਗਰ ਤੇ ਹੋਰ ਜ਼ਰੂਰੀ ਚੀਜਾਂ ਦੀ ਸੇਵਾ ਤਨਦੇਹੀ ਨਾਲ ਨਿਭਾਈ।ਸਿੰਘ ਭਾਈ ਸਾਹਿਬ ਦੇ ਘਰ ਵੀ ਕਈ-ਕਈ ਦਿਨ ਰੁਕ ਜਾਂਦੇ।ਭਾਈ ਤਾਰੂ ਸਿੰਘ ਬੜ੍ਹੇ ਹੀ ਨਿੱਘੇ ਸੁਭਾਅ ਦੇ ਮਾਲਕ ਸਨ ਉਨ੍ਹਾਂ ਦੀ ਪ੍ਰੇਮ ਭਾਵਨਾ ਤੋਂ ਹਿੰਦੂ,ਮੁਸਲਮਾਨ ਚੰਗੀ ਤਰ੍ਹਾਂ ਵਾਕਿਫ ਸਨ।ਉਹ ਖੇਤਬਾੜੀ ਵੀ ਕਰਦੇ ਸਨ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਰਤਨ ਸਿੰਘ ਭੰਗੂ ਲਿਖਦਾ ਹੈ ਕਿ ਨਿਰੰਜਨੀਆਂ ਵਲੋਂ ਭਾਈ ਸਾਹਿਬ ਬਾਰੇ ਨਵਾਬ ਕੋਲ ਚੁਗਲੀਆਂ ਲਗਾਈ ਤੇ ਜ਼ਕਰੀਆਂ ਖਾਨ ਦੇ ਹੁਕਮ ਨਾਲ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ ਜਿੱਥੇ ਭਾਈ ਸਾਹਿਬ ਨੂੰ ਬਹੁਤ ਕਸ਼ਟ ਦਿਤੇ ਗਏ।ਫਿਰ ਇਕ ਦਿਨ ਭਾਈ ਸਾਹਿਬ ਨੂੰ ਨਵਾਬ ਅੱਗੇ ਪੇਸ਼ ਕੀਤਾ ਗਿਆ। ਭਾਈ ਸਾਹਿਬ ਨੇ ਜ਼ਕਰੀਆਂ ਖਾਨ ਅੱਗੇ ਨਿਰਧੜ ਹੋ ਆਖ ਦਿਤਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਵਾਪਾਰ ਦਾ ਟੈਕਸ ਚੰਦਾ ਭਰਦੇ ਹਾਂ ਬਾਕੀ ਜੋ ਨਫਾ ਸਾਨੂੰ ਹੁੰਦਾ ਹੈ ਜਾਂ ਜੋ ਦਾਣਾ ਫੱਕਾ ਸਾਨੂੰ ਬਚ ਜਾਂਦਾ ਹੈ ਉਸ ਅਸੀਂ ਲੋੜਵੰਦਾਂ ਵਿਚ ਵੰਡ ਦਿੰਦੇ ਹਾਂ। ਤਾਂ ਨਵਾਬ ਦਾ ਇਸ ਵਿਚ ਕੀ ਜਾਂਦਾ ਹੈ ?ਜਦੋਂ ਨਵਾਬ ਨੂੰ ਭਾਈ ਸਾਹਿਬ ਦੀਆਂ ਖਰ੍ਹੀਆਂ ਖਰ੍ਹੀਆਂ ਗੱਲਾਂ ਦਾ ਕੋਈ ਜਵਾਬ ਨਾ ਲੱਭਾ ਤਾਂ ਕਿਹਾ ਤੂੰ ਦੋਸ਼ੀ ਹੈ ਤੇਰੀ



ਜਾਨ ਤਾਂ ਹੀ ਬਖਸ਼ੀ ਜਾ ਸਕਦੀ ਹੈ ਜੇ ਤੂੰ ਮੁਸਲਮਾਨ ਬਣ ਜਾਵੇ।ਭਾਈ ਸਾਹਿਬ ਨੂੰ ਸਿੱਖੀ ਤਿਆਗਣ ਲਈ ਬਹੁਤ ਲਾਲਚ ਦਿਤੇ ਗਏ ਭਾਈ ਸਾਹਿਬ ਨੂੰ ਕੋਈ ਲਾਲਚ ਨਾ ਮੋਹ ਸਕਿਆ।

ਭਾਈ ਤਾਰੂ ਸਿੰਘ ਨੇ ਮੁਸਲਮਾਨ ਨਾ ਬਣਨ ਤੇ ਨਾ ਹੀ ਕੇਸ ਕਤਲ ਕਰਵਾਉਣ ਦੀ ਗੱਲ ਮੰਨੀ ਤੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ, ਪਰ ਸਤਿਗੁਰੂ ਦੀ ਦਿੱਤੀ ਪਿਆਰੀ ਪਵਿੱਤਰ ਦਾਤ ਨਹੀਂ ਦੇ ਸਕਦਾ।

ਇਸ ਤੋਂ ਬਾਅਦ ਜਕਰੀਆ ਖਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਹੁਕਮ ਦਿੱਤਾ, ਜਿਸ 'ਤੇ ਭਾਈ ਤਾਰੂ ਸਿੰਘ ਨੂੰ ਜਰਾ ਵੀ ਦੁੱਖ ਨਾ ਹੋਇਆ। ਉਨ੍ਹਾਂ ਨੇ ਆਪਣੀ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾਅ ਕੇ ਮਿਸਾਲ ਕਾਇਮ ਕੀਤੀ। ਜਲਾਦ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਉਤਾਰ ਰਿਹਾ ਸੀ ਤੇ ਆਪ ਗੁਰੂ ਦਾ ਭਾਣਾ ਮੰਨਦੇ ਰਹੇ।ਜਿਸ ਸੰਬੰਧੀ ਪੰਥ ਪ੍ਰਕਾਸ਼ ਵਿਚ ਜ਼ਿਕਰ ਮਿਲਦਾ ਹੈ:

ਜਿਮ ਜਿਮ ਸਿੰਘਨ ਤੁਰਕ ਸਤਾਵੈ।
ਤਿਮ ਤਿਮ ਮੁਖ ਸਿੰਘ ਲਾਲੀ ਆਵੈ।

ਮੰਨਿਆ ਜਾਂਦਾ ਹੈ ਕਿ ਖੋਪਰੀ ਉਤਰ ਜਾਣ ਤੋਂ ਬਾਅਦ ਵੀ ਆਪ 22 ਦਿਨ ਤੱਕ ਜੀਵਤ ਰਹੇ। ਇਸ ਤਰ੍ਹਾਂ ਆਪ ਨੇ 1745 ਈ: ਨੂੰ ਲਾਹੌਰ (ਪਾਕਿਸਤਾਨ) ਵਿਚ ਸਹੀਦੀ ਪ੍ਰਾਪਤ ਕੀਤੀ। ਭਾਈ ਤਾਰੂ ਸਿੰਘ ਜੀ ਦੀ ਅਦੁੱਤੀ ਸਹਾਦਤ ਨੂੰ ਅਸੀਂ ਆਪਣੀ ਨਿੱਤ ਦੀ ਅਰਦਾਸ ਵਿੱਚ ਯਾਦ ਕਰਦੇ ਰਹੇ ਹਾਂ।ਭਾਈ ਸਾਹਿਬ ਦੀ ਇਹ ਕੁਰਬਾਨੀ ਸਦੀਆਂ ਤੱਕ ਨੌਜਵਾਨਾਂ ਦਾ ਮਾਰਗ-ਦਰਸ਼ਨ ਬਣੀ ਰਹੇਗੀ ਅਤੇ ਉਹ ਵੀ ਸਿੱਖੀ ਨੂੰ ਕੇਸਾਂ-ਸਵਾਸਾਂ ਸੰਗ ਨਿਭਾਉਣ ਲਈ ਦ੍ਰਿੜ ਸੰਕਲਪ ਕਰਦੇ ਰਹਿਣਗੇ।ਸਮੁੱਚਾ ਸਿੱਖ ਜਗਤ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ 16 ਜੁਲਾਈ 2017 ਨੂੰ ਸ਼ਰਧਾ-ਸਤਿਕਾਰ ਨਾਲ ਮਨਾ ਰਿਹਾ ਹੈ।

(ਇੰਟਰਨੈਟ)

# ਜਾਣੋ, ਕੀ ਹੈ ਸਾਰਾਗੜ੍ਹੀ ਦਾ ਯੁੱਧ... ?

ਸਾਰਾਗੜ੍ਹੀ ਸਮੁੰਦਰੀ ਤਲ ਤੋਂ 6000 ਫੁੱਟ ਦੀ ਉਚਾਈ 'ਤੇ ਪੈਂਦਾ ਇੱਕ ਪਿੰਡ ਹੈ। ਇਹ ਇਲਾਕਾ ਵਜੀਰਸਤਾਨ ਦਾ ਇਲਾਕਾ ਵੀ ਕਹਾਉਂਦਾ ਹੈ, ਜਿਸ ਦੇ ਪਹਾੜ ਬ੍ਰਿਟਿਸ ਫਰੰਟੀਅਰ ਤੇ ਅਫਗਾਨਿਸਤਾਨ ਦੀ ਵੰਡ ਕਰਦੇ ਸਨ। ਸਾਰਾਗੜ੍ਹੀ ਸਮਾਨਾ ਘਾਟੀ 'ਚ ਕੋਹਾਟ ਜਲ੍ਹਿੇ ਦਾ ਪਿੰਡ ਹੈ, ਜਿਥੋਂ ਕੁਹਾਟ 35 ਮੀਲ ਅਤੇ ਪਿਸਾਵਰ 50 ਕੁ ਮੀਲ ਦੀ ਦੂਰੀ 'ਤੇ ਪੈਂਦਾ ਹੈ। ਇਸ ਚੌਕੀ ਦੀ ਅਹਿਮੀਅਤ ਇਸ ਕਰਕੇ ਵੀ ਜਆਿਦਾ ਹੈ ਕਿ ਲੋਕਹਾਰਟ ਕਿਲ੍ਹਾ ਤੇ ਗੁਲਸਤਾਨ ਕਿਲ੍ਹੇ ਵਿਚਕਾਰ 6 ਕਿਲੋਮੀਟਰ ਦਾ ਫਾਸਲਾ ਹੈ। ਇਨ੍ਹਾਂ ਦੋਵਾਂ ਕਿਲ੍ਹਿਆਂ ਦੇ ਵਿਚਕਾਰ ਨੀਵੇਂ ਇਲਾਕੇ ਵਿੱਚ ਸਾਰਾਗੜ੍ਹੀ ਸਥਿਤ ਹੈ। ਨਿਰੋਲ ਪਹਾੜੀ ਇਲਾਕਾ ਹੈ। ਇਨ੍ਹਾਂ ਦੋਵਾਂ ਕਿਲ੍ਹਿਆਂ ਨੂੰ ਝੰਡੀ ਦਿਖਾਉਣ ਲਈ ਇਸ ਚੌਕੀ ਦੀ ਸਥਾਪਨਾ ਕੀਤੀ ਗਈ ਸੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਤੋਂ ਬਾਅਦ 19ਵੀਂ ਸਦੀ ਦੇ ਅਖੀਰ ਵਿੱਚ ਅੰਗਰੇਜਾਂ ਨੇ ਇਹ ਇਲਾਕਾ ਅੰਗਰੇਜ ਸਾਮਰਾਜ ਅਧੀਨ ਕਰ ਲਿਆ, ਲੇਕਿਨ ਲੜਾਕੇ ਪਠਾਣ ਤੇ ਕਬਾਇਲੀ ਲੋਕਾਂ ਨੇ ਅੰਗਰੇਜਾਂ ਦੀ ਅਧੀਨਗੀ ਨੂੰ ਪ੍ਰਵਾਨ ਕਰਨ ਤੋਂ ਕਿਨਾਰਾ ਕਰ ਲਿਆ ਅਤੇ ਇਹ ਲੋਕ ਅੰਗਰੇਜਾਂ ਖਿਲਾਫ 1896 ਵਿੱਚ ਬਗਾਵਤ ਦਾ ਝੰਡਾ ਚੁੱਕ ਕੇ ਖਲੋ ਗਏ। ਵਪਾਰਕ ਪੱਖ ਤੋਂ ਇਹ ਰਾਹ ਅੰਗਰੇਜਾਂ ਲਈ ਵੀ ਬੜਾ ਮਹੱਤਵ ਰੱਖਦਾ ਸੀ। ਜਦੋਂ ਵੀ ਦਾਅ ਲਗਦਾ, ਪਠਾਣ, ਵਪਾਰੀਆਂ ਅਤੇ ਛੋਟੀਆਂ-ਛੋਟੀਆਂ ਅੰਗਰੇਜ ਫੌਜੀ ਟੁਕੜੀਆਂ ਦਾ ਮਾਲ ਲੁੱਟ ਲੈਂਦੇ। ਕਾਬੁਲ ਨੂੰ ਵਪਾਰ ਕਰਨ ਲਈ ਕੁਰਮ ਘਾਟੀ ਹੁਣ ਖਤਰਿਆਂ ਵਿੱਚ ਘਿਰ ਚੁੱਕੀ ਸੀ। ਸਮਾਨਾ ਚੋਟੀ 'ਤੇ ਅੰਗਰੇਜ 5 ਸਾਲ ਤੋਂ ਕਬਜਾ ਜਮਾਈ ਬੈਠੇ ਸਨ। 31 ਦਸੰਬਰ, 1896 ਨੂੰ ਕੁਹਾਟ ਪਹੁੰਚੀ ਸਿੱਖ ਬਟਾਲੀਅਨ ਨੂੰ ਸਮਾਨਾ ਘਾਟੀ ਦੀ ਉੱਪਰ ਵਾਲੀ ਚੋਟੀ 'ਤੇ ਕਬਜਾ ਕਰਨ ਦਾ ਹੁਕਮ ਸੁਣਾਇਆ ਗਿਆ। ਇਸ ਕਾਰਜ ਲਈ ਬਟਾਲੀਅਨ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ। ਰਾਈਟ ਵਿੰਗ ਦੀ ਕਮਾਂਡ ਲੈਫਟੀਨੈਂਟ ਕਰਨਲ ਮਿਸਟਰ ਹੈਗਟਨ ਨੂੰ ਸੌਂਪੀ ਗਈ, ਜਿਸ ਨੇ 2 ਜਨਵਰੀ, 1897 ਨੂੰ ਲਾਕਹਾਰਟ ਕਿਲ੍ਹੇ 'ਤੇ ਕਬਜਾ ਕਰ ਲਿਆ ਸੀ। ਇਸ ਪਲਟਣ ਦੀਆਂ ਟੁਕੜੀਆਂ ਕਿਲ੍ਹੇ ਦੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਸਾਰਾਗੜ੍ਹੀ, ਦਾਰ, ਸੰਗਰ, ਸਰਟਰੋਪ, ਕੁਰੈਗ ਤੇ ਗੁਲਸਤਾਨ ਵਰਗੀਆਂ ਨਾਜੁਕ ਥਾਂਵਾਂ 'ਤੇ ਤਾਇਨਾਤ ਸਨ। ਉੱਪਰ 8 ਜਨਵਰੀ ਨੂੰ ਲੈਫਟ ਵਿੰਗ ਜੋ ਕਿ ਕੈਪਟਨ ਡਬਲਿਊ. ਵੀ. ਗਾਰਡਨ ਅਧੀਨ ਸੀ, ਨੇ ਪਰਚਿਨਾਰ 'ਤੇ ਕਬਜਾ ਕਰ ਲਿਆ। ਥਲ ਤੇ ਸਾਦਾ ਨਾਮਕ ਚੌਕੀਆਂ 'ਤੇ ਵੀ ਇਸ ਲੈਫਟ ਵਿੰਗ ਦਾ ਹੀ ਕਬਜਾ ਸੀ। ਇਸ ਬਗੈਰ ਕੁਝ ਰਾਖਵੀਂ ਸੈਨਾ ਵੀ ਰੱਖ ਲਈ ਗਈ ਤਾਂ ਕਿ ਲੋੜ ਪੈਣ 'ਤੇ ਇਸ ਦੀ ਵਰਤੋਂ ਕੀਤੀ ਜਾ ਸਕੇ।



